@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪੱਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 26 September 2026

Punjabi National Daily **Qaumi Patrika** **NO.1**

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 26 ਸਤੰਬਰ 2026, 12 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 323, qpatrika@gmail.com ਫੋਨ : 9971359517 www.qaumipatrika.org

ਅੰਤਰਰਾਸ਼ਟਰੀ ਗੀਤਾ ਮਹੋਤਸਵ ਦੀਆਂ ਤਿਆਰੀਆਂ ਨੂੰ ਲੈ ਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਧਾਰਮਿਕ-ਸਮਾਜਿਕ ਸੰਸਥਾਵਾਂ ਨਾਲ ਕੀਤਾ ਮੰਥਨ

ਕੌਮੀ ਪੱਤ੍ਰਿਕਾ
ਸਿੰਮੀ ਕੌਰ ਬੱਬਰ

ਚੰਡੀਗੜ੍ਹ, 25 ਸਤੰਬਰ: ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਗੀਤਾ ਗਿਆਨ ਸੰਸਥਾਨਮ, ਕੁਰੂਕਸ਼ੇਤਰ ਵਿਖੇ ਅੰਤਰਰਾਸ਼ਟਰੀ ਗੀਤਾ ਮਹੋਤਸਵ-2026 ਦੇ ਆਯੋਜਨ ਨੂੰ ਲੈ ਕੇ ਕੁਰੂਕਸ਼ੇਤਰ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਹੋਈ। ਮੀਟਿੰਗ ਵਿੱਚ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਮਹੋਤਸਵ ਦੇ ਆਯੋਜਨ ਨੂੰ ਲੈ ਕੇ ਆਪਣੇ ਸੁਝਾਅ ਅਤੇ ਵਿਚਾਰ ਮੁੱਖ ਮੰਤਰੀ ਦੇ ਸਾਹਮਣੇ ਰੱਖੇ। ਮੁੱਖ ਮੰਤਰੀ ਨੇ ਸਾਰੀਆਂ ਸੰਸਥਾਵਾਂ ਨੂੰ ਮਿਲ ਕੇ ਮਹੋਤਸਵ ਨੂੰ ਸ਼ਾਨਦਾਰ, ਗੌਰਵਮਈ ਅਤੇ ਜਨ-ਭਾਗੀਦਾਰੀ ਨਾਲ ਬਣਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਗੀਤਾ ਸਿਰਫ ਇੱਕ ਧਾਰਮਿਕ ਗ੍ਰੰਥ ਨਹੀਂ, ਸਗੋਂ ਜੀਵਨ ਨੂੰ ਦਿਸ਼ਾ ਦੇਣ ਵਾਲਾ ਸੰਦੇਸ਼ ਹੈ। ਮਹਾਤਮਾ ਗਾਂਧੀ ਦੇ ਗੀਤਾ ਸਬੰਧੀ ਵਿਚਾਰਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਗਾਂਧੀ ਜੀ ਗੀਤਾ ਨੂੰ ਜੀਵਨ ਦੀਆਂ ਔਖੇ ਹਾਲਾਤਾਂ ਅਤੇ ਸੰਘਰਸ਼ਾਂ ਵਿੱਚ ਮਾਰਗਦਰਸ਼ਨ ਅਤੇ ਹੌਸਲਾ ਦੇਣ ਵਾਲਾ ਗ੍ਰੰਥ ਮੰਨਦੇ ਸਨ। ਇਸੇ ਤਰ੍ਹਾਂ ਲੋਕਮਾਨਿਆ ਬਾਲ ਗੰਗਾਧਰ ਤਿਲਕ ਨੇ ਗੀਤਾ ਦੇ ਕਰਮਯੋਗ 'ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਫਰਜ਼ ਪ੍ਰਤੀ ਨਿਸ਼ਠਾ ਅਤੇ ਕਰਮ ਕਰਦੇ ਰਹਿਣ ਦਾ ਸੰਦੇਸ਼ ਦਿੱਤਾ। ਸ਼੍ਰੀ ਅਰਵਿੰਦ ਦੇ ਵਿਚਾਰਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਗੀਤਾ ਦਾ ਸੰਦੇਸ਼ ਜੀਵਨ ਤੋਂ ਮੂੰਹ ਮੋੜਨ ਦਾ ਨਹੀਂ, ਸਗੋਂ ਕਰਮ ਅਤੇ ਅਧਿਆਤਮਿਕ ਚੇਤਨਾ ਰਾਹੀਂ ਜੀਵਨ ਨੂੰ ਬਿਹਤਰ ਦਿਸ਼ਾ ਦੇਣ ਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ

ਅੰਤਰਰਾਸ਼ਟਰੀ ਗੀਤਾ ਮਹੋਤਸਵ ਰਾਹੀਂ ਗੀਤਾ ਦੇ ਇਸੇ ਸੰਦੇਸ਼ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਯਤਨ ਹੋਣਾ ਚਾਹੀਦਾ ਹੈ। ਮਹੋਤਸਵ ਦੀ ਹਰੇਕ ਗਤੀਵਿਧੀ ਵਿੱਚ ਗੀਤਾ ਦਾ ਸੰਦੇਸ਼ ਕੇਂਦਰ ਵਿੱਚ ਰਹੇ ਅਤੇ ਇੱਥੇ ਆਉਣ ਵਾਲਾ ਹਰ ਵਿਅਕਤੀ ਕੁਰੂਕਸ਼ੇਤਰ ਦੀ ਸੰਸਕ੍ਰਿਤੀ ਅਤੇ ਗੀਤਾ ਦੇ ਸੰਦੇਸ਼ ਨੂੰ ਆਪਣੇ ਨਾਲ ਲੈ ਕੇ ਪਰਤੇ। ਮੁੱਖ ਮੰਤਰੀ ਨੇ ਕਿਹਾ ਕਿ ਕੁਰੂਕਸ਼ੇਤਰ ਦਾ ਵਾਤਾਵਰਣ ਗੀਤਾ ਦੀ ਧਰਤੀ ਦੀ ਗਰਿਮਾ ਦੇ ਅਨੁਕੂਲ ਸਾਫ਼, ਸੁੰਦਰ ਅਤੇ ਵਿਵਸਥਿਤ ਰਹੇ, ਇਸ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਉਨ੍ਹਾਂ 'ਸਵੱਛ ਕੁਰੂਕਸ਼ੇਤਰ, ਪਵਿੱਤਰ ਕੁਰੂਕਸ਼ੇਤਰ' ਨੂੰ ਸਾਂਝਾ ਸੰਕਲਪ ਬਣਾਉਣ ਦੀ ਅਪੀਲ ਕੀਤੀ। ਮੰਦਰਾਂ, ਆਸ਼ਰਮਾਂ, ਧਰਮਸ਼ਾਲਾਵਾਂ, ਬਾਜ਼ਾਰਾਂ ਅਤੇ ਜਨਤਕ ਥਾਵਾਂ 'ਤੇ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਪਲਾਸਟਿਕ ਮੁਕਤ ਵਾਤਾਵਰਣ ਬਣਾਉਣ ਵਿੱਚ ਸਹਿਯੋਗ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਅਤੇ ਸੈਲਾਨੀਆਂ ਦਾ ਸਵਾਗਤ 'ਅਤਿਥੀ ਦੇਵੋ ਭਵ' ਦੀ ਭਾਵਨਾ ਨਾਲ ਕੀਤਾ ਜਾਵੇ, ਤਾਂ ਜੋ ਹਰੇਕ ਆਉਣ ਵਾਲੇ ਨੂੰ ਕੁਰੂਕਸ਼ੇਤਰ ਵਿੱਚ ਆਪਣਾਪਣ ਅਤੇ ਸਤਿਕਾਰ ਮਹਿਸੂਸ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਕੁਰੂਕਸ਼ੇਤਰ ਦੇ ਸਾਰੇ ਪ੍ਰਮੁੱਖ ਚੌਂਕਾਂ ਨੂੰ ਮਹਾਭਾਰਤ ਕਾਲੀਨ ਥੀਮ 'ਤੇ ਵਿਕਸਿਤ ਕੀਤਾ ਜਾਵੇਗਾ। ਇਸ ਨਾਲ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਕੁਰੂਕਸ਼ੇਤਰ ਦੀ ਇਤਿਹਾਸਕ ਅਤੇ ਸੱਭਿਆਚਾਰਕ ਪਛਾਣ ਨੂੰ ਦਰਸਾਇਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਯਤਨ ਹੈ ਕਿ ਪੂਰੀ ਕੁਰੂਕਸ਼ੇਤਰ ਨਗਰੀ ਗੀਤਾ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਨਗਰੀ ਦੇ ਭਾਵ ਨੂੰ ਪ੍ਰਗਟ ਕਰੇ। ਮੁੱਖ ਮੰਤਰੀ ਨੇ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਨੂੰ ਆਪਣੇ-ਆਪਣੇ ਪੱਧਰ 'ਤੇ ਮਹੋਤਸਵ ਦੀਆਂ ਤਿਆਰੀਆਂ ਵਿੱਚ ਸਹਿਯੋਗ ਕਰਨ ਅਤੇ ਆਪਣੇ ਸੁਝਾਅ ਪ੍ਰਸ਼ਾਸਨ ਨਾਲ ਸਾਂਝੇ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸੰਸਥਾਵਾਂ ਅਤੇ ਨਾਗਰਿਕਾਂ ਦੀ ਸਾਂਝੇਦਾਰੀ ਨਾਲ ਹੀ ਮਹੋਤਸਵ ਨੂੰ ਵਿਆਪਕ ਜਨ-ਭਾਗੀਦਾਰੀ ਦਾ ਰੂਪ ਦਿੱਤਾ ਜਾ ਸਕਦਾ ਹੈ। ਇਸ ਮੌਕੇ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ ਨੇ ਕਿਹਾ ਕਿ ਸਾਰੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਸਦਭਾਵਨਾ ਨਾਲ ਅੰਤਰਰਾਸ਼ਟਰੀ ਗੀਤਾ ਮਹੋਤਸਵ ਨਾਲ ਜੁੜਨ। ਇਸ ਨਾਲ ਤੀਰਥ, ਕੁਰੂਕਸ਼ੇਤਰ ਅਤੇ ਸਾਡੇ ਸਾਰਿਆਂ ਦਾ ਮਾਣ ਵਧੇਗਾ। ਉਨ੍ਹਾਂ ਕਿਹਾ ਕਿ ਸਫ਼ਾਈ ਅਭਿਆਨ ਵਿੱਚ ਪ੍ਰਸ਼ਾਸਨ ਦੇ ਨਾਲ-ਨਾਲ ਸਾਰੀਆਂ ਸੰਸਥਾਵਾਂ ਨੂੰ ਵੀ ਅੱਗੇ ਆ ਕੇ ਆਪਣਾ ਯੋਗਦਾਨ ਦੇਣਾ ਚਾਹੀਦਾ ਹੈ। ਉਨ੍ਹਾਂ ਹਰੇਕ ਵਿਅਕਤੀ ਅਤੇ ਸੰਸਥਾ ਨੂੰ ਅਪੀਲ ਕੀਤੀ ਕਿ '18 ਮਿੰਟ ਗੀਤਾ ਦੇ ਨਾਮ' ਪਹਿਲਕਦਮੀ ਨਾਲ ਜੁੜਨ। ਉਨ੍ਹਾਂ ਕਿਹਾ ਕਿ ਗੀਤਾ ਪ੍ਰਤੀ ਜਾਗਰੂਕਤਾ ਦਾ ਸੰਦੇਸ਼ ਉਦੋਂ ਹੀ ਸਾਰਥਕ ਹੋਵੇਗਾ

ਮਮਤਾ ਦੇ ਉਮੀਦਵਾਰ ਨੇ ਫ਼ਿਰ ਮਾਰੀ ਪਲਟੀ !

ਕੌਮੀ ਪੱਤ੍ਰਿਕਾ

ਨੈਸ਼ਨਲ ਡੈਸਕ 25 ਸਤੰਬਰ। ਪੱਛਮੀ ਬੰਗਾਲ ਵਿਧਾਨ ਸਭਾ ਦੀ ਰੇਜੀਨਗਰ ਸੀਟ 'ਤੇ 6 ਅਕਤੂਬਰ ਨੂੰ ਹੋਣ ਵਾਲੀ ਜ਼ਿਮਨੀ ਚੋਣ 'ਚ 'ਮਮਤਾ ਆਲ ਇੰਡੀਆ ਤ੍ਰਿਣਮੂਲ ਕਾਂਗਰਸ' ਦੇ ਉਮੀਦਵਾਰ ਰਬੀਉਲ ਆਲਮ ਚੌਧਰੀ ਨੇ ਇਕ ਨਾਟਕੀ ਘਟਨਾਚੱਕਰ 'ਚ ਚੋਣ ਮੈਦਾਨ ਤੋਂ ਹਟਣ ਦਾ ਐਲਾਨ ਕੀਤਾ ਪਰ ਕੁਝ ਘੰਟਿਆਂ ਤੋਂ ਬਾਅਦ ਹੀ ਕਿਹਾ ਕਿ ਪਾਰਟੀ ਮੁਖੀ ਦੀ ਇੱਛਾ ਅਨੁਸਾਰ ਉਨ੍ਹਾਂ ਨੇ ਆਪਣਾ ਫੈਸਲਾ ਵਾਪਸ ਲੈ ਲਿਆ ਹੈ। ਇਹ ਘਟਨਾਚੱਕਰ ਨੰਦੀਗ੍ਰਾਮ ਜ਼ਿਮਨੀ ਚੋਣ 'ਚ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਪਾਰਟੀ ਦੀ ਉਮੀਦਵਾਰ ਸੰਚਿਤਾ ਪ੍ਰਧਾਨ ਡੇਅ ਅਤੇ ਮੁੱਖ ਮੰਤਰੀ ਸ਼ੁਭੇਂਦੂ ਅਧਿਕਾਰੀ ਦੀ ਬੈਠਕ ਤੋਂ ਬਾਅਦ ਡੇਅ ਵੱਲੋਂ ਆਪਣੀ ਉਮੀਦਵਾਰੀ ਵਾਪਸ ਲੈਣ ਦੇ ਐਲਾਨ ਤੋਂ ਇਕ ਦਿਨ ਬਾਅਦ ਸਾਹਮਣੇ ਆਇਆ। ਤ੍ਰਿਣਮੂਲ ਕਾਂਗਰਸ ਦੇ ਸਾਬਕਾ ਵਿਧਾਇਕ ਚੌਧਰੀ ਨੇ ਮੁਰਸ਼ਿਦਾਬਾਦ ਸਥਿਤ ਆਪਣੇ ਘਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਜ਼ਮੀਨੀ ਪੱਧਰ ਦੇ ਉਨ੍ਹਾਂ ਵਰਕਰਾਂ ਨੂੰ ਪ੍ਰੇਰਿਤ ਕਰਨਾ ਮੇਰੇ ਲਈ ਮੁਸ਼ਕਲ ਹੁੰਦਾ ਜਾ ਰਿਹਾ ਹੈ, ਜਿਨ੍ਹਾਂ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਨਾਲ



ਹੀ, ਇੰਨੇ ਘੱਟ ਸਮੇਂ 'ਚ ਵੋਟਰਾਂ ਨੂੰ ਨਵੇਂ 'ਫੁੱਟਬਾਲਰ' ਚੋਣ ਨਿਸ਼ਾਨ ਤੋਂ ਜਾਣੂ ਕਰਵਾਉਣਾ ਵੀ ਮੁਸ਼ਕਲ ਕੰਮ ਹੈ। ਮੌਜੂਦਾ ਹਾਲਾਤ ਦੇ ਮੱਦੇਨਜ਼ਰ ਮੈਂ ਕੱਲ ਰਾਤ ਮਮਤਾ ਦੀਦੀ ਨੂੰ ਆਪਣੇ ਫੈਸਲੇ (ਚੋਣ ਨਾ ਲੜਨ) ਬਾਰੇ ਦੱਸ ਦਿੱਤਾ ਸੀ... ਵੇਖਦੇ ਹਾਂ ਕੀ ਹੁੰਦਾ ਹੈ।" ਹਾਲਾਂਕਿ ਡੇਢ ਘੰਟੇ ਬਾਅਦ ਹੀ ਤਸਵੀਰ ਪੂਰੀ ਤਰ੍ਹਾਂ ਬਦਲ ਗਈ। ਚੌਧਰੀ ਨੇ ਅਚਾਨਕ ਬੁਲਾਈ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਮੀਦਵਾਰੀ ਵਾਪਸ ਲੈਣ ਦੇ ਆਪਣੇ ਸ਼ੁਰੂਆਤੀ ਫੈਸਲੇ ਦੇ ਐਲਾਨ ਤੋਂ ਬਾਅਦ ਪਾਰਟੀ ਦੀ ਚੋਟੀ ਦੀ ਲੀਡਰਸ਼ਿਪ ਅਤੇ ਖੁਦ ਮਮਤਾ ਬੈਨਰਜੀ ਨੇ ਉਨ੍ਹਾਂ ਨਾਲ ਗੱਲ ਕੀਤੀ, ਜਿਸ ਦੇ ਆਧਾਰ 'ਤੇ ਉਨ੍ਹਾਂ ਨੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕੀਤਾ ਅਤੇ ਉਸ ਨੂੰ ਵਾਪਸ ਲੈ ਲਿਆ। ਚੌਧਰੀ ਨੇ ਕਿਹਾ, "ਮੈਂ ਜ਼ਿਮਨੀ ਚੋਣ ਲੜਾਂਗਾ। ਅਸੀਂ ਦੀਦੀ ਦੀ ਪਾਰਟੀ 'ਚ ਹਾਂ ਅਤੇ ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਕੁਝ ਨਹੀਂ ਕਰ ਸਕਦੇ। ਇਸ ਲਈ ਦੀਦੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਮੈਂ ਆਪਣੀ ਦਾਅਵੇਦਾਰੀ 'ਤੇ ਕਾਇਮ ਹਾਂ।"

ਰਾਹੁਲ ਨੂੰ ਪਾਰਟੀ ਛੱਡ ਕੇ 'ਸਟੈਂਡ-ਅੱਪ ਕਾਮੇਡੀਅਨ' ਬਣ ਜਾਣਾ ਚਾਹੀਦਾ ਹੈ : ਮੁੱਖ ਮੰਤਰੀ ਫੜਨਵੀਸ

ਕੌਮੀ ਪੱਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਾਗਪੁਰ 25 ਸਤੰਬਰ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਐਤਵਾਰ ਨੂੰ ਰਾਹੁਲ ਗਾਂਧੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਕਾਂਗਰਸ ਨੇਤਾ ਨੂੰ ਪਾਰਟੀ ਛੱਡ ਕੇ ਸਟੈਂਡ-ਅੱਪ ਕਾਮੇਡੀਅਨ ਬਣ ਜਾਣਾ ਚਾਹੀਦਾ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਰਾਹੁਲ ਗਾਂਧੀ ਨੇ ਇਕ ਦਿਨ ਪਹਿਲਾਂ ਇੰਦੌਰ 'ਚ ਆਯੋਜਿਤ ਵਿਦਿਆਰਥੀਆਂ ਦੀ ਗੂੰਜ ਪ੍ਰੋਗਰਾਮ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਥਿਤ ਤੌਰ 'ਤੇ ਮਜ਼ਾਕ ਉਡਾਇਆ ਸੀ, ਤਾਂ ਫੜਨਵੀਸ ਨੇ ਕਿਹਾ,ਜਿਸ ਤਰ੍ਹਾਂ ਰਾਹੁਲ ਗਾਂਧੀ ਨਕਲ ਕਰ ਰਹੇ ਹਨ, ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਪਾਰਟੀ ਛੱਡ ਕੇ ਸਟੈਂਡ-ਅੱਪ ਕਾਮੇਡੀਅਨ ਬਣ ਜਾਣਾ ਚਾਹੀਦਾ ਹੈ।" ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੇ ਕਾਰਨ, ਕਾਂਗਰਸ ਬੇਰੁਜ਼ਗਾਰ ਹੋ ਗਈ ਹੈ, ਇਸ ਲਈ ਜੇਕਰ ਉਹ ਕਾਮੇਡੀਅਨ ਬਣਨਾ ਚੁਣਦੇ ਹਨ, ਤਾਂ ਉਨ੍ਹਾਂ ਨੂੰ ਘੱਟੋ-ਘੱਟ ਕੁਝ ਕੰਮ ਮਿਲ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਕੁਝ ਲੋਕ ਖਾਸ UPI ਲੈਣ-ਦੇਣ 'ਤੇ ਚਾਰਜ ਲਗਾਉਣ ਬਾਰੇ ਗਲਤ ਜਾਣਕਾਰੀ

ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੁੰਬਈ ਦੇ ਪੈਟਰੋਲ ਪੰਪ ਆਪਰੇਟਰਾਂ ਨੇ ਕਥਿਤ ਤੌਰ 'ਤੇ ਧਮਕੀ ਦਿੱਤੀ ਹੈ ਕਿ ਜੇਕਰ ਸਰਕਾਰ ਸੋਧੇ ਹੋਏ 'ਮਰਚੈਂਟ ਡਿਸਕਾਊਂਟ ਰੇਟ' ਨੂੰ ਵਾਪਸ ਨਹੀਂ ਲੈਂਦੀ ਹੈ ਤਾਂ ਉਹ 15 ਅਕਤੂਬਰ ਤੋਂ 2,000 ਰੁਪਏ ਤੋਂ ਵੱਧ ਦੇ UPI ਭੁਗਤਾਨ ਸਵੀਕਾਰ ਕਰਨਾ ਬੰਦ ਕਰ ਦੇਣਗੇ। ਇਸ ਮੰਗ ਬਾਰੇ ਪੁੱਛੇ ਜਾਣ 'ਤੇ ਫੜਨਵੀਸ ਨੇ ਕਿਹਾ ਕਿ ਅਜਿਹਾ ਰੁਖ਼ ਉਚਿਤ ਨਹੀਂ ਹੈ ਕਿਉਂਕਿ UPI ਨੇ ਆਪਣੇ ਕਾਰੋਬਾਰ ਦਾ ਵਿਸਥਾਰ ਕੀਤਾ ਹੈ। ਉਨ੍ਹਾਂ ਕਿਹਾ,ਪੈਟਰੋਲ ਪੰਪਾਂ 'ਤੇ ਲੈਣ-ਦੇਣ ਹੁਣ ਪਾਰਦਰਸ਼ੀ ਹੋ ਗਿਆ ਹੈ ਅਤੇ ਲੋਕ UPI ਦੀ ਵਿਆਪਕ ਵਰਤੋਂ ਕਰ ਰਹੇ ਹਨ। ਬਹੁਤ ਹੀ ਮਾਮੂਲੀ ਫੀਸ ਲਗਾਈ ਗਈ ਹੈ। ਫੜਨਵੀਸ ਨੇ ਕਿਹਾ ਕਿ ਐੱਮਡੀਆਰ ਦੀ ਸਿਫ਼ਾਰਸ਼ ਕਰਨ ਵਾਲੀ ਸੰਸਦੀ ਕਮੇਟੀ 'ਚ ਸਾਬਕਾ ਵਿੱਤ ਮੰਤਰੀ ਪੀ. ਚਿਦਾਂਬਰਮ ਅਤੇ ਤਿੰਨ ਹੋਰ ਸੀਨੀਅਰ ਕਾਂਗਰਸੀ ਆਗੂ ਸ਼ਾਮਲ ਸਨ। ਉਨ੍ਹਾਂ ਕਿਹਾ,ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਫੀਸ ਸਾਰੇ ਲੈਣ-ਦੇਣ 'ਤੇ ਲਾਗੂ ਨਹੀਂ ਹੋਵੇਗੀ, ਸਗੋਂ ਸਿਰਫ਼ ਕੁਝ ਖਾਸ ਲੈਣ-ਦੇਣ 'ਤੇ ਲਾਗੂ ਹੋਵੇਗੀ। ਪਰ ਇਸ ਬਾਰੇ ਗਲਤ ਜਾਣਕਾਰੀ ਫੈਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ, ਮੇਰਾ ਮੰਨਣਾ ਹੈ ਕਿ ਸਾਰਿਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਯੂਪੀਆਈ ਅਤੇ ਡਿਜੀਟਲ ਲੈਣ-ਦੇਣ ਨੇ ਵਪਾਰ ਨੂੰ ਉਤਸ਼ਾਹਿਤ ਕਰਨ ਅਤੇ ਭ੍ਰਿਸ਼ਟਾਚਾਰ ਨੂੰ ਘਟਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਲਾਗਤਾਂ ਨੂੰ ਪੂਰਾ ਕਰਨ ਲਈ ਬਹੁਤ ਹੀ ਮਾਮੂਲੀ ਫੀਸ ਲਗਾਉਣਾ ਉਚਿਤ ਹੈ ਅਤੇ ਪੈਟਰੋਲ ਪੰਪ ਮਾਲਕਾਂ ਅਤੇ ਵਪਾਰੀਆਂ ਨੂੰ ਇਸ ਦਾ ਵਿਰੋਧ ਨਹੀਂ ਕਰਨਾ ਚਾਹੀਦਾ।

ਲਾਲਕ੍ਰਿਸ਼ਨ ਅਡਵਾਨੀ ਤੇ ਐੱਸ. ਜੈਸ਼ੰਕਰ ਨੂੰ ਵੀ ਐੱਸ. ਆਈ. ਆਰ. ਦੇ ਨੋਟਿਸ

ਨਵੀਂ ਦਿੱਲੀ, 25 ਸਤੰਬਰ। ਵੋਟਰ ਸੂਚੀ ਲਈ ਐੱਸ. ਆਈ. ਆਰ. ਦੀ ਪ੍ਰਕਿਰਿਆ ਦੌਰਾਨ ਜਾਰੀ ਨੋਟਿਸਾਂ ਦੀ ਸੂਚੀ 'ਚ ਕਈ ਵੱਡੇ ਨਾਂ ਵੀ ਸਾਹਮਣੇ ਆਏ ਹਨ। ਇਨ੍ਹਾਂ 'ਚ ਭਾਜਪਾ ਦੇ ਸੀਨੀਅਰ ਨੇਤਾ ਤੇ ਸਾਬਕਾ ਉਪ ਪ੍ਰਧਾਨ ਮੰਤਰੀ ਲਾਲਕ੍ਰਿਸ਼ਨ ਅਡਵਾਨੀ, ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਚੋਣ ਕਮਿਸ਼ਨਰ ਐੱਸ. ਐੱਸ. ਸੰਧੂ ਦੇ ਨਾਂ ਵੀ ਸ਼ਾਮਲ ਹਨ। ਇਕ ਰਿਪੋਰਟ ਮੁਤਾਬਕ, ਲਿਸਟ 'ਚ ਕਾਂਗਰਸ ਦੇ ਸੀਨੀਅਰ



ਨੇਤਾ ਤੇ ਸੰਸਦ ਮੈਂਬਰ ਕਪਿਲ ਸਿੱਬਲ, ਕਾਂਗਰਸ ਨੇਤਾ ਅਭਿਸ਼ੇਕ ਮਨੂੰ ਸਿੰਘਵੀ ਅਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਦੇ ਵੀ ਨਾਂ ਹਨ। ਇਨ੍ਹਾਂ ਲੋਕਾਂ ਨੂੰ ਵੱਖ-ਵੱਖ ਮਾਮਲਿਆਂ 'ਚ ਵੋਟਰ ਸੂਚੀ ਨਾਲ ਜੁੜੇ ਰਿਕਾਰਡ ਦੀ ਤਸਦੀਕ ਲਈ ਨੋਟਿਸ ਭੇਜਿਆ ਗਿਆ ਹੈ। ਨੋਟਿਸ ਮੁਤਾਬਕ, ਐੱਸ. ਐੱਸ. ਸੰਧੂ ਦੇ ਮਾਮਲੇ 'ਚ ਵੋਟਰ ਰਿਕਾਰਡ 'ਚ ਉਨ੍ਹਾਂ ਦੇ ਨਾਂ ਦੇ ਸਪੈਲਿੰਗ 'ਚ ਫਰਕ ਪਾਇਆ ਗਿਆ। ਵਿਦੇਸ਼ ਮੰਤਰੀ ਜੈਸ਼ੰਕਰ ਤੇ ਉਨ੍ਹਾਂ ਦੀ ਪਤਨੀ ਕੇ. ਐੱਸ. ਜੈਸ਼ੰਕਰ ਦੇ ਨਾਂ ਵੀ ਨੋਟਿਸ ਲਿਸਟ 'ਚ ਹਨ। ਕਪਿਲ ਸਿੱਬਲ ਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਦੇ ਨਾਂ ਪਿਛਲੇ ਐੱਸ. ਆਈ. ਆਰ. ਦੇ ਰਿਕਾਰਡ ਨਾਲ ਮੇਲ ਨਹੀਂ ਖਾ ਰਹੇ। ਇਸ ਕਾਰਨ ਉਨ੍ਹਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਇਸ ਸੂਚੀ 'ਚ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਉਨ੍ਹਾਂ ਦੇ ਪਰਿਵਾਰ ਦੇ ਕੁਝ ਮੈਂਬਰਾਂ ਦੇ ਨਾਂ ਵੀ ਹਨ। ਲਾਲਕ੍ਰਿਸ਼ਨ ਅਡਵਾਨੀ ਦੀ ਧੀ ਪ੍ਰਤਿਭਾ ਅਡਵਾਨੀ ਦਾ ਨਾਂ ਵੀ ਲਿਸਟ 'ਚ ਦਰਜ ਹੈ।

ਸੀ. ਬੀ. ਐੱਸ. ਈ. ਦੀ 3 ਭਾਸ਼ਾਈ ਨੀਤੀ ਅਗਲੇ ਵਿੱਦਿਅਕ ਸੈਸ਼ਨ ਤੋਂ ਲਾਗੂ ਕਰਨ 'ਤੇ ਹੋਵੇ ਵਿਚਾਰ'; ਸੁਪਰੀਮ ਕੋਰਟ

ਨਵੀਂ ਦਿੱਲੀ 25 ਸਤੰਬਰ। ਸੁਪਰੀਮ ਕੋਰਟ ਨੇ ਸੀ. ਬੀ. ਐੱਸ. ਈ. ਨੂੰ 2027 ਤੋਂ ਸ਼ੁਰੂ ਹੋਣ ਵਾਲੇ ਅਗਲੇ ਵਿੱਦਿਅਕ ਸੈਸ਼ਨ ਤੋਂ ਜਮਾਤ 6ਵੀਂ ਦੇ ਵਿਦਿਆਰਥੀਆਂ ਲਈ 2 ਭਾਰਤੀ ਭਾਸ਼ਾਵਾਂ ਸਮੇਤ 3 ਭਾਸ਼ਾਵਾਂ ਦਾ ਅਧਿਐਨ ਲਾਜ਼ਮੀ ਕਰਨ ਦੀ ਨੀਤੀ ਲਾਗੂ ਕਰਨ 'ਤੇ ਵਿਚਾਰ ਕਰਨ ਲਈ ਕਿਹਾ। ਸੀ. ਬੀ. ਐੱਸ. ਈ. ਵੱਲੋਂ ਪੇਸ਼ ਵਧੀਕ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਨੇ ਚੀਫ ਜਸਟਿਸ ਸੂਰਿਆਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੀ ਬੈਂਚ ਨੂੰ ਦੱਸਿਆ ਕਿ ਬੋਰਡ ਇਸ ਸੁਝਾਅ 'ਤੇ ਵਿਚਾਰ ਕਰੇਗਾ।

ਜਸਟਿਸ ਬਾਗਚੀ ਨੇ ਸ਼ੁਰੂਆਤ 'ਚ ਕਿਹਾ ਕਿ ਬੱਚਿਆਂ ਨੂੰ ਰਾਹਤ ਦੇਣ ਲਈ ਸੀ. ਬੀ. ਐੱਸ. ਈ. ਨੂੰ ਅਗਲੇ ਵਿੱਦਿਅਕ ਸੈਸ਼ਨ ਤੋਂ 3 ਭਾਸ਼ਾ ਨੀਤੀ ਲਾਗੂ ਕਰਨ ਨੂੰ ਟਾਲਣ 'ਤੇ ਵਿਚਾਰ ਕਰਨਾ ਚਾਹੀਦਾ ਹੈ। ਜਸਟਿਸ ਬਾਗਚੀ ਨੇ ਕਿਹਾ ਕਿ ਜੇ ਮੌਜੂਦਾ ਸਮੇਂ 'ਚ ਜਮਾਤ ਛੇਵੀਂ 'ਚ ਪੜ੍ਹ ਰਹੇ ਵਿਦਿਆਰਥੀ ਇਸ ਸਾਲ ਤੋਂ 3 ਭਾਸ਼ਾਵਾਂ ਦਾ ਅਧਿਐਨ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇਸ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਭਾਟੀ ਨੇ ਕਿਹਾ ਕਿ ਸੀ. ਬੀ. ਐੱਸ. ਈ. ਇਸ ਸੁਝਾਅ 'ਤੇ ਵਿਚਾਰ ਕਰੇਗਾ ਅਤੇ ਇਸ ਮੁੱਦੇ 'ਤੇ ਨਵਾਂ ਨੋਟ ਪੇਸ਼ ਕਰੇਗਾ। ਬੈਂਚ ਨੇ ਕਿਹਾ ਕਿ ਉਸ ਦੇ ਸੁਝਾਅ ਧਿਰਾਂ ਦੇ ਅਧਿਕਾਰਾਂ ਤੇ ਦਾਅਵਿਆਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਦਿੱਤੇ ਗਏ ਹਨ ਅਤੇ ਅਸਲ ਮੁੱਦਿਆਂ 'ਤੇ ਬਾਅਦ 'ਚ ਫ਼ੈਸਲਾ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ ਕੇਂਦਰ ਅਤੇ ਸੀ. ਬੀ. ਐੱਸ. ਈ. ਨੇ ਬੈਂਚ ਨੂੰ ਦੱਸਿਆ ਸੀ ਕਿ ਉਹ ਜਮਾਤ 6ਵੀਂ ਦੇ ਵਿਦਿਆਰਥੀਆਂ ਲਈ 2 ਭਾਰਤੀ ਭਾਸ਼ਾਵਾਂ ਸਮੇਤ ਤਿੰਨ ਭਾਸ਼ਾਵਾਂ ਦੇ ਅਧਿਐਨ ਨੂੰ ਲਾਜ਼ਮੀ ਕਰਨ ਵਾਲੀ ਨੀਤੀ ਲਾਗੂ ਕਰਨ ਦੇ ਸਬੰਧ 'ਚ ਉਸ ਦੇ ਸੁਝਾਵਾਂ 'ਤੇ ਕੰਮ ਕਰ ਰਹੇ ਹਨ।

ਪਤੀ ਨਾਲ ਝਗੜੇ ਮਗਰੋਂ ਔਰਤ ਨੇ ਖੂਹ 'ਚ ਸੁੱਟੇ 2 ਬੱਚੇ, ਇਕ ਦੀ ਹੋਈ ਮੌਤ

ਮੰਗਲੁਰੂ 25 ਸਤੰਬਰ। ਦੱਖਣੀ ਕੰਨੜ ਜ਼ਿਲ੍ਹੇ 'ਚ 28 ਸਾਲਾ ਇਕ ਔਰਤ ਨੂੰ ਵਿਆਹਿਕ ਵਿਵਾਦ ਤੋਂ ਬਾਅਦ ਆਪਣੇ ਸਾਢੇ ਤਿੰਨ ਦੇ ਬੇਟੇ ਅਤੇ ਆਪਣੀ ਨਨਾਣ ਦੇ ਤਿੰਨ ਸਾਲ ਦੇ ਬੇਟੇ ਨੂੰ ਖੂਹ 'ਚ ਸੁੱਟਣ ਦੇ ਦੋਸ਼ 'ਚ ਹਿਰਾਸਤ 'ਚ ਲਿਆ ਗਿਆ ਹੈ। ਪੁਲਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਨੁਸਾਰ, ਘਟਨਾ 19 ਸਤੰਬਰ ਦੀ ਦੁਪਹਿਰ ਪੇਰਨੇ ਪਿੰਡ 'ਚ ਵਾਪਰੀ। ਔਰਤ ਨੂਰੁਨਿਸਾ ਦਾ ਫੋਨ 'ਤੇ ਹੋਈ ਗੱਲਬਾਤ 'ਚ ਆਪਣੇ ਪਤੀ ਨਾਲ ਝਗੜਾ ਹੋ ਗਿਆ ਸੀ। ਪੁਲਸ ਨੇ ਦੱਸਿਆ ਕਿ ਵਿਵਾਦ ਤੋਂ ਬਾਅਦ ਨੂਰੁਨਿਸਾ ਨੇ ਆਪਣੇ ਘਰ ਕੋਲ ਸਥਿਤ ਇਕ ਖੂਹ 'ਚ ਦੋਵੇਂ ਬੱਚਿਆਂ ਨੂੰ ਸੁੱਟ ਦਿੱਤਾ। ਸਥਾਨਕ ਲੋਕਾਂ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਦੋਵਾਂ ਬੱਚਿਆਂ ਨੂੰ ਖੂਹ 'ਚੋਂ ਬਾਹਰ ਕੱਢਿਆ। ਹਾਲਾਂਕਿ ਪੁਲਸ ਅਨੁਸਾਰ ਨਨਾਣ ਦੇ ਬੇਟੇ ਦੀ ਮੌਤ ਹੋ ਗਈ, ਜਦੋਂ ਕਿ ਨੂਰੁਨਿਸਾ ਦੇ ਬੇਟੇ ਨੂੰ ਇਲਾਜ ਲਈ ਮੰਗਲੁਰੂ ਦੇ ਇਕ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ।

ਭਾਰਤ ਨੂੰ ਸਾਈਬਰ ਖਤਰਿਆਂ ਤੋਂ ਚੌਕਸ ਰਹਿਣ ਦੀ ਲੋੜ: ਅਸ਼ਵਨੀ ਵੈਸ਼ਨਵ

ਕੌਮੀ ਪੱਤ੍ਰਿਕਾ

ਨਵੀਂ ਦਿੱਲੀ 25 ਸਤੰਬਰ। ਭਾਰਤ ਦੀ ਵਧਦੀ ਸੈਮੀਕੰਡਕਟਰ ਸਮਰੱਥਾ ਨੂੰ ਗਲੋਬਲ ਚਿੱਪ ਸਪਲਾਈ ਚੇਨ 'ਚ ਸਥਾਪਤ ਕੁਝ ਹਿੱਤਧਾਰਕ 'ਖਤਰੇ' ਵਜੋਂ ਦੇਖ ਸਕਦੇ ਹਨ। ਅਜਿਹੇ 'ਚ ਭਾਰਤ ਨੂੰ ਸੰਭਾਵੀ ਸਾਈਬਰ ਹਮਲਿਆਂ, ਭੂ-ਸਿਆਸੀ ਜ਼ੋਖਮਾਂ ਅਤੇ ਹੋਰ ਰੁਕਾਵਟਾਂ ਨਾਲ ਨਜਿੱਠਣ ਲਈ ਚੌਕਸ ਰਹਿਣਾ ਹੋਵੇਗਾ। ਕੇਂਦਰੀ ਇਲੈਕਟ?ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਇਹ ਚਿਤਾਵਨੀ ਦਿੱਤੀ ਹੈ। ਵੈਸ਼ਨਵ ਨੇ ਇਕ ਇੰਟਰਵਿਊ 'ਚ ਕਿਹਾ ਕਿ ਭਾਰਤ ਹੁਣ ਅਜਿਹੇ ਦੇਸ਼ ਵਜੋਂ ਉੱਭਰ ਰਿਹਾ ਹੈ, ਜੋ ਸੈਮੀਕੰਡਕਟਰ ਦੇ ਡਿਜ਼ਾਈਨ ਅਤੇ ਨਿਰਮਾਣ-ਦੋਵਾਂ ਖੇਤਰਾਂ 'ਚ ਆਪਣੀ

ਸਮਰੱਥਾ ਵਿਕਸਿਤ ਕਰ ਰਿਹਾ ਹੈ। ਅਜਿਹੇ 'ਚ ਗਲੋਬਲ ਚਿੱਪ ਉਦਯੋਗ 'ਚ ਪਹਿਲਾਂ ਤੋਂ ਮਜ਼ਬੂਤ ਸਥਿਤੀ ਰੱਖਣ ਵਾਲੇ ਕੁਝ ਦੇਸ਼ਾਂ ਅਤੇ ਕੰਪਨੀਆਂ ਦੇ ਹਿੱਤ ਪ੍ਰਭਾਵਿਤ ਹੋ ਸਕਦੇ ਹਨ। ਵੈਸ਼ਨਵ ਨੇ ਦੱਸਿਆ ਕਿ ਉਨ੍ਹਾਂ ਨੇ ਸੈਮੀਕੰਡਕਟਰ ਉਦਯੋਗ ਨੂੰ ਸਪੱਸ਼ਟ ਤੌਰ 'ਤੇ ਸੰਭਾਵੀ ਖਤਰਿਆਂ ਲਈ ਤਿਆਰ ਰਹਿਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕੰਪਨੀਆਂ ਨੂੰ ਸਾਈਬਰ ਹਮਲਿਆਂ ਦੇ ਨਾਲ-ਨਾਲ ਹੋਰ ਕਿਸਮ ਦੀਆਂ ਰੁਕਾਵਟਾਂ ਅਤੇ ਜੋਖਮਾਂ ਲਈ ਵੀ ਆਪਣੀਆਂ ਤਿਆਰੀਆਂ ਮਜ਼ਬੂਤ ਕਰਨੀਆਂ ਚਾਹੀਦੀਆਂ ਹਨ। ਵੈਸ਼ਨਵ ਨੇ ਕਿਹਾ ਕਿ ਭਾਰਤ ਸਰਕਾਰ ਸੈਮੀਕੰਡਕਟਰ ਖੇਤਰ 'ਚ ਆਪਣੀ ਮੌਜੂਦਗੀ ਨੂੰ ਕੇਵਲ ਚਿੱਪ ਅਸੈਂਬਲੀ ਅਤੇ ਪ੍ਰੀਖਣ ਤੱਕ ਸੀਮਿਤ ਨਹੀਂ ਰੱਖਣਾ ਚਾਹੁੰਦੀ। ਸਰਕਾਰ ਦਾ ਮਕਸਦ ਚਿੱਪ ਡਿਜ਼ਾਈਨ, ਨਿਰਮਾਣ, ਉਪਕਰਨ, ਸਮੱਗਰੀ, ਉੱਨਤ ਪੈਕੇਜਿੰਗ, ਖੋਜ ਅਤੇ ਵਿਕਾਸ ਸਮੇਤ ਪੂਰੇ ਸੈਮੀਕੰਡਕਟਰ ਈਕੋਸਿਸਟਮ ਨੂੰ ਵਿਕਸਿਤ ਕਰਨਾ ਹੈ।

ਭਾਰਤ ਸਰਕਾਰ ਨੇ ਵਰ੍ਹੇ 2029 ਤੱਕ ਨਸ਼ਾ ਮੁਕਤ ਭਾਰਤ ਬਣਾਉਣ ਦੇ ਲਈ ਰੋਡਮੈਪ ਕੀਤਾ ਤਿਆਰ

ਕੌਮੀ ਪੱਤ੍ਰਿਕਾ
ਤੇਜਿੰਦਰ ਕੌਰ ਬੱਬਰ

ਸ਼ਿਮਲਾ 25 ਸਤੰਬਰ। ਕੇਂਦਰ ਸਰਕਾਰ ਨੇ ਸਾਲ 2029 ਤੱਕ ਨਸ਼ਾ ਮੁਕਤ ਭਾਰਤ ਬਣਾਉਣ ਦੇ ਲਈ ਇਕ ਰੋਡਮੈਪ ਤਿਆਰ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਰਗਦਰਸ਼ਨ ਹੇਠ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ 'ਚ ਰੋਡਮੈਪ 'ਚ ਸਪਸ਼ਟ ਤੌਰ 'ਤੇ ਸਮਾਂ-ਸੀਮਾ, ਨਿਯਮਿਤ ਨਿਗਰਾਨੀ, ਮਾਪਣਯੋਗ ਨਤੀਜੇ ਅਤੇ ਅਗਲੇ ਤਿੰਨ ਵਰ੍ਹ?ਆਂ ਲਈ ਕਾਰਜਯੋਜਨਾ ਨਿਰਧਾਰਿਤ ਕੀਤੀ ਗਈ ਹੈ। ਇਹ ਜਾਣਕਾਰੀ ਅੱਜ ਕੇਂਦਰੀ ਗ੍ਰਹਿ ਮੰਤਰਾਲੇ 'ਚ ਐਡੀਸ਼ਨਲ ਡਾਇਰੈਕਟਰ ਜਨਰਲ (ਮੀਡੀਆ) ਰਾਜ ਕੁਮਾਰ ਨੇ ਦਿੱਤੀ। ਉਹ ਅੱਜ ਸ਼ਿਮਲਾ 'ਚ ਪੱਤਰ ਸੂਚਨਾ ਦਫ਼ਤਰ (ਪੀਆਈਬੀ) ਦੁਆਰਾ ਆਯੋਜਿਤ ਨਸ਼ਾ ਮੁਕਤ ਭਾਰਤ ਅਭਿਆਨ- 2026 'ਤੇ ਕੇਂਦ੍ਰਿਤ ਵਾਰਤਾਲਾਪ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਨਾਰਕੋਟਿਕਸ ਕੰਟਰੋਲ ਬਿਊਰੋ ਦੇ ਚੰਡੀਗੜ੍ਹ ਅਤੇ ਅੰਮ੍ਰਿਤਸਰ ਦੇ ਜ਼ੋਨਲ ਡਾਇਰੈਕਟਰ ਅਮਨਜੀਤ ਸਿੰਘ ਨੇ ਨਸ਼ਾ ਮੁਕਤ ਭਾਰਤ -2026 ਦੇ ਰੋਡਮੈਪ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਪੀਆਈਬੀ ਸ਼ਿਮਲਾ ਦੇ ਅਸਿਸਟੈਂਟ ਡਾਇਰੈਕਟਰ ਸੰਜੀਵ ਸ਼ਰਮਾ ਸਮੇਤ ਪੀਆਈਬੀ, ਦੂਰਦਰਸ਼ਨ, ਆਕਾਸ਼ਵਾਣੀ ਅਤੇ ਹਿਮਾਚਲ ਪ੍ਰਦੇਸ਼ ਦੇ ਲੋਕ ਸੰਪਰਕ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ। ਰਾਜ ਕੁਮਾਰ ਨੇ ਦੱਸਿਆ ਕਿ ਇਹ ਰੋਡਮੈਪ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਵਿਆਪਕ ਵਿਚਾਰ-ਵਟਾਂਦਰੇ ਰਾਹੀਂ ਤਿਆਰ ਕੀਤਾ ਗਿਆ ਹੈ। 35 ਤੋਂ ਵੱਧ ਮੰਤਰਾਲਿਆਂ, ਵਿਭਾਗਾਂ ਅਤੇ ਏਜੰਸੀਆਂ ਦੇ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਰਾਜ ਐੱਨਸੀਓਆਰਡੀ (NCORD-ਨਾਰਕੋ ਕੋਆਰਡਨੇਸ਼ਨ ਸੈਂਟਰ) ਬੈਠਕਾਂ ਅਤੇ ਐਂਟੀ ਨਾਰਕੋਟਿਕਸ ਟਾਸਕ ਫੋਰਸ (ਏਐੱਨਟੀਐੱਫ) ਸੰਮੇਲਨਾਂ ਤੋਂ ਸੁਝਾਅ ਪ੍ਰਾਪਤ ਕੀਤੇ ਗਏ। ਹਿੱਤਧਾਰਕਾਂ ਦੇ ਨਾਲ 20 ਤੋਂ ਜ਼ਿਆਦਾ ਉੱਚ ਪੱਧਰੀ ਬੈਠਕਾਂ ਦਾ ਆਯੋਜਨ ਕੀਤਾ ਗਿਆ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵਿਅਕਤੀਗਤ ਤੌਰ 'ਤੇ ਤਿੰਨ ਵਿਆਪਕ ਸਮੀਖਿਆ ਬੈਠਕਾਂ ਕੀਤੀਆਂ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ 26 ਜੂਨ 2026 ਨੂੰ ਨਵੀਂ ਦਿੱਲੀ ਵਿਖੇ ਆਯੋਜਿਤ 10ਵੀਂ ਉੱਚ-ਪੱਧਰੀ NCORD ਬੈਠਕ 'ਚ ਨਸ਼ਾ ਮੁਕਤ ਭਾਰਤ ਲਈ 'ਵਿਜ਼ਨ ਡੌਕਿਊਮੈਂਟ 2026-2029' ਰੋਡਮੈਪ ਲਾਂਚ ਕੀਤਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਲ 2047 ਤੱਕ ਪੂਰਨ ਵਿਕਸਿਤ ਭਾਰਤ ਦੇ ਨਿਰਮਾਣ ਦਾ ਸੰਕਲਪ ਦੇਸ਼ ਦੇ ਸਾਹਮਣੇ ਰੱਖਿਆ ਹੈ। ਭਾਰਤ ਸਿਰਫ਼ ਇਕ ਸਿਹਤਮੰਦ ਅਰਥਵਿਵਸਥਾ, ਇਕ ਸੁਰੱਖਿਅਤ ਸਮਾਜ, ਆਧੁਨਿਕ ਤਕਨਾਲੋਜੀ ਅਤੇ ਮਜ਼ਬੂਤ ਸੰਸਥਾਵਾਂ 'ਤੇ ਹੀ ਅਧਾਰਿਤ ਨਹੀਂ ਹੋਵੇਗਾ, ਸਗੋਂ ਇਕ ਸਿਹਤਮੰਦ, ਅਨੁਸ਼ਾਸਿਤ, ਸੱਭਿਆਚਾਰਕ ਤੌਰ 'ਤੇ ਜੁੜੀ ਹੋਈ ਅਤੇ ਨਸ਼ਾ-ਮੁਕਤ ਯੁਵਾ ਸ਼ਕਤੀ 'ਤੇ ਵੀ ਅਧਾਰਿਤ ਹੋਵੇਗਾ। ਭਾਰਤ ਦੁਨੀਆ ਦਾ ਸਭ ਤੋਂ ਯੁਵਾ ਪ੍ਰਮੁੱਖ ਦੇਸ਼ ਹੈ। ਸਾਡੀ ਯੁਵਾ ਸ਼ਕਤੀ

ਭਾਰਤ ਦੀ ਸਭ ਤੋਂ ਵੱਡੀ ਤਾਕਤ ਹੈ। ਨਸ਼ੇ ਸਿਹਤ, ਪਰਿਵਾਰਾਂ, ਸਮਾਜਿਕ ਤਾਣੇ-ਬਾਣੇ ਅਤੇ ਰਾਸ਼ਟਰ ਦੀ ਸੁਰੱਖਿਆ ਨੂੰ ਪ੍ਰਭਾਵਿਤ ਕਰਦੇ ਹਨ। ਨਸ਼ਾ-ਮੁਕਤ ਭਾਰਤ 2029, ਵਿਕਸਿਤ ਭਾਰਤ 2047 ਦਾ ਇੱਕ ਪ੍ਰਮੁੱਖ ਨੀਂਹ ਪੱਥਰ ਹੈ। ਭਾਰਤ ਸਰਕਾਰ ਨੇ ਨਸ਼ਿਆਂ ਵਿਰੁੱਧ ਲੜਾਈ ਨੂੰ ਰਾਸ਼ਟਰੀ ਸੁਰੱਖਿਆ ਦੀ ਪ੍ਰਮੁੱਖ ਤਰਜੀਹ ਬਣਾਇਆ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਸਾਲ 2019 ਤੋਂ ਜੁਲਾਈ 2026 ਦਰਮਿਆਨ ਨਸ਼ੀਲੇ ਪਦਾਰਥਾਂ ਦੇ ਵਿਰੁੱਧ ਚਲਾਈ ਗਈ ਬੇਮਿਸਾਲ ਸਫਲਤਾ ਹਾਸਲ ਕੀਤੀ ਗਈ ਹੈ। ਅਮਨਜੀਤ ਸਿੰਘ ਨੇ ਰੋਡਮੈਪ ਬਾਰੇ ਆਪਣੀ ਪੇਸ਼ਕਾਰੀ 'ਚ ਦੱਸਿਆ ਕਿ 2019 ਤੋਂ ਜੁਲਾਈ 2026 ਤੱਕ 93,33,987 ਕਿਲੋਗ੍ਰਾਮ ਨਸ਼ਿਆਂ ਅਤੇ ਮਨੋ-ਪ੍ਰਭਾਵੀ ਪਦਾਰਥ ਜ਼ਬਤ ਕੀਤੇ ਗਏ, ਜਿਨ੍ਹਾਂ ਦੀ ਅਨੁਮਾਨਿਤ ਕੀਮਤ 1,53,212 ਕਰੋੜ ਰੁਪਏ ਹੈ। ਜ਼ਬਤ ਕੀਤੇ ਗਏ 44,88,576 ਕਿਲੋਗ੍ਰਾਮ ਪਦਾਰਥਾਂ ਨੂੰ ਨਸ਼ਟ ਕਰ ਦਿੱਤਾ ਗਿਆ ਹੈ, ਜਿਨ੍ਹਾਂ ਦੀ ਅਨੁਮਾਨਿਤ ਕੀਮਤ 88,010 ਕਰੋੜ ਰੁਪਏ ਹੈ । ਇਸੇ ਸਮੇਂ ਦੌਰਾਨ, 3,992 ਕਰੋੜ ਰੁਪਏ ਦੀ ਕੀਮਤ ਵਾਲੀਆਂ ਗੈਰ-ਕਾਨੂੰਨੀ ਸੰਪਤੀਆਂ ਅਤੇ ਜਾਇਦਾਦਾਂ ਨੂੰ ਫ?ਰੀਜ਼ ਜਾਂ ਜ਼ਬਤ ਕੀਤਾ ਗਿਆ ਅਤੇ 128 ਗੈਰ-ਕਾਨੂੰਨੀ ਗੁਪਤ ਪ੍ਰਯੋਗਸ਼ਾਲਾਵਾਂ ਨੂੰ ਨਸ਼ਟ ਕੀਤਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਸਾਲ 2019 ਤੋਂ ਹੁਣ ਤੱਕ ਸਾਰੇ ਚਾਰ ਪੱਧਰਾਂ 'ਤੇ 16,966 ਤੋਂ ਵੱਧ ਐੱਨਸੀਓਆਰਡੀ ਬੈਠਕਾਂ ਦਾ ਆਯੋਜਨ ਕੀਤਾ ਗਿਆ ਹੈ। ਸੰਯੁਕਤ ਤਾਲਮੇਲ ਕਮੇਟੀ (ਜੇਸੀਸੀ) ਵਿੱਚ 539 ਪ੍ਰਮੁੱਖ ਮਾਮਲਿਆਂ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ। 27 ਦੁਵੱਲੇ ਸਮਝੌਤਿਆਂ, 19 ਸਹਿਮਤੀ ਪੱਤਰਾਂ ਅਤੇ 02 ਸੁਰੱਖਿਆ ਸਹਿਯੋਗ ਸਮਝੌਤਿਆਂ 'ਤੇ ਹਸਤਾਖਰ ਕੀਤੇ ਗਏ ਹਨ। 'ਭਾਰਤਪੋਲ' ਰਾਹੀਂ 195 ਦੇਸ਼ਾਂ ਦੇ ਨਾਲ ਸਿੱਧਾ ਇੰਟਰਪੋਲ ਸੰਪਰਕ ਸਥਾਪਿਤ ਕੀਤਾ ਗਿਆ ਹੈ। 'ਮਾਨਸ' ਹੈਲਪਲਾਈਨ 1933 ਰਾਹੀਂ 3.33 ਲੱਖ ਤੋਂ ਵੱਧ ਨਾਗਰਿਕਾਂ ਨੂੰ ਜੋੜਿਆ ਗਿਆ ਹੈ। ਨਸ਼ਾ ਮੁਕਤ ਭਾਰਤ 2029 ਅਭਿਆਨ 'ਸੰਪੂਰਨ ਸਰਕਾਰ ਅਤੇ ਸੰਪੂਰਨ ਸਮਾਜ' ਦੇ ਦ੍ਰਿਸ਼ਟੀਕੋਣ ਦੇ ਨਾਲ ਅੱਗੇ ਵਧੇਗਾ। ਇਸ 'ਚ ਕੇਂਦਰ ਸਰਕਾਰ, ਰਾਜ ਸਰਕਾਰਾਂ, ਸੁਰੱਖਿਆ ਏਜੰਸੀਆਂ, ਸਿੱਖਿਆ ਸੰਸਥਾਨਾਂ, ਮੈਡੀਕਲ ਇੰਸਟੀਟਿਊਸ਼ਨਜ਼, ਪਰਿਵਾਰਾਂ ਅਤੇ ਸਮਾਜ ਦੀ ਭਾਗੀਦਾਰੀ ਹੋਵੇਗੀ। ਗੁਪਤ ਤੌਰ 'ਤੇ ਸੰਚਾਲਿਤ ਨਸ਼ੀਲੀਆਂ ਦਵਾਈਆਂ ਦੀਆਂ ਪ੍ਰਯੋਗਸ਼ਾਲਾਵਾਂ ਨੂੰ ਨਸ਼ਟ ਕਰਨ, ਨਸ਼ੀਲੇ ਪਦਾਰਥ ਅਪਰਾਧੀਆਂ ਅਤੇ ਭਗੌੜਿਆਂ ਨੂੰ ਵਾਪਸ ਲਿਆਉਣ, ਪ੍ਰਣਾਲੀ ਦੇ ਏਕੀਕਰਣ ਅਤੇ ਮਾਪਣਯੋਗ ਰਾਸ਼ਟਰੀ ਨਤੀਜੇ ਪ੍ਰਾਪਤ ਕਰਨ 'ਤੇ ਵਿਜ਼ਨ ਡੌਕਿਊਮੈਂਟ ਵਿੱਚ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਜੁਲਾਈ 2026 ਤੋਂ ਜੁਲਾਈ 2029 ਤੱਕ ਤਿੰਨ ਵਰ੍ਹ?ਆਂ ਦਾ ਰੋਡਮੈਪ 'ਨਸ਼ਾ ਮੁਕਤ ਭਾਰਤ' ਬਣਾਉਣ ਲਈ ਹੈ, ਜਿਸ 'ਚ ਸਾਰੇ ਟੀਚਿਆਂ ਨੂੰ ਸਮਾਂਬੱਧ ਤਰੀਕੇ ਨਾਲ ਹਾਸਲ ਕਰਨ ਦਾ ਸੰਕਲਪ ਹੈ। ਰੋਡਮੈਪ 4 ਥੰਮ?ਹਾਂ 'ਤੇ ਅਧਾਰਿਤ ਹੈ- ਖੁਫੀਆ ਜਾਣਕਾਰੀ ਅਤੇ ਅਭਿਆਨ ਅਧਾਰਿਤ ਲਾਗੂ ਕਰਨ, ਪ੍ਰੀਕਰਸਰ ਅਤੇ ਸਿੰਥੈਟਿਕ ਡਰੱਗਸ ਕੰਟਰੋਲ, ਮੰਗ ਅਤੇ ਨੁਕਸਾਨ ਵਿੱਚ ਕਮੀ ਅਤੇ ਸਮਰੱਥਾ ਨਿਰਮਾਣ ਅਤੇ ਤਾਲਮੇਲ ਸਥਾਪਿਤ ਕਰਨਾ ਹੈ। ਇਨ੍ਹਾਂ ਚਾਰ ਥੰਮ?ਹਾਂ ਲਈ ਕਾਰਜਸ਼ੀਲ ਮੰਤਰ ਦਾ ਪਤਾ ਲਗਾਉਣਾ, ਵਿਘਨ ਪਾਉਣਾ ਅਤੇ ਖਤਮ ਕਰਨਾ। ਪਤਾ ਲਗਾਉਣਾ: ਸਰੋਤਾਂ, ਮਾਰਗ, ਵੇਚਣ ਵਾਲਿਆਂ (ਪੈਡਲਰਾਂ), ਤਕਨਾਲੋਜੀ, ਭੁਗਤਾਨ ਦੇ ਤਰੀਕਿਆਂ ਅਤੇ ਮੁੱਖ ਸਰਗਣਿਆਂ ਦੀ ਪਛਾਣ ਕਰਨਾ। ਵਿਘਨ ਪਾਉਣਾ: ਆਵਾਜਾਈ, ਲੌਜਿਸਟਿਕਸ, ਕੱਚਾ ਮਾਲ (ਪ੍ਰੀਕਰਸਰ) ਦੀ ਸਪਲਾਈ, ਡਾਰਕਨੈੱਟ ਨੈੱਟਵਰਕਾਂ, ਹਵਾਲਾ ਕਾਰੋਬਾਰ ਅਤੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਲਈ ਵਿੱਤੀ ਪ੍ਰਬੰਧਾਂ ਨੂੰ ਨਿਸ਼ਾਨਾ ਬਣਾਉਣਾ। ਖਤਮ ਕਰਨਾ: ਨਸ਼ੀਲੇ ਪਦਾਰਥਾਂ ਦੀਆਂ ਪ੍ਰਯੋਗਸ਼ਾਲਾਵਾਂ, ਗੈਰ-ਕਾਨੂੰਨੀ ਖੇਤੀ, ਕਾਰਟੇਲ ਦੀਆਂ ਸੰਪਤੀਆਂ, ਲੀਡਰਸ਼ਿਪ ਅਤੇ ਸਮੁੱਚੇ ਵੰਡ ਨੈੱਟਵਰਕ ਨੂੰ ਖਤਮ ਕਰਨਾ। ਰੋਡਮੈਪ ਵਿੱਚ 25 ਕੰਪੋਨੈਂਟ (ਭਾਗ) ਅਤੇ 200 ਤੋਂ ਵੱਧ ਕਾਰਜ-ਬਿੰਦੂ ਸ਼ਾਮਲ ਹਨ।

ਪਤਨੀ ਤੇ 6 ਬੱਚਿਆਂ ਨੂੰ ਗੋਲੀਆਂ ਨਾਲ ਭੁੰਨ ਕੇ ਪਤੀ ਨੇ ਕੀਤਾ ਸੁਸਾਈਡ, ਇੰਟਰਨ ਨਾਲ ਅਫੇਅਰ ਦਾ ਸੀ ਦੋਸ਼

ਕੌਮੀ ਪਤ੍ਰਿਕਾ

ਮਿਸ਼ੀਗਨ 25 ਸਤੰਬਰ। ਆਪਣੀ ਮੌਤ ਤੋਂ ਪਹਿਲਾਂ ਔਰਤ ਜੋ ਕਿ ਮਿਸ਼ੀਗਨ ਅਮਰੀਕਾ ਵਿੱਚ ਉਸਦੇ ਛੇ ਬੱਚਿਆਂ ਨਾਲ ਮਾਰੀ ਗਈ ਸੀ ਨੇ ਆਪਣੇ ਪਤੀ 'ਤੇ ਇੱਕ ਨੌਜਵਾਨ ਇੰਟਰਨ ਨਾਲ ਅਫੇਅਰ ਹੋਣ ਦਾ ਦੋਸ਼ ਲਗਾਇਆ ਸੀ। ਉਸਨੇ 'ਤੇ ਇਸ ਅਫੇਅਰ ਦੇ ਉਨ੍ਹਾਂ ਦੇ ਰਿਸ਼ਤੇ 'ਤੇ ਪੈਣ ਵਾਲੇ ਪ੍ਰਭਾਵ ਬਾਰੇ ਵੀ ਲਿਖਿਆ ਸੀ। ਰਿਪੋਰਟਾਂ ਦੇ ਅਨੁਸਾਰ, 47 ਸਾਲਾ ਕ੍ਰਿਸਟੋਫਰ ਕੈਰੋਲਕੀਵਿਜ਼ ਨੇ ਆਪਣੀ ਪਤਨੀ 39 ਸਾਲਾ ਅਮਾਂਡਾ ਮੈਂਡੀ ਕੈਰੋਲਕੀਵਿਜ਼ ਅਤੇ ਉਨ੍ਹਾਂ ਦੇ ਛੇ ਬੱਚਿਆਂ (5 ਤੋਂ 15 ਸਾਲ ਦੀ ਉਮਰ) ਨੂੰ ਗ੍ਰੈਂਡ ਹੈਵਨ ਟਾਊਨਸ਼ਿਪ, ਮਿਸ਼ੀਗਨ ਵਿੱਚ ਆਪਣੇ ਘਰ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ, ਇਸ ਤੋਂ ਬਾਅਦ ਆਪਣੀ ਜਾਨ ਲੈ ਲਈ। ਜਾਂਚਕਰਤਾਵਾਂ ਦਾ ਇਹ ਵੀ ਮੰਨਣਾ ਹੈ ਕਿ ਗੋਲੀਬਾਰੀ ਤੋਂ ਬਾਅਦ ਘਰ ਦੇ ਅੰਦਰ ਕਈ ਥਾਵਾਂ 'ਤੇ ਜਾਣਬੁੱਝ ਕੇ ਅੱਗ ਲਗਾਈ ਗਈ ਸੀ। 24 ਜੁਲਾਈ ਨੂੰ ਸੜਦੇ ਘਰ ਵਿੱਚ ਐਮਰਜੈਂਸੀ ਸੇਵਾਵਾਂ ਨੂੰ ਬੁਲਾਏ ਜਾਣ ਤੋਂ ਬਾਅਦ ਜੋੜੇ ਅਤੇ ਉਨ੍ਹਾਂ ਦੇ ਬੱਚਿਆਂ ਦੀਆਂ ਲਾਸ਼ਾਂ ਮਿਲੀਆਂ। ਸੋਮਵਾਰ ਨੂੰ ਓਟਾਵਾ ਕਾਊਂਟੀ ਸ਼ੈਰਿਫ ਦੇ ਦਫਤਰ ਨੇ ਪੁਸ਼ਟੀ ਕੀਤੀ ਕਿ ਪਰਿਵਾਰ ਦੇ ਸਾਰੇ ਅੱਠ ਮੈਂਬਰਾਂ ਦੀ ਮੌਤ ਗੋਲੀਬਾਰੀ ਦੇ ਜ਼ਖ਼ਮਾਂ ਨਾਲ ਹੋਈ ਅਤੇ ਇਸ ਘਟਨਾ ਨੂੰ ਸ਼ੱਕੀ ਕਤਲ-ਆਤਮ ਹੱਤਿਆ ਵਜੋਂ ਸ਼੍ਰੇਣੀਬੱਧ ਕੀਤਾ ਗਿਆ। ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਪਰਿਵਾਰ ਦੇ ਪਾਲਤੂ ਜਾਨਵਰ ਅੱਗ ਵਿੱਚ ਮਰ ਗਏ। ਦ ਡੇਟ?ਰੋਇਟ ਨਿਊਜ਼* ਅਤੇ *ਦ ਹਾਲੈਂਡ ਸੈਂਟੀਨੇਲ* ਦੇ ਅਨੁਸਾਰ, ਮੈਂਡੀ ਨੇ 2024 ਵਿੱਚ ਰੈੱਡਿਟ 'ਤੇ ਯੂਜ਼ਰਨੇਮ ਹੇਠ ਆਪਣੇ ਵਿਆਹ ਬਾਰੇ ਪੋਸਟ ਕੀਤੀ ਸੀ। ਪੋਸਟਾਂ ਵਿੱਚ ਮੈਂਡੀ ਨੇ ਦੱਸਿਆ ਕਿ ਉਹ ਕ੍ਰਿਸਟੋਫਰ ਨੂੰ ਇੱਕ ਇੰਟਰਨ ਵਜੋਂ ਕੰਮ ਕਰਦੇ ਸਮੇਂ ਮਿਲੀ ਸੀ; ਉਸ ਸਮੇਂ ਕ੍ਰਿਸਟੋਫਰ ਉਸ ਤੋਂ ਵੱਡਾ ਸੀ ਅਤੇ ਤਲਾਕ ਹੋ ਗਿਆ ਸੀ। ਕਈ ਸਾਲਾਂ ਬਾਅਦ ਜਦੋਂ ਉਨ੍ਹਾਂ ਨੇ ਇਕੱਠੇ ਜੀਵਨ ਬਿਤਾਇਆ ਅਤੇ ਬੱਚਿਆਂ ਦੀ ਪਰਵਰਿਸ਼ ਕੀਤੀ, ਮੈਂਡੀ ਨੇ ਦੋਸ਼ ਲਗਾਇਆ ਕਿ ਕ੍ਰਿਸਟੋਫਰ ਇੱਕ ਹੋਰ ਇੰਟਰਨ ਨਾਲ ਜੁੜ ਗਿਆ ਸੀ, ਜੋ ਕਿ ਉਸੇ ਉਮਰ ਦਾ ਸੀ ਜਦੋਂ ਮੈਂਡੀ ਪਹਿਲੀ ਵਾਰ ਮਿਲੀ ਸੀ। 'ਬੱਚਿਆਂ ਦੀ ਖ਼ਾਤਰ ਵਿਆਹ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਸੀ' ਉਸਨੇ ਲਿਖਿਆ, ਉਹ ਤਲਾਕਸ਼ੁਦਾ ਸੀ ਅਤੇ ਮੇਰੇ ਤੋਂ ਵੱਡਾ ਸੀ। ਦਸ ਸਾਲ ਅਤੇ ਪੰਜ ਬੱਚਿਆਂ ਤੋਂ ਬਾਅਦ ਉਹ ਦੁਬਾਰਾ ਧੋਖਾ ਕਰ ਰਿਹਾ ਸੀ, ਇੱਕ ਇੰਟਰਨ ਨਾਲ ਉਹੀ ਉਮਰ ਜਿਸ ਉਮਰ ਵਿੱਚ ਮੈਂ ਇੱਕ ਇੰਟਰਨ ਸੀ। ਉਸਨੇ ਲਿਖਿਆ ਕਿ ਇੱਕ ਸਾਲ ਆਪਣੇ ਆਪ ਨੂੰ ਦੋਸ਼ੀ ਠਹਿਰਾਉਣ ਤੋਂ ਬਾਅਦ ਉਸਨੂੰ ਅੰਤ ਵਿੱਚ ਅਹਿਸਾਸ ਹੋਇਆ ਕਿ ਉਸਨੂੰ ਆਪਣੇ ਪਤੀ ਦੇ ਕੰਮਾਂ ਦਾ ਬੋਝ ਨਹੀਂ ਚੁੱਕਣਾ ਚਾਹੀਦਾ। ਕਥਿਤ ਅਫੇਅਰ ਦੇ ਬਾਵਜੂਦ ਉਸਨੇ ਕਿਹਾ ਕਿ ਉਸਨੇ ਮੁੱਖ ਤੌਰ 'ਤੇ ਆਪਣੇ ਬੱਚਿਆਂ ਦੀ ਖ਼ਾਤਰ ਵਿਆਹ ਬਚਾਉਣ ਦੀ ਕੋਸ਼ਿਸ਼ ਕੀਤੀ। ਉਸਨੇ ਲਿਖਿਆ, ਮੈਂ ਆਪਣੇ ਆਪ ਨੂੰ ਕਹਿੰਦੀ ਰਹੀ ਕਿ ਜਿੰਨੀ ਮੈਨੂੰ ਉਸ ਸਮੇਂ ਆਪਣੇ ਪਤੀ ਨਾਲ ਨਫ਼ਰਤ ਸੀ, ਓਨੀ ਹੀ ਮੈਂ ਆਪਣੇ ਬੱਚਿਆਂ ਨੂੰ ਵੀ ਪਿਆਰ ਕਰਦੀ ਸੀ। ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਸਾਢੇ ਚਾਰ ਸਾਲ ਬਾਅਦ ਅਸੀਂ ਇੱਕ ਬਿਹਤਰ ਜਗ?ਹਾ 'ਤੇ ਹਾਂ, ਹਾਲਾਂਕਿ ਅਸੀਂ ਅਜੇ ਵੀ ਰਿਸ਼ਤੇ ਨੂੰ ਸਿਹਤਮੰਦ ਰੱਖਣ ਲਈ ਸੰਘਰਸ਼ ਕਰਦੇ ਹਾਂ। ਉਸ ਵਿੱਚ ਹਮੇਸ਼ਾ ਕੁਝ ਗੰਭੀਰ ਕਮੀਆਂ ਸਨ ਜਿਨ੍ਹਾਂ ਨੂੰ ਮੈਂ ਨਜ਼ਰਅੰਦਾਜ਼ ਕੀਤਾ ਸੀ। ਉਹ ਇੱਕ ਜ਼ਹਿਰੀਲੇ ਪਰਿਵਾਰਕ ਮਾਹੌਲ ਵਿੱਚ ਵੱਡਾ ਹੋਇਆ ਜਿੱਥੇ ਹਰ ਚੀਜ਼ ਬਾਰੇ ਝੂਠ ਬੋਲਣ ਨੂੰ ਉਤਸ਼ਾਹਿਤ ਕੀਤਾ ਜਾਂਦਾ ਸੀ। ਮੈਂਡੀ ਨੇ ਇਹ ਵੀ ਦਾਅਵਾ ਕੀਤਾ ਕਿ ਜੋੜੇ ਨੇ ਆਪਣੇ ਪਤੀ ਦੇ ਗੁਪਤ ਵਿਵਹਾਰ ਦਾ ਪਤਾ ਲੱਗਣ ਤੋਂ ਬਾਅਦ ਵਿਆਹੁਤਾ ਸਲਾਹ ਦੀ ਮੰਗ ਕੀਤੀ। ਇੱਕ ਹੋਰ ਪੋਸਟ ਵਿੱਚ ਉਸਨੇ ਆਪਣੇ ਪਤੀ ਨੂੰ ਅਫੇਅਰ ਬਾਰੇ ਪਤਾ ਲੱਗਣ 'ਤੇ ਧੱਕਾ ਦੇਣ ਦਾ ਵਰਣਨ ਕੀਤਾ, ਇਹ ਕਹਿੰਦੇ ਹੋਏ ਕਿ ਉਹ ਮਾਨਸਿਕ ਤੌਰ 'ਤੇ ਟੁੱਟ ਗਈ ਸੀ ਅਤੇ ਸਹਿਜ ਪ੍ਰਤੀਕਿਰਿਆ ਕੀਤੀ ਸੀ। ਉਸਨੇ ਲਿਖਿਆ, ਜਦੋਂ ਉਹ ਹਾਲ ਹੀ ਵਿੱਚ ਦੁਬਾਰਾ ਕੁਝ ਗੁਪਤ ਕਰਦੇ ਫੜਿਆ ਗਿਆ ਸੀ ਤਾਂ ਮੈਂ ਜ਼ੋਰ ਦੇ ਕੇ ਕਿਹਾ ਕਿ ਉਹ ਵਿਅਕਤੀਗਤ ਸਲਾਹ ਲਈ ਜਾਵੇ ਅਤੇ ਅਸੀਂ ਪਹਿਲੀ ਵਾਰ ਵਿਆਹ ਸਲਾਹ ਵੀ ਸ਼ੁਰੂ ਕੀਤੀ। ਇਹ ਸਭ ਬਹੁਤ ਉਲਝਣ ਵਾਲਾ ਹੈ ਕਿਉਂਕਿ ਸਾਡੀ ਰੋਜ਼ਾਨਾ ਜ਼ਿੰਦਗੀ ਅਤੇ ਸਬੰਧ ਅਸਲ ਵਿੱਚ ਬਹੁਤ ਵਧੀਆ ਹਨ; ਇਹ ਸਿਰਫ ਇਹ ਹੈ ਕਿ ਕਈ ਵਾਰ ਉਹ ਅਚਾਨਕ ਗੁਪਤ ਵਿਵਹਾਰ ਵਿੱਚ ਸ਼ਾਮਲ ਹੋਣਾ ਸ਼ੁਰੂ ਕਰ ਦਿੰਦਾ ਹੈ। ਜਾਂਚਕਰਤਾਵਾਂ ਨੇ ਖੁਲਾਸਾ ਕੀਤਾ ਕਿ ਕ੍ਰਿਸਟੋਫਰ ਕੈਰੋਲਕੀਵਿਜ਼ ਨੂੰ ਕਤਲ ਤੋਂ ਕੁਝ ਦਿਨ ਪਹਿਲਾਂ ਹੀ ਅਮਰੀਕਨ ਹਾਰਟ ਐਸੋਸੀਏਸ਼ਨ ਵਿੱਚ ਆਪਣੀ ਨੌਕਰੀ ਗੁਆਉਣੀ ਪਈ ਸੀ। ਉਸਨੇ ਸੰਗਠਨ ਵਿੱਚ ਸੇਲਜ਼ ਅਤੇ ਮਾਰਕੀਟਿੰਗ ਦੇ ਉਪ ਪ੍ਰਧਾਨ ਵਜੋਂ ਕੰਮ ਕੀਤਾ ਸੀ। ਬੈਂਕਿੰਗ ਅਤੇ ਬੀਮਾ ਖੇਤਰਾਂ ਵਿੱਚ ਕੰਮ ਕਰਨ ਤੋਂ ਬਾਅਦ ਮੈਂਡੀ ਨੇ ਗ੍ਰੈਂਡ ਹੈਵਨ ਏਰੀਆ ਪਬਲਿਕ ਸਕੂਲਜ਼ ਡਿਸਟ੍ਰਿਕਟ ਵਿੱਚ ਇੱਕ ਬਦਲ ਅਧਿਆਪਕ ਵਜੋਂ ਕੰਮ ਕੀਤਾ। ਇੱਕ ਪੀਣ ਵਾਲੇ ਪਦਾਰਥ ਕੰਪਨੀ ਵਿੱਚ ਮੁਲਾਕਾਤ ਤੋਂ ਬਾਅਦ ਇਸ ਜੋੜੇ ਨੇ ਅਗਸਤ 2009 ਵਿੱਚ ਵਿਆਹ ਕਰਵਾ ਲਿਆ। ਉਹ ਉਸਦੀ ਮੌਤ ਤੋਂ ਪਹਿਲਾਂ ਲਗਪਗ 17 ਸਾਲ ਇਕੱਠੇ ਰਹੇ ਸਨ।

ਫਿਰੋਜ਼ਪੁਰ 'ਚ ਅਵਾਰਾ ਕੁੱਤਿਆਂ ਦਾ ਆਤੰਕ, 2 ਸਾਲਾਂ ਦੇ ਮਾਸੂਮ 'ਤੇ ਕੀਤਾ ਹਮਲਾ

ਕੌਮੀ ਪਤ੍ਰਿਕਾ

ਫਿਰੋਜ਼ਪੁਰ 25 ਸਤੰਬਰ। ਫਿਰੋਜ਼ਪੁਰ ਛਾਉਣੀ 'ਚ ਅਵਾਰਾ ਕੁੱਤਿਆਂ ਦਾ ਵੱਧਦਾ ਕਹਿਰ ਹੁਣ ਗੰਭੀਰ ਚਿੰਤਾ ਦਾ ਵਿਸ਼ਾ ਬਣ

ਗਿਆ ਹੈ। ਮੰਗਲਵਾਰ ਨੂੰ ਇੱਕ ਬੱਚੇ ਨੂੰ ਅਵਾਰਾ ਕੁੱਤਿਆਂ ਨੇ ਬੁਰੀ ਤਰ੍ਹਾਂ ਵੱਢ ਲਿਆ। ਇਸ ਘਟਨਾ ਨੇ ਇੱਕ ਵਾਰ ਫਿਰ ਇਲਾਕੇ 'ਚ ਅਵਾਰਾ ਕੁੱਤਿਆਂ ਦੀ ਵੱਧਦੀ ਗਿਣਤੀ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸਥਾਨਕ ਲੋਕਾਂ ਅਨੁਸਾਰ ਛਾਉਣੀ ਦੇ ਕਈ ਇਲਾਕਿਆਂ 'ਚ 15 ਤੋਂ 20 ਕੁੱਤਿਆਂ ਦੇ ਝੁੰਡ ਆਮ ਤੌਰ 'ਤੇ ਘੁੰਮਦੇ ਦਿਖਾਈ ਦਿੰਦੇ ਹਨ। ਰਾਤ ਦੇ ਸਮੇਂ ਰਾਹਗੀਰਾਂ ਅਤੇ ਦੋਪਹੀਆ ਵਾਹਨ ਚਾਲਕਾਂ 'ਤੇ ਝਪਟਣ ਦੀਆਂ ਘਟਨਾਵਾਂ ਤੋਂ ਲੋਕ ਪਰੇਸ਼ਾਨ ਹਨ। ਸਵੇਰ ਦੀ ਸੈਰ ਕਰਨ ਵਾਲੇ ਲੋਕਾਂ, ਬੱਚਿਆਂ ਅਤੇ ਬਜ਼ੁਰਗਾਂ 'ਚ ਵੀ ਡਰ ਦਾ ਮਾਹੌਲ ਹੈ। ਇਲਾਕਾ ਨਿਵਾਸੀਆਂ ਦਾ ਕਹਿਣਾ ਹੈ ਕਿ ਸਮੱਸਿਆ ਦਾ ਹੱਲ ਸਿਰਫ਼ ਕੁੱਝ ਕੁੱਤਿਆਂ ਨੂੰ ਫੜ ਕੇ ਦੂਜੀ ਜਗ?ਹਾ ਛੱਡ ਦੇਣ ਨਾਲ ਨਹੀਂ ਹੋਵੇਗਾ। ਪ੍ਰਸ਼ਾਸਨ ਨੂੰ ਪੱਕੀ ਅਤੇ ਵਿਗਿਆਨਕ ਕਾਰਜ-ਯੋਜਨਾ ਬਣਾਉਣੀ ਪਵੇਗੀ। ਇਸ ਦੇ ਤਹਿਤ ਇਲਾਕੇਵਾਰ ਅਵਾਰਾ ਕੁੱਤਿਆਂ ਦੀ ਗਿਣਤੀ, ਵੱਡੇ ਪੱਧਰ 'ਤੇ ਨਸਬੰਦੀ ਅਤੇ ਐਂਟੀ-ਰੇਬੀਜ਼ ਟੀਕਾਕਰਨ, ਉਨ੍ਹਾਂ ਦੀ ਪਛਾਣ ਲਈ ਰਿਕਾਰਡਿੰਗ ਅਤੇ ਨਿਯਮਤ ਨਿਗਰਾਨੀ ਜ਼ਰੂਰੀ ਹੈ। ਇਸ ਦੇ ਨਾਲ ਹੀ ਜ਼ਖ਼ਮੀ, ਬੀਮਾਰ ਅਤੇ ਆਕ੍ਰਾਮਕ (ਹਮਲਾਵਰ) ਕੁੱਤਿਆਂ ਲਈ ਉਚਿਤ ਪਸ਼ੂ-ਹਸਪਤਾਲ ਦੀ ਸੁਵਿਧਾ ਅਤੇ ਸੁਰੱਖਿਅਤ ਸ਼ੈਲਟਰ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

ਪਥਰਾਲਾ ਪੁਲਸ ਨੇ 2 ਨੌਜਵਾਨਾਂ ਨੂੰ ਚਿੱਟੇ ਸਮੇਤ ਕੀਤਾ ਕਾਬੂ

ਬਠਿੰਡਾ 25 ਸਤੰਬਰ। ਥਾਣਾ ਸੰਗਤ ਅਧੀਨ ਪੈਂਦੀ ਪੁਲਸ ਚੌਕੀ ਪਥਰਾਲਾ ਦੀ ਪੁਲਸ ਨੇ ਨਰ ਸਿੰਘ ਕਾਲੋਨੀ ਨੇੜਿਓਂ ਦੋ ਨੌਜਵਾਨਾਂ ਨੂੰ 6 ਗ੍ਰਾਮ ਚਿੱਟੇ ਸਮੇਤ ਕਾਬੂ ਕੀਤਾ ਗਿਆ ਹੈ। ਪੁਲਸ ਚੌਕੀ ਦੇ ਇੰਚਾਰਜ ਸਹਾਇਕ ਥਾਣੇਦਾਰ ਧਰਮਵੀਰ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਨਰ ਸਿੰਘ ਕਾਲੋਨੀ ਵੱਲ ਜਾ ਰਹੇ ਸਨ, ਜਦੋਂ ਪੁਲਸ ਪਾਰਟੀ ਨਰ ਸਿੰਘ ਕਾਲੋਨੀ ਨੇੜੇ ਪਹੁੰਚੀ ਤਾਂ ਰੇਲਵੇ ਲਾਈਨ ਵੱਲ ਜਾਂਦੇ ਰਸਤੇ ਦੇ ਖੱਬੇ ਪਾਸੇ ਖਾਲੀ ਥਾਂ 'ਚ ਦੋ ਨੌਜਵਾਨ ਬੈਠੇ ਦਿਖਾਈ ਦਿੱਤੇ। ਉਕਤ ਨੌਜਵਾਨ ਪੁਲਸ ਪਾਰਟੀ ਨੂੰ ਦੇਖ ਕੇ ਆਪਣੇ ਹੱਥ 'ਚ ਫੜੇ ਲਿਫਾਫੇ ਨੂੰ ਲੁਕਾਉਣ ਦੀ ਕੋਸ਼ਿਸ਼ ਕਰਨ ਲੱਗੇ।

ਕਾਰ ਨੇ ਓਵਰਟੇਕ ਕਰਦੇ ਸਮੇਂ ਮੋਟਰਸਾਈਕਲ ਨੂੰ ਮਾਰੀ ਟੱਕਰ

ਅਬੋਹਰ 25 ਸਤੰਬਰ। ਬੀਤੀ ਦੁਪਹਿਰ ਸ਼?ਰੀ ਗੰਗਾਨਗਰ ਰੋਡ 'ਤੇ ਆਲਮਗੜ੍ਹ ਨੇੜੇ ਮੋਦੀ ਪੈਟਰੋਲ ਪੰਪ ਦੇ ਨੇੜੇ ਇੱਕ ਤੇਜ਼ ਰਫ਼ਤਾਰ ਕਾਰ ਨੇ ਮੋਟਰਸਾਈਕਲ

ਸਵਾਰ ਪਿਤਾ ਅਤੇ ਧੀ ਨੂੰ ਟੱਕਰ ਮਾਰ ਦਿੱਤੀ। ਦੋਵੇਂ ਸੜਕ 'ਤੇ ਡਿੱਗ ਗਏ ਅਤੇ ਗੰਭੀਰ ਜ਼ਖ਼ਮੀ ਹੋ ਗਏ। ਟੱਕਰ ਤੋਂ ਬਾਅਦ ਕਾਰ ਚਾਲਕ ਮੌਕੇ ਤੋਂ ਭੱਜ ਗਿਆ। ਨੇੜਲੇ ਨਿਵਾਸੀਆਂ ਤੋਂ ਜਾਣਕਾਰੀ ਮਿਲਣ 'ਤੇ, 108 ਐਂਬੂਲੈਂਸ ਪਹੁੰਚੀ ਅਤੇ ਜ਼ਖਮੀਆਂ ਨੂੰ ਸਿਵਲ ਹਸਪਤਾਲ ਅਬੋਹਰ ਪਹੁੰਚਾਇਆ, ਜਿੱਥੇ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਰੈਫ਼ਰ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਸ਼?ਰੀਗੰਗਾਨਗਰ ਵਾਸੀ ਲਗਭਗ 45 ਸਾਲਾ ਸੁਨੀਲ ਕੁਮਾਰ ਪੁੱਤਰ ਲਾਲ ਚੰਦ ਆਪਣੀ 16 ਸਾਲਾ ਧੀ ਦਿਵਿਆ ਦੇ ਨਾਲ ਮੋਟਰਸਾਈਕਲ 'ਤੇ ਸ਼?ਰੀ ਗੰਗਾਨਗਰ ਤੋਂ ਅਬੋਹਰ ਆ ਰਿਹਾ ਸੀ। ਜਦੋਂ ਉਹ ਆਲਮਗੜ੍ਹ ਨੇੜੇ ਮੋਦੀ ਪੈਟਰੋਲ ਪੰਪ 'ਤੇ ਪਹੁੰਚੇ, ਤਾਂ ਸ਼?ਰੀ ਗੰਗਾਨਗਰ ਤੋਂ ਆ ਰਹੀ ਇੱਕ ਤੇਜ਼ ਰਫ਼ਤਾਰ ਕਾਰ ਨੇ ਉਨ੍ਹਾਂ ਨੂੰ ਪਿੱਛੇ ਤੋਂ ਓਵਰਟੇਕ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਕਾਰ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਮੋਟਰਸਾਈਕਲ ਸਵਾਰ ਪਿਤਾ ਅਤੇ ਧੀ ਸੜਕ 'ਤੇ ਡਿੱਗ ਗਏ ਅਤੇ ਦੋਵਾਂ ਨੂੰ ਗੰਭੀਰ ਸੱਟਾਂ ਲੱਗੀਆਂ। ਕਾਰ ਚਾਲਕ ਬਿਨਾਂ ਰੁਕੇ ਮੌਕੇ ਤੋਂ ਭੱਜ ਗਿਆ। ਹਾਦਸੇ ਤੋਂ ਬਾਅਦ ਸੜਕ 'ਤੇ ਭੀੜ ਇਕੱਠੀ ਹੋ ਗਈ। ਰਾਹਗੀਰਾਂ ਅਤੇ ਨੇੜਲੇ ਨਿਵਾਸੀਆਂ ਨੇ ਤੁਰੰਤ 108 ਐਂਬੂਲੈਂਸ ਅਤੇ 112 ਹੈਲਪਲਾਈਨਾਂ ਨੂੰ ਸੂਚਿਤ ਕੀਤਾ। ਸੂਚਨਾ ਮਿਲਣ 'ਤੇ ਐਂਬੂਲੈਂਸ ਕਰਮਚਾਰੀ ਘਟਨਾ ਸਥਾਨ 'ਤੇ ਪਹੁੰਚੇ ਅਤੇ ਦੋਵਾਂ ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ, ਅਬੋਹਰ ਲੈ ਗਏ। ਹਸਪਤਾਲ ਦੇ ਡਾਕਟਰਾਂ ਨੇ ਦੋਹਾਂ ਨੂੰ ਮੁੱਢਲੀ ਸਹਾਇਤਾ ਦਿੱਤੀ ਪਰ ਉਨ੍ਹਾਂ ਦੀਆਂ ਸੱਟਾਂ ਦੀ ਗੰਭੀਰਤਾ ਕਾਰਨ, ਉਨ੍ਹਾਂ ਨੂੰ ਅਗਲੇ ਇਲਾਜ ਲਈ ਰੈਫ਼ਰ ਕਰ ਦਿੱਤਾ ਗਿਆ। ਹਾਦਸੇ ਤੋਂ ਬਾਅਦ ਪੁਲਿਸ ਨੇ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਫ਼ਰਾਰ ਕਾਰ ਚਾਲਕ ਦੀ ਭਾਲ ਸ਼ੁਰੂ ਕਰ ਦਿੱਤੀ।

ਘਰੇਲੂ ਕਲੇਸ਼ ਨੇ ਧਾਰਿਆ ਭਿਆਨਕ ਰੂਪ : ਪਤਨੀ ਨੂੰ ਕੁੱਟਿਆ, ਫੋਨ ਤੋੜਿਆ... ਫਿਰ ਫਾਹੇ ਨਾਲ ਲਟਕ ਕੇ ਦਿੱਤੀ ਜਾਨ

ਕੌਮੀ ਪਤ੍ਰਿਕਾ

ਦਰਭੰਗਾ 25 ਸਤੰਬਰ। ਆਪਣੀ ਪਤਨੀ ਨਾਲ ਝਗੜੇ ਤੋਂ ਬਾਅਦ, ਇੱਕ ਨੌਜਵਾਨ ਨੇ ਇੱਕ ਸਖ਼ਤ ਕਦਮ ਚੁੱਕਿਆ ਜਿਸ ਨੇ ਪਰਿਵਾਰ ਨੂੰ ਪਲਾਂ ਵਿੱਚ ਹੀ ਸੋਗ ਵਿੱਚ ਡੁੱਬ ਦਿੱਤਾ। ਉਸਨੇ ਪਹਿਲਾਂ ਆਪਣੀ ਪਤਨੀ ਨੂੰ ਘਰ ਬੁਲਾਇਆ, ਰਸਤੇ ਵਿੱਚ ਉਸ 'ਤੇ ਹਮਲਾ ਕੀਤਾ ਅਤੇ ਫਿਰ ਉਸਨੂੰ ਘਰ ਦੇ ਬਾਹਰ ਛੱਡਣ ਤੋਂ ਬਾਅਦ, ਆਪਣੇ ਆਪ ਨੂੰ ਇੱਕ ਕਮਰੇ ਵਿੱਚ ਬੰਦ ਕਰ ਲਿਆ। ਸਭ ਤੋਂ ਭੈੜੇ ਹੋਣ ਤੋਂ ਡਰਦੇ ਹੋਏ, ਪਤਨੀ ਨੇ ਡਾਇਲ-112 ਐਮਰਜੈਂਸੀ ਸੇਵਾ ਨੂੰ ਸੂਚਿਤ ਕੀਤਾ। ਜਦੋਂ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਦਰਵਾਜ਼ਾ ਤੋੜਿਆ ਤਾਂ ਉਨ੍ਹਾਂ ਨੇ ਆਦਮੀ ਨੂੰ ਛੱਤ ਵਾਲੇ ਪੱਖੇ ਨਾਲ ਸਾੜੀ ਨਾਲ ਲਟਕਿਆ ਹੋਇਆ ਪਾਇਆ। ਇਹ ਘਟਨਾ ਸੋਮਵਾਰ ਦੇਰ ਰਾਤ ਬਿਰੌਲ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਕਮਾਲਪੁਰ ਪਿੰਡ ਵਿੱਚ ਵਾਪਰੀ। ਮ੍ਰਿਤਕ ਦੀ ਪਛਾਣ ਰਘੁਵਰ ਕੁਮਾਰ ਸਾਹਨੀ ਵਜੋਂ ਹੋਈ ਹੈ, ਜੋ ਕਿ ਸਵਰਗੀ ਸੁਖਨੰਦਨ ਸਾਹਨੀ ਦਾ ਪੁੱਤਰ ਹੈ। ਰਘੁਵਰ ਦੀ ਪਤਨੀ ਰਿੰਕੂ ਕੁਮਾਰੀ ਨੇ ਪੋਸਟਮਾਰਟਮ ਸੈਂਟਰ ਵਿੱਚ ਦੱਸਿਆ ਕਿ ਪਰਿਵਾਰ ਲਹਿਰੀਆਸਰਾਏ ਦੇ ਖਜਾਸਰਾਏ ਇਲਾਕੇ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ। ਉਹ ਆਪਣੇ ਪਤੀ ਨਾਲ ਰੱਖੜੀ ਦੇ ਤਿਉਹਾਰ ਲਈ ਬਾਰਕਪੁਰ ਪਿੰਡ ਵਿੱਚ ਆਪਣੇ ਨਾਨਕੇ ਘਰ ਗਈ ਸੀ। ਸੋਮਵਾਰ ਨੂੰ ਰਘੁਵਰ ਕਮਾਲਪੁਰ ਪਿੰਡ ਦੇ ਵਾਰਡ 13 ਵਿੱਚ ਉਨ੍ਹਾਂ ਦੇ ਬੰਦ ਘਰ ਗਿਆ। ਦੁਪਹਿਰ 3 ਵਜੇ ਦੇ ਕਰੀਬ, ਉਸਨੇ ਫ਼ੋਨ ਕੀਤਾ ਅਤੇ ਉਸਨੂੰ ਪੇਟੀਐਮ ਰਾਹੀਂ ?1,000 ਭੇਜਣ ਲਈ ਕਿਹਾ। ਰਿੰਕੂ ਨੇ ਕਿਹਾ ਕਿ ਉਸ ਕੋਲ ਇੰਨੇ ਜ਼ਿਆਦਾ ਨਹੀਂ ਹਨ ਪਰ ਉਸਨੇ ?700 ਭੇਜਣ ਦੀ ਪੇਸ਼ਕਸ਼ ਕੀਤੀ; ਉਸਨੇ ਬਾਅਦ ਵਿੱਚ ਦੋ

ਵਾਰ ?500 ਭੇਜੇ। ਪੈਸੇ ਭੇਜਣ ਤੋਂ ਲਗਪਗ ਇੱਕ ਘੰਟੇ ਬਾਅਦ ਜੋੜੇ ਵਿਚਕਾਰ ਫ਼ੋਨ 'ਤੇ ਬਹਿਸ ਹੋ ਗਈ। ਦੋਸ਼ ਹੈ ਕਿ ਰਘੂਵਰ ਨੇ ਗੁੱਸੇ ਵਿੱਚ ਉਸਦਾ ਮੋਬਾਈਲ ਫ਼ੋਨ ਤੋੜ ਦਿੱਤਾ ਫਿਰ ਉਸਨੇ ਆਪਣੀ ਪਤਨੀ ਨੂੰ ਉਸਦੇ ਨਾਨਕੇ ਘਰ ਤੋਂ ਕਮਾਲਪੁਰ ਸਥਿਤ ਉਨ੍ਹਾਂ ਦੇ ਘਰ ਆਉਣ ਲਈ ਕਿਹਾ। ਰਾਤ ਨੂੰ ਚਾਰ ਬੱਚਿਆਂ ਨਾਲ ਇਕੱਲੇ ਯਾਤਰਾ ਕਰਨ ਵਿੱਚ ਅਸਮਰੱਥਾ ਜ਼ਾਹਰ ਕਰਨ ਦੇ ਬਾਵਜੂਦ ਉਸਨੇ ਜ਼ੋਰ ਦਿੱਤਾ। ਇਹ ਸਹਿਮਤੀ ਹੋਈ ਕਿ ਉਹ ਰਸਤੇ ਵਿੱਚ ਮਿਲਣਗੇ। ਰਿੰਕੂ ਬੱਚਿਆਂ ਨੂੰ ਉਸਦੇ ਨਾਨਕੇ ਘਰ ਛੱਡ ਗਈ ਅਤੇ ਆਪਣੇ ਸਹੁਰੇ ਘਰ ਲਈ ਇਕੱਲੀ ਨਿਕਲ ਗਈ। ਰਿੰਕੂ ਦੇ ਅਨੁਸਾਰ, ਉਸਨੇ ਰਘੂਵਰ ਨੂੰ ਆਪਣੇ ਸਹੁਰਿਆਂ ਦੇ ਘਰ ਤੋਂ ਥੋੜ੍ਹੀ ਦੂਰੀ 'ਤੇ ਇੱਕ ਖੇਤ ਵਿੱਚ ਬੈਠਾ ਪਾਇਆ। ਉੱਥੇ, ਉਸਨੇ ਉਸ ਨਾਲ ਹਮਲਾ ਕੀਤਾ ਅਤੇ ਉਸਨੂੰ ਕਮਾਲਪੁਰ ਸਥਿਤ ਘਰ ਲੈ ਗਿਆ। ਘਰ ਪਹੁੰਚਣ 'ਤੇ ਰਘੂਵਰ ਆਪਣੀ ਪਤਨੀ ਨੂੰ ਬਾਹਰ ਛੱਡ ਗਿਆ, ਕਮਰੇ ਵਿੱਚ ਚਲਾ ਗਿਆ ਅਤੇ ਦਰਵਾਜ਼ਾ ਬੰਦ ਕਰ ਦਿੱਤਾ। ਇੱਕ ਦੁਖਾਂਤ ਦਾ ਪਤਾ ਲਗਾਉਂਦੇ ਹੋਏ, ਰਿੰਕੂ ਨੇ ਡਾਇਲ-112 ਨੂੰ ਸੂਚਿਤ ਕੀਤਾ। ਇੱਕ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਦਰਵਾਜ਼ਾ ਤੋੜ ਦਿੱਤਾ। ਕਮਰੇ ਦੇ ਅੰਦਰ, ਰਘੂਵਰ ਛੱਤ ਵਾਲੇ ਪੱਖੇ ਨਾਲ ਸਾੜੀ ਨਾਲ ਲਟਕਿਆ ਹੋਇਆ ਮਿਲਿਆ। ਪੁਲਿਸ ਨੇ ਲਾਸ਼ ਨੂੰ ਹੇਠਾਂ ਲਿਆਂਦਾ ਅਤੇ ਪੋਸਟਮਾਰਟਮ ਜਾਂਚ ਲਈ ਭੇਜ ਦਿੱਤਾ। ਘਟਨਾ ਤੋਂ ਬਾਅਦ ਪਰਿਵਾਰ ਸੋਗ ਦੀ ਸਥਿਤੀ ਵਿੱਚ ਹੈ। ਪੋਸਟਮਾਰਟਮ ਦੌਰਾਨ ਪੁਲਿਸ ਨੇ ਵਿਸੇਰਾ ਸੈਂਪਲ ਸੁਰੱਖਿਅਤ ਰੱਖਿਆ। ਪੁਲਿਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਘਟਨਾ ਦੇ ਕਾਰਨ ਹੋਏ ਝਗੜੇ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਪਰਿਵਾਰਕ ਮੈਂਬਰਾਂ ਤੋਂ ਜਾਣਕਾਰੀ ਵੀ ਇਕੱਠੀ ਕਰ ਰਹੀ ਹੈ।

ਪੰਜਾਬ 'ਚ 30,00,00,000 ਰੁਪਏ ਦੇ ਨਸ਼ੇ ਸਮੇਤ ਫੜੇ ਗਏ 3 ਮੁੰਡੇ

ਫਿਰੋਜ਼ਪੁਰ 25 ਸਤੰਬਰ। ਫਿਰੋਜ਼ਪੁਰ ਪੁਲਸ ਨੂੰ ਨਸ਼ਾ ਤਸਕਰੀ ਦੇ ਖ਼?ਲਾਫ਼ ਵੱਡੀ ਸਫ਼ਲਤਾ ਮਿਲੀ ਹੈ। ਜ਼ਿਲ੍ਹਾ ਫਿਰੋਜ਼ਪੁਰ ਦੀ ਜ਼ੀਰਾ ਸੀ. ਆਈ.ਏ. ਪੁਲਸ ਨੇ ਤਿੰਨ ਨੌਜਵਾਨਾਂ ਨੂੰ ਕਾਬੂ ਕਰ ਕੇ ਉਨ੍ਹਾਂ ਦੇ ਕਬਜ਼ੇ 'ਚੋਂ 6 ਕਿੱਲੋ 275 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਬਰਾਮਦ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ 30 ਕਰੋੜ ਰੁਪਏ ਤੋਂ ਵੱਧ ਦੱਸੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਐੱਸ. ਪੀ. ਫਿਰੋਜ਼ਪੁਰ ਭੂਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਤਿੰਨ ਨੌਜਵਾਨਾਂ ਨੂੰ ਕਾਬੂ ਕਰ ਕੇ ਉਨ੍ਹਾਂ ਦੇ ਕਬਜ਼ੇ 'ਚੋਂ 6 ਕਿੱਲੋ 275 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਹ ਹੈਰੋਇਨ ਪਾਕਿਸਤਾਨ ਦੇ ਨਸ਼ਾ ਤਸਕਰਾਂ ਵੱਲੋਂ ਭੇਜੀ ਗਈ ਸੀ। ਪੁਲਸ ਨੇ ਗੁਪਤ ਸੂਚਨਾ ਮਿਲਣ 'ਤੇ ਨਾਕਾਬੰਦੀ ਕਰ ਕੇ ਇਨ੍ਹਾਂ ਨੂੰ ਰੋਕਿਆ ਤਾਂ ਤਲਾਸ਼ੀ ਦੌਰਾਨ ਇਨ੍ਹਾਂ ਕੋਲੋਂ ਹੈਰੋਇਨ ਬਰਾਮਦ ਹੋਈ। ਫੜੇ ਗਏ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ, ਤਾਂ ਜੋ ਨਸ਼ਾ ਤਸਕਰੀ ਨਾਲ ਜੁੜੇ ਪੂਰੇ ਨੈੱਟਵਰਕ ਦਾ ਪਤਾ ਲਗਾਇਆ ਜਾ ਸਕੇ। ਉੱਥੇ ਹੀ ਇਸ ਮਾਮਲੇ ਵਿਚ 2 ਹੋਰ ਮੁਲਜ਼ਮਾਂ ਦੀ ਭਾਲ ਵੀ ਅਜੇ ਜਾਰੀ ਹੈ। ਪੁਲਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਤੋਂ ਪੁੱਛਗਿੱਛ ਦੇ ਅਧਾਰ 'ਤੇ ਮਾਮਲੇ ਵਿਚ ਅੱਗੇ ਹੋਰ ਖ਼ੁਲਾਸੇ ਹੋਣ ਦੀ ਸੰਭਾਵਨਾ ਹੈ।

ਲੱਖਾਂ ਰੁਪਏ ਦੀ ਹੈਰੋਇਨ ਸਣੇ 10 ਮੁਲਜ਼ਮ ਗ੍ਰਿਫ਼ਤਾਰ

ਫਿਰੋਜ਼ਪੁਰ 25 ਸਤੰਬਰ। ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ-ਵੱਖ ਥਾਨਿਆਂ ਦੀ ਪੁਲਸ ਨੇ 4 ਮੁਲਜ਼ਮਾਂ ਨੂੰ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਥਾਣਾ ਸਦਰ ਫਿਰੋਜ਼ਪੁਰ ਦੇ ਸਬ-ਇੰਸਪੈਕਟਰ ਵਿਨੋਦ ਕੁਮਾਰ ਨੇ ਦੱਸਿਆ ਕਿ ਗਸ਼ਤ ਦੌਰਾਨ ਉਨ੍ਹਾਂ ਦੀ ਪੁਲਸ ਪਾਰਟੀ ਵੱਲੋਂ ਅਨਮੋਲ ਸਿੰਘ ਉਰਫ ਗੌਰੀ ਨੂੰ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਜਿਸ ਦੀ ਤਲਾਸ਼ੀ ਲੈਣ 'ਤੇ 3 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਆਰਿਫਕੇ ਦੇ ਸਬ-ਇੰਸਪੈਕਟਰ ਹਰਮਹਿਤਾਬ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਪੁਲਸ ਪਾਰਟੀ ਨੇ ਪਿੰਡ ਗੁਲਾਮੀ ਵਾਲਾ ਦੀ ਦਾਨਾ ਮੰਡੀ 'ਚ ਇਕ ਸ਼ੱਕੀ ਨੌਜਵਾਨ ਨੂੰ ਸ਼ੈੱਡ ਦੇ ਹੇਠਾਂ ਬੈਠੇ ਨਸ਼ਾ ਕਰਦਿਆਂ ਵੇਖਿਆ ਜਿਸ ਨੂੰ ਗ੍ਰਿਫ਼ਤਾਰ ਕਰ ਕੇ ਜਦੋਂ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ 2.17 ਗ੍ਰਾਮ ਹੈਰੋਇਨ, ਸਿਲਵਰ ਪੇਪਰ ਅਤੇ ਇਕ ਲਾਈਟਰ ਬਰਾਮਦ ਹੋਇਆ। ਉਨ੍ਹਾਂ ਦੱਸਿਆ ਕਿ ਫੜ੍ਹੇ ਗਏ ਮੁਲਜ਼ਮ ਨੇ ਪੁੱਛ-ਗਿੱਛ ਦੌਰਾਨ ਪੁਲਸ ਨੂੰ ਆਪਣਾ



ਨਾਂ ਇੰਦਰਜੀਤ ਸਿੰਘ ਦੱਸਿਆ। ਉੱਥੇ ਹੀ ਥਾਣਾ ਘੱਲਖੁਰਦ ਦੇ ਏ. ਐੱਸ. ਆਈ. ਵਿਕਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਵੱਲੋਂ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰਦਿਆਂ ਪ੍ਰਿੰਸ ਉਰਫ ਵੰਸ਼ ਨਾਂ ਦੇ ਮੁਲਜ਼ਮ ਨੂੰ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਜਿਸ ਦੀ ਤਲਾਸ਼ੀ ਲੈਣ 'ਤੇ 6 ਗ੍ਰਾਮ ਹੈਰੋਇਨ ਬਰਾਮਦ ਹੋਈ। ਦੂਜੇ ਪਾਸੇ ਥਾਣਾ ਮੱਖੂ ਦੇ ਏ. ਐੱਸ. ਆਈ. ਸੁਖਦੇਵ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਉਨ੍ਹਾਂ ਦੀ ਪੁਲਸ ਪਾਰਟੀ ਨੇ ਰਛਪਾਲ ਸਿੰਘ ਉਰਫ ਜੱਸਾ ਨਾਂ ਦੇ ਮੁਲਜ਼ਮ ਨੂੰ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਜਿਸ ਦੀ ਤਲਾਸ਼ੀ ਲੈਣ 'ਤੇ 3 ਗ੍ਰਾਮ ਹੈਰੋਇਨ ਬਰਾਮਦ ਹੋਈ। ਹੈਰੋਇਨ ਸਮੇਤ ਫੜ੍ਹੇ ਗਏ ਮੁਲਜ਼ਮਾਂ ਖ਼?ਲਾਫ਼ ਪੁਲਸ ਨੇ ਥਾਣਾ ਸਦਰ ਫਿਰੋਜ਼ਪੁਰ, ਥਾਣਾ ਆਰਿਫਕੇ ਤੇ ਥਾਣਾ ਮੱਖੂ 'ਚ ਮਾਮਲੇ ਦਰਜ ਕੀਤੇ ਹਨ ਅਤੇ ਪੁੱਛਗਿੱਛ ਕੀਤੀ ਜਾ ਰਹੀ ਹੈ।

ਮਾਨਸਾ 'ਚੋਂ ਕਰੋੜਾਂ ਰੁਪਏ ਦੀ ਹੈਰੋਇਨ ਸਣੇ 2 ਮੁਲਜ਼ਮ ਕਾਬੂ

ਮਾਨਸਾ 25 ਸਤੰਬਰ। ਮਾਨਸਾ ਪੁਲਸ ਨੇ ਵੱਡੀ ਕਾਰਵਾਈ ਕਰਦਿਆਂ ਕਰੋੜਾਂ ਰੁਪਏ ਦੀ ਹੈਰੋਇਨ ਤੇ ਪਿਸਟਲ ਸਣੇ 2 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਮਾਨਸਾ ਦੇ ਐੱਸ. ਐੱਸ. ਪੀ. ਵੈਭਵ ਚੌਧਰੀ ਨੇ ਦੱਸਿਆ ਕਿ ਮਾਨਸਾ ਸੀ. ਆਈ.ਏ. ਦੀ ਟੀਮ ਨੇ ਨਾਨਕੇ ਦੌਰਾਨ ਬੁਢਲਾਡਾ ਨੇੜੇ ਇਕ ਸਵਿਫ਼ਟ ਕਾਰ ਤਲਾਸ਼ੀ ਲਈ ਰੋਕੀ ਤਾਂ ਗੱਡੀ ਵਿਚੋਂ ਇਕ ਪਿਸਟਲ 32 ਬੋਰ ਅਤੇ 260 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਸ ਨੇ ਗੱਡੀ ਵਿਚ ਸਵਾਰ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਫੜੇ ਗਏ ਨੌਜਵਾਨਾਂ ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਹਨ ਤੇ ਉਨ੍ਹਾਂ 'ਤੇ ਪਹਿਲਾਂ ਵੀ ਕਈ ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਹ ਹੈਰੋਇਨ ਕਿੱਥੋਂ ਲੈ ਕੇ ਆਏ ਸਨ ਤੇ ਮਾਨਸਾ ਵਿਚ ਕਿੱਥੇ ਵੇਚਣੀ ਸੀ। ਐੱਸ. ਐੱਸ. ਪੀ. ਨੇ ਚੇਤਾਵਨੀ ਦਿੱਤੀ ਕਿ ਕਿਸੇ ਵੀ ਗਲਤ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ।

ਜੀਜੇ ਨੇ ਰਚੀ ਖ਼ੌਫਨਾਕ ਸਾਜ਼ਿਸ਼ ! 'ਚਾਬੀ ਲੈਣੀ ਹੈ' ਕਹਿ ਕੇ ਸਕੂਲ ਤੋਂ 15 ਸਾਲਾ ਸਾਲੇ ਨੂੰ ਲੈ ਗਿਆ

ਕੌਮੀ ਪਤ੍ਰਿਕਾ

ਹਸਨਪੁਰ (ਅਮਰੋਹਾ) 25 ਸਤੰਬਰ। ਕੋਤਵਾਲੀ ਖੇਤਰ ਦੇ ਗੰਗਾਚੋਲੀ ਪਿੰਡ 'ਚ ਜੀਜੇ ਨੇ ਅੱਠਵੀਂ ਜਮਾਤ ਦੇ 15 ਸਾਲਾ ਸਾਲੇ ਜਿਤੇਂਦਰ ਨੂੰ ਸਕੂਲ ਤੋਂ ਬਾਹਰ ਬੁਲਾ ਕੇ ਚਾਕੂ ਨਾਲ ਤਾਬੜਤੋੜ ਵਾਰ ਕਰਕੇ ਗੰਭੀਰ ਰੂਪ 'ਚ ਜ਼ਖ਼ਮੀ ਕਰ ਦਿੱਤਾ। ਬੱਚਿਆਂ ਦੀਆਂ ਚੀਕਾਂ ਸੁਣ ਕੇ ਆਸ-ਪਾਸ ਦੇ ਲੋਕਾਂ ਨੇ ਮੁਲਜ਼ਮ ਨੂੰ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ। ਮੁੱਢਲੇ ਇਲਾਜ ਤੋਂ ਬਾਅਦ ਵਿਦਿਆਰਥੀ ਨੂੰ ਉੱਚ ਕੇਂਦਰ ਲਈ ਰੈਫਰ ਕਰ ਦਿੱਤਾ ਗਿਆ ਹੈ। ਕੋਤਵਾਲੀ ਖੇਤਰ ਦੇ ਗੰਗਾਚੋਲੀ ਪਿੰਡ ਵਾਸੀ ਕੈਲਾਸ਼ ਸਿੰਘ ਪੈਰਾਲਿਸਿਸ ਕਾਰਨ ਬਿਮਾਰ ਚੱਲ ਰਹੇ ਹਨ। ਉਨ੍ਹਾਂ ਦੇ ਪਰਿਵਾਰ 'ਚ ਪਤਨੀ ਨੀਰਜ ਦੇਵੀ, ਤਿੰਨ ਧੀਆਂ ਤੇ ਇੱਕ 15 ਸਾਲਾ ਪੁੱਤਰ ਜਿਤੇਂਦਰ ਹੈ। ਉਹ ਆਪਣੀਆਂ ਵੱਡੀਆਂ ਦੋ ਧੀਆਂ ਦਾ ਵਿਆਹ ਕਰ ਚੁੱਕੇ ਹਨ। ਮੰਗਲਵਾਰ ਨੂੰ ਕੈਲਾਸ਼ ਦੇ ਭਤੀਜੇ ਦਿਨੇਸ਼ ਦੇ ਪੁੱਤਰ ਦਾ ਨਾਮਕਰਨ ਸਮਾਗਮ ਸੀ, ਜਿਸ 'ਚ ਸਾਰੇ ਰਿਸ਼ਤੇਦਾਰ ਆਏ ਹੋਏ ਸਨ। ਜਿਤੇਂਦਰ ਪਿੰਡ ਦੇ ਹੀ ਇੱਕ ਨਿੱਜੀ ਸਕੂਲ 'ਚ ਅੱਠਵੀਂ ਜਮਾਤ 'ਚ ਪੜ੍ਹਦਾ ਹੈ। ਸ਼ੁੱਕਰਵਾਰ ਨੂੰ ਉਹ ਸਕੂਲ ਗਿਆ ਹੋਇਆ ਸੀ। ਸਵੇਰੇ ਕਰੀਬ 11 ਵਜੇ ਉਨ੍ਹਾਂ ਦਾ ਜਵਾਈ ਨਰੇਸ਼ ਕੁਮਾਰ, ਵਾਸੀ ਸੁਤਾਰੀ, ਥਾਣਾ ਸੈਦਨਗਲੀ, ਸਕੂਲ ਪਹੁੰਚਿਆ। ਉਸ ਨੇ ਅਧਿਆਪਕ ਨੂੰ ਕਿਹਾ ਕਿ ਜਿਤੇਂਦਰ ਉਸ ਦਾ ਸਾਲਾ ਹੈ ਤੇ ਉਸ ਨੂੰ ਚਾਬੀ ਲੈਣ ਲਈ ਘਰ ਤੱਕ ਲੈ ਕੇ ਜਾਣਾ ਹੈ। ਅਧਿਆਪਕ ਨੇ ਵਿਦਿਆਰਥੀ ਨੂੰ ਉਸ ਦੇ ਨਾਲ ਭੇਜ ਦਿੱਤਾ। ਸਕੂਲ ਤੋਂ ਕਰੀਬ 30 ਮੀਟਰ ਦੂਰ ਪਹੁੰਚਣ ਤੋਂ ਬਾਅਦ ਜੀਜੇ ਨੇ ਸਾਲੇ 'ਤੇ ਚਾਕੂ ਨਾਲ ਕਈ ਵਾਰ ਕਰ ਦਿੱਤੇ। ਉਸ ਦੇ ਪੇਟ ਸਮੇਤ ਸਰੀਰ ਦੇ ਕਈ ਹਿੱਸਿਆਂ 'ਤੇ ਜ਼ਖ਼ਮ ਹੋ ਗਏ। ਪਰਿਵਾਰਕ ਮੈਂਬਰ ਤੁਰੰਤ ਜ਼ਖ਼ਮੀ ਨੂੰ ਕੋਤਵਾਲੀ ਲੈ ਗਏ। ਪੁਲਿਸ ਨੇ ਉਸ ਨੂੰ ਕਮਿਊਨਿਟੀ ਹੈਲਥ ਸੈਂਟਰ 'ਚ ਦਾਖ਼ਲ ਕਰਵਾਇਆ। ਡਾਕਟਰ ਨੇ ਹਾਲਤ ਗੰਭੀਰ ਦੇਖਦਿਆਂ ਉਸ ਨੂੰ ਜ਼ਿਲ੍ਹਾ ਹਸਪਤਾਲ ਰੈਫਰ ਕਰ ਦਿੱਤਾ। ਸੀਓ ਪੰਕਜ ਕੁਮਾਰ ਤਿਆਗੀ ਨੇ ਦੱਸਿਆ ਕਿ ਵਿਦਿਆਰਥੀ 'ਤੇ ਚਾਕੂ ਨਾਲ ਹਮਲਾ ਕਰਨ ਦੇ ਮਾਮਲੇ 'ਚ ਮੁਲਜ਼ਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਮੜਵਾ ਪਹਾੜ ਛੇੜਛਾੜ ਮਾਮਲੇ ਦੇ ਮੁੱਖ ਮੁਲਜ਼ਮ ਨੰਦਨ ਯਾਦਵ ਦੇ ਪਿਤਾ ਗਨੌਰੀ ਯਾਦਵ ਦੇ 23 ਸਾਲ ਬਾਅਦ ਸਲਾਖਾਂ ਪਿੱਛੇ ਪਹੁੰਚਣ ਨਾਲ ਭਾਵੇਂ ਪੁਲਿਸ ਨੇ ਰਾਹਤ ਦਾ ਸਾਹ ਲਿਆ ਹੈ, ਪਰ ਇਸ ਕਾਰਵਾਈ ਨੇ ਜਮੁਈ ਪੁਲਿਸ ਦੇ ਸਾਹਮਣੇ ਇੱਕ ਵੱਡਾ ਅਤੇ ਗੰਭੀਰ ਸਵਾਲ ਵੀ ਖੜ੍ਹਾ ਕਰ ਦਿੱਤਾ ਹੈ। ਸਵਾਲ ਇਹ ਹੈ ਕਿ ਪ੍ਰਤਾਪਪੁਰ ਪਿੰਡ ਵਿੱਚ ਦੋ ਸਕੇ ਭਰਾਵਾਂ ਪੂਨਾ ਯਾਦਵ ਅਤੇ ਡੀਪੀ ਨੂੰ ਗੋਲੀਆਂ ਮਾਰ ਕੇ ਕਤਲ ਕਰਨ ਵਾਲੇ ਹੋਰ ਤਿੰਨ ਨਾਮਜ਼ਦ ਮੁਲਜ਼ਮ—ਮਕੇਸ਼ਵਰ ਯਾਦਵ ਉਰਫ਼ ਮਾਕੋ, ਮਹੇਸ਼ ਯਾਦਵ ਅਤੇ ਬੰਦਾ ਯਾਦਵ ਪਿਛਲੇ 23 ਸਾਲਾਂ ਤੋਂ ਕਿੱਥੇ ਲੁਕੇ ਹੋਏ ਹਨ

ਕੇਂਦਰੀ ਜੇਲ੍ਹ 'ਚੋਂ 3 ਮੋਬਾਈਲ ਤੇ ਚਾਰਜਰ ਬਰਾਮਦ, 8 ਹਵਾਲਾਤੀਆਂ ਖ਼ਿਲਾਫ਼ ਮੁਕੱਦਮਾ ਦਰਜ

ਫ਼ਰੀਦਕੋਟ 25 ਸਤੰਬਰ। ਕੇਂਦਰੀ ਜੇਲ੍ਹ ਫ਼ਰੀਦਕੋਟ ਵਿਚ ਜੇਲ ਪ੍ਰਸ਼ਾਸਨ ਵੱਲੋਂ ਕੀਤੀ ਗਈ ਅਚਨਚੇਤ ਤਲਾਸ਼ੀ ਦੌਰਾਨ ਵੱਖ-ਵੱਖ ਬੈਰਕਾਂ ਵਿਚੋਂ 3 ਮੋਬਾਈਲ ਅਤੇ ਇਕ ਚਾਰਜਰ ਬਰਾਮਦ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜੇਲ੍ਹ ਅਧਿਕਾਰੀ ਦੀ ਸ਼ਿਕਾਇਤ 'ਤੇ ਥਾਣਾ ਸਿਟੀ ਫ਼ਰੀਦਕੋਟ ਪੁਲਸ ਨੇ 8 ਹਵਾਲਾਤੀਆਂ ਖ਼?ਲਾਫ਼ ਮੁਕੱਦਮਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫ਼ਰੀਦਕੋਟ ਵੱਲੋਂ ਥਾਣਾ ਸਿਟੀ ਫ਼ਰੀਦਕੋਟ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਗਿਆ ਕਿ ਜੇਲ੍ਹ ਗਾਰਦ ਨੂੰ ਨਾਲ ਲੈ ਕੇ ਜੇਲ੍ਹ ਦੀਆਂ ਵੱਖ-ਵੱਖ ਬੈਰਕਾਂ ਦੀ ਤਲਾਸ਼ੀ ਲਈ ਗਈ। ਇਸ ਦੌਰਾਨ ਜੇਲ੍ਹ ਅੰਦਰ ਬੰਦ ਹਵਾਲਾਤੀਆਂ ਕੋਲੋਂ 3 ਮੋਬਾਈਲ ਅਤੇ ਇਕ ਚਾਰਜਰ ਬਰਾਮਦ ਹੋਏ। ਪੁਲਸ ਵੱਲੋਂ ਦਰਜ ਕੀਤੇ ਮੁਕੱਦਮੇ ਅਨੁਸਾਰ ਨਾਮਜ਼ਦ ਹਵਾਲਾਤੀਆਂ ਦੀ ਪਛਾਣ ਮਨਪ੍ਰੀਤ ਸਿੰਘ ਵਾਸੀ ਸੋਨੀਪਤ (ਹਰਿਆਣਾ), ਹਰਜੀਤ ਸਿੰਘ ਵਾਸੀ ਸਾਧਾਂਵਾਲੀ ਬਸਤੀ ਜ਼ਿਲ੍ਹਾ ਮੋਗਾ, ਮਨਪ੍ਰੀਤ ਸਿੰਘ ਵਾਸੀ

ਕੇਂਦਰੀ ਜੇਲ ਜ਼ਿਲਾ ਫ਼ਰੀਦਕੋਟ, ਸਤਨਾਮ ਸਿੰਘ ਸੇਠੀ ਵਾਸੀ ਬਾਘਾਪੁਰਾਣਾ ਜ਼ਿਲਾ ਮੋਗਾ, ਯੋਗਰਾਜ ਸ਼ਰਮਾ ਵਾਸੀ ਗੋਬਿੰਦਗੜ੍ਹ ਬਸਤੀ ਜ਼ਿਲਾ ਮੋਗਾ, ਹਰਮਿੰਦਰ ਸਿੰਘ ਵਾਸੀ ਜੈ ਸਿੰਘ ਵਾਲਾ ਜ਼ਿਲਾ ਮੋਗਾ, ਜਸ਼ਨਪ੍ਰੀਤ ਸਿੰਘ ਅਤੇ ਸੁਖਦੀਪ ਸਿੰਘ ਵਾਸੀ ਚੰਦ ਪੁਰਾਣਾ, ਲੰਗੇਆਣਾ, ਜ਼ਿਲਾ ਮੋਗਾ ਵਜੋਂ ਹੋਈ ਹੈ। ਪੁਲਸ ਨੇ ਬਰਾਮਦ ਕੀਤੇ 3 ਮੋਬਾਈਲ ਫੋਨ ਅਤੇ ਇਕ ਚਾਰਜਰ ਨੂੰ ਕਬਜ਼ੇ ਵਿਚ ਲੈ ਕੇ ਉਕਤ ਸਾਰੇ ਹਵਾਲਾਤੀਆਂ ਖ਼?ਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਜਾਂਚ ਅਧਿਕਾਰੀ ਗੁਰਪਾਲ ਸਿੰਘ ਵੱਲੋਂ ਮੁਕੱਦਮੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਖ਼ੌਫ਼ਨਾਕ ਹਾਦਸਾ : ਸ਼ਰਾਬੀ ਡਰਾਈਵਰ ਦੀ ਮੋਬਾਈਲ 'ਚ ਰੀਲਜ਼ ਦੇਖਣ ਦੀ ਲਾਪਰਵਾਹੀ ਨੇ ਲਈਆਂ 4 ਜਾਨਾਂ, ਪੁਲਿਸ ਨੇ ਦਬੋਚਿਆ

ਕੌਮੀ ਪਤ੍ਰਿਕਾ

ਜੇਵਰ 25 ਸਤੰਬਰ। ਐਤਵਾਰ ਨੂੰ ਯਮੁਨਾ ਐਕਸਪ੍ਰੈਸਵੇਅ 'ਤੇ ਹੋਏ ਭਿਆਨਕ ਹਾਦਸੇ ਜਿਸ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਦੀ ਪੁਲਿਸ ਜਾਂਚ ਵਿੱਚ ਡਰਾਈਵਰ ਦੀ ਘੋਰ ਲਾਪਰਵਾਹੀ ਦਾ ਖੁਲਾਸਾ ਹੋਇਆ ਹੈ। ਪੁਲਿਸ ਪੁੱਛਗਿੱਛ ਅਨੁਸਾਰ, ਦੋਸ਼ੀ ਡਰਾਈਵਰ ਨਸ਼ੇ ਦੀ ਹਾਲਤ ਵਿੱਚ ਟ?ਰੇਲਰ ਟਰੱਕ ਚਲਾ ਰਿਹਾ ਸੀ ਅਤੇ ਆਪਣੇ ਮੋਬਾਈਲ ਫੋਨ 'ਤੇ ਰੀਲਾਂ ਦੇਖ ਰਿਹਾ ਸੀ। ਸਬੌਤਾ ਕੱਟ ਦੇ ਨੇੜੇ, ਉਸਨੇ ਅਚਾਨਕ ਤੇਜ਼ ਰਫ਼ਤਾਰ ਵਾਹਨ ਨੂੰ ਸੱਜੇ ਪਾਸੇ ਮੋੜ ਲਿਆ। ਕਾਬੂ ਗੁਆਉਣ 'ਤੇ ਟ?ਰੇਲਰ ਟਰੱਕ ਮੀਡੀਅਨ ਵਿੱਚ ਲਗਾਏ ਗਏ ਦੋ ਕਰੈਸ਼ ਬੀਮ ਬੈਰੀਅਰਾਂ ਨੂੰ ਤੋੜ ਕੇ ਉਲਟ ਲੇਨ ਵਿੱਚ ਚਲਾ ਗਿਆ, ਜਿਸ ਨਾਲ ਤਿੰਨ ਆ ਰਹੇ ਵਾਹਨਾਂ ਨਾਲ ਟਕਰਾ ਗਏ। ਹਾਦਸੇ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਤਿੰਨ ਹੋਰ ਗੰਭੀਰ ਜ਼ਖ਼ਮੀ ਹੋ ਗਏ। ਹਾਦਸੇ ਤੋਂ ਬਾਅਦ ਡਰਾਈਵਰ ਨੇ ਟ?ਰੇਲਰ ਟਰੱਕ ਲੈ ਕੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ। ਜਦੋਂ ਰਾਹਗੀਰਾਂ ਨੇ ਪਿੱਛਾ ਕੀਤਾ ਤਾਂ ਉਸਨੇ 315 ਬੋਰ ਦੀ ਦੇਸੀ ਪਿਸਤੌਲ ਤਾਣ ਦਿੱਤੀ ਅਤੇ ਉਨ੍ਹਾਂ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ। ਪੁਲਿਸ ਨੇ ਦੋਸ਼ੀ ਨੂੰ ਘੇਰ ਲਿਆ ਅਤੇ ਪਿਸਤੌਲ ਬਰਾਮਦ ਕਰ ਲਿਆ। ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਉਸਨੂੰ ਜੇਲ੍ਹ ਭੇਜ ਦਿੱਤਾ ਗਿਆ। ਆਗਰਾ ਦੇ ਬਾਹ ਪੁਲਿਸ ਸਟੇਸ਼ਨ ਖੇਤਰ ਦੇ ਝਡੇ ਕੀ ਗੜ੍ਹੀ ਦੇ ਰਹਿਣ ਵਾਲੇ ਅਤੇ ਮੋਟਰਸਾਈਕਲ ਸਵਾਰ ਸੁਮਿਤ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਮਾਮਲਾ ਦਰਜ ਕੀਤਾ। ਪੁਲਿਸ ਦੇ ਅਨੁਸਾਰ, ਦੋਸ਼ੀ ਅਮਰ ਸਿੰਘ ਦਾ ਪੁੱਤਰ ਦਿਨੇਸ਼ ਚੰਦਰ ਅਤੇ ਲੋਰੀਆਪੱਟੀ (ਮੰਗਰੌਲੀ ਪੁਲਿਸ ਸਟੇਸ਼ਨ ਖੇਤਰ, ਮਥੁਰਾ ਜ਼ਿਲ੍ਹਾ) ਦਾ ਰਹਿਣ ਵਾਲਾ ਤੋਂ ਪੁੱਛਗਿੱਛ ਤੋਂ ਪਤਾ ਲੱਗਾ ਕਿ ਉਹ 30 ਅਗਸਤ ਨੂੰ ਨੋਇਡਾ ਤੋਂ ਆਗਰਾ ਵੱਲ ਟ?ਰੇਲਰ ਟਰੱਕ ਚਲਾ ਰਿਹਾ ਸੀ। ਟ?ਰੇਲਰ ਤੋਂ ਧੂੜ

ਉਤਾਰਨ ਤੋਂ ਬਾਅਦ ਉਸਨੇ ਸ਼ਰਾਬ ਪੀਤੀ। ਫਿਰ ਉਹ ਨਸ਼ੇ ਵਿੱਚ ਗੱਡੀ ਚਲਾਉਣ ਲੱਗ ਪਿਆ। ਯਾਤਰਾ ਦੌਰਾਨ ਉਸਦਾ ਧਿਆਨ ਸੜਕ 'ਤੇ ਹੋਣ ਦੀ ਬਜਾਏ ਆਪਣੇ ਮੋਬਾਈਲ ਫੋਨ 'ਤੇ ਰੀਲਾਂ ਦੇਖਣ 'ਤੇ ਜ਼ਿਆਦਾ ਕੇਂਦ੍ਰਿਤ ਸੀ। ਸਬੌਤਾ ਇੰਟਰਚੇਂਜ 'ਤੇ ਪਹੁੰਚਣ 'ਤੇ ਡਰਾਈਵਰ ਨੇ ਯਮੁਨਾ ਐਕਸਪ੍ਰੈਸਵੇਅ ਤੋਂ ਇੰਟਰਚੇਂਜ ਨੂੰ ਵੱਖ ਕਰਨ ਵਾਲੇ ਡਿਵਾਈਡਰ ਨੂੰ ਦੇਖਿਆ ਅਤੇ ਅਚਾਨਕ ਟ?ਰੇਲਰ ਨੂੰ ਸੱਜੇ ਪਾਸੇ ਮੋੜ ਲਿਆ। ਤੇਜ਼ ਰਫ਼ਤਾਰ ਕਾਰਨ ਉਹ ਵਾਹਨ ਨੂੰ ਕੰਟਰੋਲ ਕਰਨ ਵਿੱਚ ਅਸਮਰੱਥ ਸੀ। ਟ?ਰੇਲਰ ਟਰੱਕ ਡਿਵਾਈਡਰ ਦੇ ਦੋਵੇਂ ਪਾਸੇ ਕਰੈਸ਼ ਬੀਮ ਬੈਰੀਅਰਾਂ ਨੂੰ ਤੋੜ ਕੇ ਆਗਰਾ ਤੋਂ ਮਥੁਰਾ ਵੱਲ ਜਾਣ ਵਾਲੀ ਲੇਨ ਵਿੱਚ ਦਾਖਲ ਹੋ ਗਿਆ। ਗਲਤ ਲੇਨ ਵਿੱਚ ਜਾਣ ਤੋਂ ਬਾਅਦ ਟ?ਰੇਲਰ ਟਰੱਕ ਨੇ ਸਾਹਮਣੇ ਵਾਲੇ ਵਾਹਨਾਂ ਨੂੰ ਕੁਚਲ ਦਿੱਤਾ। ਇਸ ਹਾਦਸੇ ਵਿੱਚ ਵਿਕਾਸ ਗੁਪਤਾ (ਮਹਾਰਾਜਗੰਜ ਦਾ ਰਹਿਣ ਵਾਲਾ), ਐਡਵੋਕੇਟ ਰਿਤੇਸ਼ ਕੁਮਾਰ ਪਾਂਡੇ (ਨਜਫਗੜ੍ਹ, ਦਿੱਲੀ ਤੋਂ) ਅਤੇ ਉਸਦੇ ਪੁੱਤਰ ਅਭਿਸਾਰ ਪਾਂਡੇ ਅਤੇ ਡਰਾਈਵਰ ਵਿਜੇ ਸਿੰਘ (ਧੌਲਪੁਰ, ਰਾਜਸਥਾਨ ਤੋਂ) ਦੀ ਮੌਤ ਹੋ ਗਈ। ਮੋਟਰਸਾਈਕਲ ਸਵਾਰ ਸੁਮਿਤ ਅਤੇ ਸਚਿਨ, ਬਿਹਾਰ ਦੇ ਸੀਵਾਨ ਦੇ ਰਾਮਪੁਰ ਤੋਂ 'ਛੋਟਾ ਹਾਥੀ' (ਮਿੰਨੀ-ਟਰੱਕ) ਦੇ ਡਰਾਈਵਰ ਭੂਸ਼ਣ ਦੇ ਨਾਲ-ਨਾਲ ਗੰਭੀਰ ਸੱਟਾਂ ਲੱਗੀਆਂ। ਹਾਦਸੇ ਤੋਂ ਬਾਅਦ ਐਕਸਪ੍ਰੈਸਵੇਅ 'ਤੇ ਲਗਪਗ ਪੰਜ ਕਿਲੋਮੀਟਰ ਤੱਕ ਟ?ਰੈਫਿਕ ਜਾਮ ਲੱਗ ਗਿਆ। ਪੁਲਿਸ ਨੇ ਨੁਕਸਾਨੇ ਗਏ ਵਾਹਨਾਂ ਨੂੰ ਸਾਫ਼ ਕਰ ਦਿੱਤਾ ਅਤੇ ਆਮ ਆਵਾਜਾਈ ਨੂੰ ਬਹਾਲ ਕਰ ਦਿੱਤਾ। ਉਹ ਹੁਣ ਘਟਨਾ ਦੇ ਸਾਰੇ ਪਹਿਲੂਆਂ ਦੀ ਜਾਂਚ ਕਰ ਰਹੇ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫ਼ਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਪੰਜਾਬ 'ਚ 14 ਤੋਂ 24 ਸਤੰਬਰ ਤੱਕ ਇੰਡਸਟਰੀ ਰਹੇਗੀ ਬੰਦ, ਪੜ੍ਹੋ ਕਿਉਂ ਲੈਣਾ ਪਿਆ ਇੰਨਾ ਵੱਡਾ ਫ਼ੈਸਲਾ

ਕੌਮੀ ਪਤ੍ਰਿਕਾ

ਲੁਧਿਆਣਾ 25 ਸਤੰਬਰ। ਈਰਾਨ ਅਤੇ ਅਮਰੀਕਾ ਵਿਚਕਾਰ ਵੱਧਦੇ ਤਣਾਅ ਅਤੇ ਜੰਗ ਵਰਗੇ ਹਾਲਾਤਾਂ ਦਾ ਅਸਰ ਹੁਣ ਲੁਧਿਆਣਾ ਦੀ ਟੈਕਸਟਾਈਲ ਅਤੇ ਡਾਇੰਗ ਇੰਡਸਟਰੀ 'ਤੇ ਸਾਫ਼ ਦਿਖਾਈ ਦੇਣ ਲੱਗਾ ਹੈ। ਕੱਚੇ ਮਾਲ, ਧਾਗੇ, ਡਾਈ-ਕੈਮੀਕਲ ਅਤੇ ਪੈਟਰੋਲੀਅਮ ਉਤਪਾਦਾਂ ਦੀਆਂ ਕੀਮਤਾਂ 'ਚ ਲਗਾਤਾਰ ਹੋ ਰਹੇ ਭਾਰੀ ਵਾਧੇ ਕਾਰਨ ਡਾਇੰਗ ਕਾਰੋਬਾਰੀਆਂ ਨੂੰ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੌਜੂਦਾ ਹਾਲਾਤ ਦੇ ਮੱਦੇਨਜ਼ਰ ਸ਼ਹਿਰ ਦੀਆਂ ਵੱਖ-ਵੱਖ ਡਾਇੰਗ ਐਸੋਸੀਏਸ਼ਨਾਂ ਨੇ ਸਰਵਸੰਮਤੀ ਨਾਲ 14 ਤੋਂ 24 ਸਤੰਬਰ ਤੱਕ ਸਾਰੇ ਡਾਇੰਗ ਯੂਨਿਟ ਮੁਕੰਮਲ ਤੌਰ 'ਤੇ ਬੰਦ ਰੱਖਣ ਦਾ ਸਮੂਹਿਕ ਫ਼ੈਸਲਾ ਲਿਆ ਹੈ। ਪੰਜਾਬ ਡਾਇਅਰਸ ਐਸੋਸੀਏਸ਼ਨ ਵੱਲੋਂ ਕਮਲ ਚੌਹਾਨ ਅਤੇ ਰਜਨੀਸ਼ ਗੁਪਤਾ ਨੇ ਦੱਸਿਆ ਕਿ ਪਿਛਲੇ ਕੁੱਝ ਸਮੇਂ ਤੋਂ ਉਤਪਾਦਨ ਲਾਗਤ ਕਈ ਗੁਣਾ ਵੱਧ ਗਈ ਹੈ। ਬਜ਼ਾਰ

'ਚ ਤਿਆਰ ਮਾਲ ਦੀਆਂ ਕੀਮਤਾਂ ਉਸ ਅਨੁਪਾਤ 'ਚ ਨਾ ਵੱਧਣ ਕਾਰਨ ਮੌਜੂਦਾ ਦਰਾਂ 'ਤੇ ਕੰਮ ਕਰਨਾ ਅਸੰਭਵ ਹੋ ਗਿਆ ਹੈ। ਪੋਲਿਸਟਰ ਡਾਇੰਗ ਦੀ ਦਰ 'ਚ 10 ਰੁਪਏ ਪ੍ਰਤੀ ਕਿੱਲੋ ਅਤੇ ਕਾਟਨ ਡਾਇੰਗ ਦੀ ਦਰ ਵਿੱਚ 20 ਰੁਪਏ ਪ੍ਰਤੀ ਕਿੱਲੋ ਦਾ ਵਾਧਾ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਅੰਤਰਰਾਸ਼ਟਰੀ ਤਣਾਅ ਕਾਰਨ ਸਿੰਥੈਟਿਕ ਯਾਰਨ, ਡਾਈ-ਕੈਮੀਕਲ ਅਤੇ ਗੈਸ ਦੀ ਕਿੱਲਤ ਨੇ ਉਦਯੋਗ ਦੀ ਲਾਗਤ ਨੂੰ ਬਹੁਤ ਵਧਾ ਦਿੱਤਾ ਹੈ, ਜਿਸ ਨਾਲ ਕੁਝ ਧਾਗਿਆਂ ਦੇ ਰੇਟ 50 ਫ਼ੀਸਦੀ ਤੱਕ ਵੱਧ ਗਏ ਹਨ। ਮੀਟਿੰਗ ਦੌਰਾਨ ਕਮਲ ਚੌਹਾਨ, ਰਜਨੀਸ਼ ਗੁਪਤਾ, ਮੋਹਿਤ ਮਹਾਰਾਜਾ, ਸੁਭਾਸ਼ ਸੈਣੀ, ਬਾਵਾ ਗੁਪਤਾ, ਬੌਬੀ ਜਿੰਦਲ ਅਤੇ ਅਜੇ ਹਾਂਡਾ ਸਮੇਤ ਕਈ ਪ੍ਰਮੁੱਖ ਕਾਰੋਬਾਰੀ ਮੌਜੂਦ ਰਹੇ। ਉਦਯੋਗ ਪ੍ਰਤੀਨਿਧੀਆਂ ਨੇ ਸਰਕਾਰ ਅਤੇ ਸਬੰਧਤ ਵਿਭਾਗਾਂ ਤੋਂ ਮੰਗ ਕੀਤੀ ਹੈ ਕਿ ਇਸ ਸੰਕਟ ਦੀ ਘੜੀ ਵਿੱਚ ਉਦਯੋਗ ਨੂੰ ਰਾਹਤ ਦੇਣ ਲਈ ਢੁਕਵੇਂ ਕਦਮ ਚੁੱਕੇ ਜਾਣ ਤਾਂ ਜੋ ਟੈਕਸਟਾਈਲ ਸਨਅਤ ਨੂੰ ਆਰਥਿਕ ਘਾਟੇ ਤੋਂ ਬਚਾਇਆ ਜਾ ਸਕੇ। ਇਸ ਮੌਕੇ ਮੋਹਿਤ ਮਹਾਰਾਜਾ, ਰਜਨੀਸ਼ ਖੰਨਾ ਰੌਕੀ, ਸੁਭਾਸ਼ ਸੈਣੀ ਏਕਤਾ, ਬਾਵਾ ਗੁਪਤਾ, ਬੌਬੀ ਜਿੰਦਲ, ਜੀ.ਪੀ ਸਿੰਘ, ਰਜਨੀਸ਼ ਗੁਪਤਾ, ਰਾਹੁਲ ਵਰਮਾ, ਅਜੇ ਹਾਂਡਾ ਵੀ ਮੌਜੂਦ ਰਹੇ।

ਪੱਖੋਵਾਲ ਰੋਡ ਦੇ ਹੋਟਲ 'ਚ ਮਚੀ ਹਲਚਲ ! ਕਮਰਾ ਨੰਬਰ 508 'ਚੋਂ ਪ੍ਰਾਪਰਟੀ ਕਾਰੋਬਾਰੀ ਦੀ ਲਾਸ਼ ਮਿਲੀ

ਲੁਧਿਆਣਾ 25 ਸਤੰਬਰ। ਪੱਖੋਵਾਲ ਰੋਡ 'ਤੇ ਸਥਿਤ ਇਕ ਹੋਟਲ ਦੀ ਪੰਜਵੀਂ ਮੰਜ਼ਿਲ 'ਤੇ ਉਸ ਸਮੇਂ ਹਲਚਲ ਮਚ ਗਈ, ਜਦੋਂ ਕਮਰਾ ਨੰਬਰ 508 'ਚੋਂ ਇਕ ਪ੍ਰਾਪਰਟੀ ਕਾਰੋਬਾਰੀ ਦੀ ਲਾਸ਼ ਬਰਾਮਦ ਹੋਈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਕਮਰੇ ਦੀ ਜਾਂਚ ਕਰਨ ਦੇ ਨਾਲ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ। ਮੁੱਢਲੀ ਜਾਣਕਾਰੀ ਮੁਤਾਬਕ ਪ੍ਰਾਪਰਟੀ ਕਾਰੋਬਾਰੀ ਦੀ ਲਾਸ਼ ਹੋਟਲ ਦੇ ਕਮਰੇ 'ਚੋਂ ਮਿਲੀ ਹੈ। ਪੁਲਿਸ ਵੱਲੋਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਸ ਦੀ ਮੌਤ ਕਿਹੜੇ ਹਾਲਾਤਾਂ 'ਚ ਹੋਈ। ਮੌਕੇ ਤੋਂ ਮਿਲੇ ਸਬੂਤਾਂ ਅਤੇ ਹੋਰ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ। ਫਿਲਹਾਲ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਮੌਤ ਖ਼ੁਦਕੁਸ਼ੀ ਕਾਰਨ ਹੋਈ ਹੈ ਜਾਂ ਇਸ ਪਿੱਛੇ ਕੋਈ ਹੋਰ ਕਾਰਨ ਹੈ। ਪੁਲਿਸ ਵੱਲੋਂ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ। ਜਾਂਚ ਪੂਰੀ ਹੋਣ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨਾਂ ਦਾ ਖ਼ੁਲਾਸਾ ਹੋ ਸਕੇਗਾ। ਫਿਲਹਾਲ ਪੁਲਿਸ ਹੋਟਲ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲ ਕੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

ਸੰਤ ਕਬੀਰ ਨਗਰ 'ਚ ਘਰ 'ਚੋਂ ਲੱਖਾਂ ਦਾ ਸੋਨਾ ਗਾਇਬ

ਬੁਢਲਾਡਾ 25 ਸਤੰਬਰ। ਸਥਾਨਕ ਸ਼ਹਿਰ ਅੰਦਰ ਸੰਤ ਕਬੀਰ ਮੰਦਰ ਨਜ਼ਦੀਕ ਇਕ ਘਰ 'ਚੋਂ ਲੱਖਾਂ ਦਾ ਸੋਨਾ ਗਾਇਬ ਹੋ ਗਿਆ, ਜਿਸਨੂੰ ਲੈ ਕੇ ਕਰੀਬ 9 ਸਾਲਾਂ ਤੋਂ ਘਰ 'ਚ ਸਫਾਈ ਦਾ ਕੰਮ ਕਰ ਰਹੀ ਔਰਤ 'ਤੇ ਸ਼ੱਕ ਜਤਾਇਆ, ਜਿਸਦੀ ਸ਼ਿਕਾਇਤ ਮਿਲਣ 'ਤੇ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੂੰ ਦਿੱਤੀ ਜਾਣਕਾਰੀ ਅਨੁਸਾਰ ਘਰ ਦਾ ਮਾਲਕ ਸੰਜੀਵ ਸ਼ਰਮਾ ਅਤੇ ਉਸਦੀ ਪਤਨੀ ਕੁਝ ਦਿਨਾਂ ਬਾਅਦ ਇਕ ਵਿਆਹ ਸਮਾਗਮ 'ਚ ਜਾਣ ਲਈ ਅਲਮਾਰੀ 'ਚੋਂ ਰੱਖੇ ਕੜਾ ਅਤੇ ਚੈਨੀ ਕੱਢਣ ਲੱਗੇ ਤਾਂ ਦੋਵੇਂ ਚੀਜ਼ਾਂ ਗਾਇਬ ਸਨ। ਦੋਵਾਂ ਗਹਿਣਿਆਂ ਦਾ ਵਜ਼ਨ ਕਰੀਬ 12 ਤੋਲੇ ਹੈ ਅਤੇ ਉਨ੍ਹਾਂ ਦੀ ਕੀਮਤ ਲੱਖਾਂ ਰੁਪਏ ਦੱਸੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਲਮਾਰੀ ਦੀ ਚਾਬੀ ਕੁੱਝ ਦਿਨ ਪਹਿਲਾ ਗੁੰਮ ਹੋ ਗਈ ਸੀ। ਇਸ ਸਬੰਧੀ ਉਨ੍ਹਾਂ ਨੇ ਘਰ ਅੰਦਰ ਕੰਮ ਕਰਦੀ ਔਰਤ ਨੂੰ ਪੁੱਛਿਆ ਤਾਂ ਉਸ ਵੱਲੋਂ ਕੋਈ ਪੁਖ਼ਤਾ ਜਵਾਬ ਨਹੀਂ ਮਿਲਿਆ।

ਨਸ਼ੇ ਦਾ ਸੇਵਨ ਕਰਨ ਦੇ ਦੋਸ਼ 'ਚ 2 ਵਿਅਕਤੀ ਗ੍ਰਿਫ਼ਤਾਰ

ਨਵਾਂਸ਼ਹਿਰ 25 ਸਤੰਬਰ। ਪੁਲਸ ਨੇ ਨਸ਼ੇ ਦਾ ਸੇਵਨ ਕਰਨ ਦੇ ਦੋਸ਼ ਵਿਚ 2 ਵੱਖ-ਵੱਖ ਘਟਨਾਵਾਂ ਦੌਰਾਨ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਕੰਦਪੁਰ ਪੁਲਸ ਸਟੇਸ਼ਨ ਵਿਖੇ ਤਾਇਨਾਤ ਏ. ਐੱਸ. ਆਈ. ਧਰਮਵੀਰ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਪੁਲਸ ਟੀਮ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਭਾਲ ਲਈ ਗਸ਼ਤ ਕਰ ਰਹੀ ਸੀ ਤਾਂ ਦਾਣਾ ਮੰਡੀ ਦੇ ਟੀ-ਪੁਆਇੰਟ ਤੋਂ ਸ਼ੇਖੂਪੁਰ ਵੱਲ ਮੁੜਨ 'ਤੇ ਉਨ੍ਹਾਂ ਨੇ ਇਕ ਵਿਅਕਤੀ ਨੂੰ ਝਾੜੀਆਂ ਨੇੜੇ ਬੈਠੇ ਅਤੇ ਲਾਈਟਰ ਨਾਲ ਅੱਗ ਬਾਲਦੇ ਹੋਏ ਦੇਖਿਆ। ਸ਼ੱਕ ਦੇ ਆਧਾਰ 'ਤੇ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ ਅਤੇ ਉਸ ਕੋਲੋਂ ਇਕ ਲਾਈਟਰ, ਹੈਰੋਇਨ ਦੇ ਅੰਸ਼ਾਂ ਵਾਲਾ ਫੁਆਇਲ ਦਾ ਟੁਕੜਾ ਅਤੇ ਪਾਈਪ ਵਰਗੀ ਸ਼ਕਲ ਵਿਚ ਲਪੇਟਿਆ ਹੋਇਆ 10 ਰੁਪਏ ਦਾ ਨੋਟ ਬਰਾਮਦ ਕੀਤਾ। ਅਧਿਕਾਰੀ ਨੇ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਪ੍ਰਿੰਸ ਭਾਟੀਆ ਵਾਸੀ ਪਿੰਡ ਤਲਵੰਡੀ ਫੱਤੂ (ਥਾਣਾ ਮੁਕੰਦਪੁਰ ਅਧੀਨ) ਵਜੋਂ ਕੀਤੀ। ਇਕ ਵੱਖਰੀ ਘਟਨਾ ਵਿਚ ਬਲਾਚੌਰ ਪੁਲਸ ਨੇ ਨਸ਼ੇ ਦਾ ਸੇਵਨ ਕਰਨ ਦੇ ਦੋਸ਼ ਵਿਚ ਇਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ। ਜਾਂਚ ਅਧਿਕਾਰੀ ਏ. ਐੱਸ. ਆਈ. ਪ੍ਰੇਮ ਲਾਲ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਟੀਮ ਪਿੰਡ ਮਹਿਤਪੁਰ ਉਲਦਨੀ ਨੇੜੇ ਇੱਟਾਂ ਦੇ ਭੱਠੇ ਕੋਲ ਗਸ਼ਤ ਕਰ ਰਹੀ ਸੀ, ਤਾਂ ਉਨ੍ਹਾਂ ਨੇ ਭੁਪਿੰਦਰਜੀਤ ਸਿੰਘ ਵਾਸੀ ਪਿੰਡ ਧਰਮਪੁਰ (ਥਾਣਾ ਪੋਜੇਵਾਲ ਅਧੀਨ) ਨੂੰ ਪਾਈਪ ਵਾਂਗ ਲਪੇਟੇ ਹੋਏ 10 ਰੁਪਏ ਦੇ ਨੋਟ, ਫੁਆਇਲ ਦੇ ਟੁਕੜੇ ਅਤੇ ਲਾਈਟਰ ਸਮੇਤ ਕਾਬੂ ਕੀਤਾ। ਪੁਲਸ ਨੇ ਦੱਸਿਆ ਕਿ ਦੋਵਾਂ ਘਟਨਾਵਾਂ ਵਿਚ ਮੁਲਜ਼ਮਾਂ ਖ਼?ਲਾਫ਼ ਸਬੰਧਤ ਥਾਣਿਆਂ ਵਿਚ ਕੇਸ ਦਰਜ ਕਰ ਲਏ ਗਏ ਹਨ ਅਤੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

[RUPESH KUMAR ROUSHAN]
Advocate
D-803, Nandgram,
Ghaziabad,
Uttar Pradesh 201003
roushan.rupesh@gmail.com

NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

Shyam Sharma (Adv)

PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

PINKI LAMBA MANN
ADVOCATE
OFF. A-205A, NORTH
EX.MALL, SECTOR-9,
ROHINI, NEW DELHI

ਉੱਤਰ ਰੇਲਵੇ

ਇਲੈਕਟ੍ਰੋਨਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਮੰਗ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁਖ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਨਵੀਂ ਦਿੱਲੀ-110001 ਦੁਆਰਾ ਇਛੁਕ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

ਲ. ਨੰ.	ਨਿਵਿਦਾ ਨੰ.	ਸੰਖੇਪ ਵੇਰਵਾ	ਮਾਤਰਾ	ਅੰਤਮ ਮਿਤੀ
01	03263126	ਓਵਰਹੇਡ ਡਬਲ ਅਕਟਿੰਗ ਕਾਂਸਾਲੇਦ ਡੋਰ ਕਲੋਜ਼ਰ	8129 ਨਗ	14-10-26
02	12260031D	ਅਰਥਿੰਗ ਕੇਬਲ ਫਾਰ ਵਹੀਲ ਸੇਟ	6364 ਨਗ	19-10-26
03	09262017	ਕਾਂਸਟੇਂਟ ਕਾਂਟੇਕਟ ਸਾਈਡ ਬੇਯਰਰ	3511 ਨਗ	19-10-26
04	14260924	ਸਿਲਿਕਾਨ ਰਬਰ ਕੰਪਾਊਂਡ	17380 ਨਗ	21-10-26
05	07265097	ਐਸ ਐਸ ਅੰਡਰਸਲੁੰਗ ਵਾਟਰ ਟੈਂਕ	6 ਨਗ	24-10-26
06	09262114	ਲਾਕ	30646 ਨਗ	26-10-26
07	06265036A	ਆਰ ਐਚ ਐਸ 40 X 80 X 4 ਐਮ ਐਮ ਕਾਂਫੋਰਮਿੰਗ	120000 ਕਿਲੋ ਗ੍ਰਾਮ	27-10-26
08	07265073	ਸਪਲਾਈ ਐਂਡ ਫਿਟਮੇਂਟ ਆਫ ਉਫੋਲਸਤੇਰੀ	1024 ਨਗ	27-10-26
09	77269054 RGC	ਰਨਿੰਗ ਕਾਂਟਰੈਕਟ ਫਾਰ ਪ੍ਰੋਕਯੋਰਮੇਂਟ ਆਫ ਪ੍ਰੇਸਟ੍ਰੇਸਸੇਦ ਕੰਕ੍ਰੀਟ ਸਲੀਪਰਸ	200 ਸੇਟ	10-11-26

ਨਿਵਿਦਾ ਸ਼ਰਤਾਂ-1. ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in'ਤੇ ਦੇਖੀ ਜਾ ਸਕਦੀ ਹੈ। 2. ਮੈਨੂਅਲ ਨਿਵਿਦਾ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।

ਟੇਂਡਰ ਨੋਟਿਸ ਨੰ. 45 / 2026-2027 ਤਾਰੀਕ 25.09.2026 3353/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਕਹਾਣੀ

ਅੱਗ 'ਚ ਖਿੜਦੇ ਫੁੱਲ

ਆਪ੍ਰੇਸ਼ਨ ਥੀਏਟਰ ਵਿਚ ਲੈ ਜਾਣ ਤੋਂ ਪਹਿਲਾਂ ਡਾਕਟਰ ਲਿਲੀ (ਜਿਸ ਨੂੰ ਵੇਖ ਕੇ ਮੇਰੀ) ਘਬਰਾਹਟ ਤੇ ਪ੍ਰੇਸ਼ਾਨੀ ਕੁਝ ਕੁਝ ਘੱਟ ਜਾਂਦੀ ਸੀ, ਮੇਰੇ ਵਾਲਾਂ 'ਚ ਉਂਗਲਾਂ ਫੇਰਦਿਆਂ ਆਖਣ ਲੱਗੀ "ਵੇਖ ਇਹ ਤੇਰਾ ਤੀਸਰਾ ਬੱਚਾ ਹੈ। ਮੈਂ ਜਾਣਦੀ ਹਾਂ ਕਿ ਪਹਿਲੀਆਂ ਦੋਵੇਂ ਬੇਟੀਆਂ ਵੇਲੇ ਮੇਜਰ ਅਪ੍ਰੇਸ਼ਨ ਹੋਣ ਦੇ ਬਾਵਜੂਦ ਵੀ ਤੂੰ ਤੀਜਾ ਬੱਚਾ ਪੈਦਾ ਕਰਨ ਲਈ ਕਿਉਂ ਤਿਆਰ ਹੋ ਗਈ, ਜਦਕਿ ਤੈਨੂੰ ਪਤਾ ਹੈ ਕਿ ਤੀਸਰਾ ਬੱਚਾ ਵੀ ਮੇਜਰ ਅਪ੍ਰੇਸ਼ਨ ਨਾਲ ਹੀ ਹੋਵੇਗਾ। ਪਰ ਤੇਰੇ ਜਿਹੀ ਪੜ੍ਹੀ-ਲਿਖੀ ਔਰਤ ਦਾ ਬੇਟੇ ਦੀ ਚਾਹ ਵਿਚ ਏਨਾ ਰਿਸਕ ਲੈਣਾ......ਖ਼ੈਰ ਹੁਣ ਤੂੰ ਇਹ ਦੱਸ ਕਿ ਇਸ ਅਪ੍ਰੇਸ਼ਨ ਦੇ ਨਾਲ ਤੂੰ ਲਾਈਗੇਸ਼ਨ (ਫੈਮਿਲੀ ਪਲਾਨਿੰਗ) ਵੀ ਕਰਾਉਣਾ ਚਾਹੁੰਦੀ ਹੈ ਕਿ ਅਜੇ ਹੋਰ......" ਉਹਨੇ ਅਰਥ ਭਰਪੂਰ ਗੁਸਕ੍ਰਾਹਟ ਨਾਲ ਮੈਨੂੰ ਵੇਖਿਆ ਤਾਂ ਮੇਰੀਆਂ ਅੱਖਾਂ ਭਰ ਆਈ। ਮੈਂ ਉਹਦਾ ਯੋਗ ਚਿੱਟਾ ਨਾਜ਼ੁਕ ਹੱਥ ਆਪਣੇ ਹੱਥਾਂ 'ਚ ਫੜ ਕੇ ਕਿਹਾ- "ਨਹੀਂ ਡਾਕਟਰ ਲਿਲੀ ਤੁਸੀਂ ਗਲਤ ਸਮਝਿਆ ਹੈ। ਮੈਂ ਬੇਟਾ ਇਸ ਲਈ ਨਹੀਂ ਪੈਦਾ ਕਰਨਾ ਚਾਹੁੰਦੀ ਕਿ ਮੈਨੂੰ ਪੁੱਤਰ ਦੀ ਲਾਲਸਾ ਹੈ ਬਲਕਿ ਇਸ ਲਈ ਚਾਹੁੰਦੀ ਹਾਂ ਕਿ ਮੈਂ ਸਮਝਦੀ ਹਾਂ ਰੱਬ ਨੇ ਦੁਨੀਆਂ ਦੀ ਸਭ ਤੋਂ ਵੱਡੀ ਨਿਆਮਤ ਤੇ ਵਰਦਾਨ ਬੇਟੀ ਤੇ ਬੇਟਾ ਹੀ ਬਣਾਇਆ ਹੈ। ਮੈਂ ਇਨ੍ਹਾਂ ਦੋਹਾਂ ਨਿਆਮਤਾਂ ਨੂੰ ਆਪਣੀ ਕੁੱਖੋਂ ਪੈਦਾ ਕਰਕੇ ਆਪਣੀ ਝੋਲੀ ਭਰਣਾ ਚਾਹੁੰਦੀ ਹਾਂ। ਮਗਰ ਪਹਿਲਾਂ ਬੇਟਾ ਹੁੰਦਾ ਮੈਂ ਤਾਂ ਵੀ ਬੇਟੀ ਲਈ ਦੁਆ ਕਰਦੀ। ਭਾਵੇਂ ਉਦੋਂ ਵੀ ਦੋ ਅਪ੍ਰੇਸ਼ਨਾਂ ਨਾਲ ਦੋ ਬੇਟੇ ਪੈਦਾ ਹੋਏ ਹੁੰਦੇ ਤਾਂ ਮੈਂ ਬੇਟੀ ਲਈ ਤੀਜੀ ਵਾਰੀ ਅਪ੍ਰੇਸ਼ਨ ਕਰਾਉਣ ਲਈ ਤਿਆਰ ਹੋ ਜਾਂਦੀ। ਮੈਨੂੰ ਬੇਟੀ ਤੇ ਬੇਟਾ ਦੋਵੇਂ ਨਿਆਮਤਾਂ ਚਾਹੀਦੀਆਂ ਨੇ-" ਉਹ ਹੱਸ ਪਈ ਤੇ ਨਰਸ ਨੂੰ ਮੇਰਾ ਸਟ੍ਰੇਚਰ ਅਪ੍ਰੇਸ਼ਨ ਥੀਏਟਰ ਅੰਦਰ ਲੈ ਜਾਣ ਦਾ ਇਸ਼ਾਰਾ ਕੀਤਾ। ਮੈਂ ਨਿੱਕੀਆਂ-ਨਿੱਕੀਆਂ ਦੋਵਾਂ ਬੇਟੀਆਂ ਨੂੰ ਹੱਥ ਹਿਲਾਇਆ ਉਹ ਵੀ ਰੋਂਦੀਆਂ ਅੱਖਾਂ ਨਾਲ ਹੱਥ ਹਿਲਾ ਰਹੀਆਂ ਸਨ।

ਜਦ ਮੈਨੂੰ ਹੋਸ਼ ਆਇਆ ਤਾਂ ਮੇਰੀ ਮਾਂ ਮੇਰੇ ਸਿਰਹਾਣੇ ਬੈਠੀ ਸੀ। ਮੈਂ ਸਵਾਲੀਆ ਨਜ਼ਰਾਂ ਨਾਲ ਮਾਂ ਵੱਲ ਤਕਿਆ ਤਾਂ ਉਸ ਨੇ ਬੱਚੇ ਦਾ ਤੋਲੀਆ ਹਟਾ ਕੇ ਉਸ ਨੂੰ ਮੇਰੇ ਸਾਹਮਣੇ ਕਰਦਿਆਂ ਆਖਿਆ "ਪੁੱਤਰ ਦੀਆਂ ਮੁਬਾਰਕ"....... ਮੇਰੀਆਂ ਅੱਖਾਂ ਭਰ ਆਈਆਂ। ਇਸ ਵੇਲੇ ਇਸ ਪੁੱਤਰ ਦੇ ਪਿਤਾ ਨੂੰ ਘੱਟ- ਘੱਟ ਮੇਰੇ ਨਾਲ ਹੋਣਾ ਚਾਹੀਦਾ ਸੀ। ਮੇਰੇ ਪਤੀ ਉਨ੍ਹਾਂ ਦਿਨਾਂ ਕਲਕੱਤਾ ਵਿਚ ਸਨ। ਕਿਸੇ ਸ਼ੂਟਿੰਗ ਦੇ ਸਿਲਸਿਲੇ ਵਿਚ। ਕਸ਼ਮੀਰ ਦੇ ਹਾਲਾਤ ਉਨ੍ਹਾਂ ਦਿਨਾਂ 'ਚ ਬਦ ਤੋਂ ਬਦਤਰ ਸਨ। ਆਤੰਕ ਦੇ ਕਹਿਰ ਨੇ ਵਾਦੀ ਨੂੰ ਆਪਣੀ ਅੱਗ ਵਿਚ ਝੁਲਸਾ ਕੇ ਰੱਖ ਦਿੱਤਾ ਹੋਇਆ ਸੀ। 'ਲੱਲ ਵੈਂਟ' ਹਸਪਤਾਲ ਜਿਊਂਦਾ-ਜਾਗਦਾ ਨਰਕ ਬਣਿਆ ਹੋਇਆ ਸੀ। ਹਰ ਰੋਜ਼ ਹੜਤਾਲਾਂ, ਹਰ ਰੋਜ਼ ਕਰਫਿਊ, ਕਰਾਸ ਫਾਇਰਿੰਗ, ਕਰੈਕ ਡਾਉਨ.....ਦੋਵੇਂ ਪਾਸਿਓਂ ਗਲੀਆਂ ਦੀਆਂ ਆਵਾਜ਼ਾਂ, ਇੱਧਰੋਂ-ਧੂਆਂ, ਉਧਰੋਂ ਅੱਗ ਦੀਆਂ ਲਪਟਾਂ.....ਇਨ੍ਹਾਂ ਹਾਲਾਤਾਂ ਵਿਚ ਹਰ ਰੋਜ਼ ਕਿੰਨੀਆਂ ਜ਼ਿੰਦਗੀਆਂ ਖਾਕ ਵਿਚ ਮਿਲ ਰਹੀਆਂ ਸਨ ਤੇ ਕਿੰਨੀਆਂ ਜ਼ਿੰਦਗੀਆਂ ਜਨਮ ਲੈ ਰਹੀਆਂ ਸਨ। ਹਸਪਤਾਲ 'ਚ ਨਾ ਕੋਈ ਸਫ਼ਾਈ, ਨਾ ਡਾਕਟਰ ਵਕਤ ਤੇ, ਨਾ ਨਰਸਾਂ ਕੰਮ 'ਤੇ ਨਾ ਕੋਈ ਦਵਾਈ ਉਪਲਬੱਧ। ਬੱਸ ਜਿਵੇਂ ਜਲਦੀ ਤੋਂ ਜਲਦੀ ਕੰਮ ਨਿਪਟਾਉਣ ਦੀ ਹੋੜ ਲੱਗੀ ਹੋਈ ਸੀ। ਮੈਂ ਸ਼ੁਰੂ ਤੋਂ ਹੀ ਡਾਕਟਰ ਲਿਲੀ ਦੀ ਮਰੀਜ਼ ਸਾਂ। ਇਸ ਲਈ ਉਸਨੂੰ ਮੇਰੀ ਖਾਸ ਤੌਰ 'ਤੇ ਚਿੰਤਾ ਸੀ। ਜਦੋਂ ਤੀਜਾ ਬੱਚਾ ਹੋਣ ਵਾਲਾ ਸੀ ਮੈਂ ਵੇਖਿਆ ਮੇਰੇ ਮਾਂ-ਬਾਪ ਬੜੇ ਪ੍ਰੇਸ਼ਾਨ ਹੋ ਗਏ ਸਨ। ਬਲਕਿ ਇੰਝ ਕਿਹਾ ਜਾਏ ਕਿ ਸਾਰੇ ਹਸਪਤਾਲ ਦਾ ਵਾਤਾਵਰਨ ਹੀ ਤਣਾਅ ਭਰਿਆ ਸੀ। ਪਤਾ ਲੱਗਾ ਕਿ ਹਸਪਤਾਲ ਵਿਚ ਚਾਰ ਪੰਜ ਆਤਿਵਾਦੀ ਘੁੱਸ ਆਏ ਹਨ। ਆਰਮੀ ਨੇ ਅੰਦਰ-ਬਾਹਰ ਜਾਣ ਦੇ ਸਭ ਰਸਤੇ ਬੰਦ ਕਰ ਦਿੱਤੇ ਹਨ ਤੇ ਤਲਾਸ਼ੀ ਅਭਿਮਾਨ ਜਾਰੀ ਸੀ। ਅਜਿਹੇ ਮੌਕੇ ਕਿਸੇ ਨੂੰ ਵੀ ਉਮੀਦ ਨਹੀਂ ਸੀ ਰਹਿੰਦੀ ਕਿ ਅਗਲੇ ਪਲ ਕੀ ਹੋਵੇਗਾ। ਹੋ ਸਕਦਾ ਹੈ ਆਤੰਕਵਾਦੀ ਆਤਮਘਾਤੀ ਦਸਤੇ ਹੋਣ......ਬੰਬ ਬਲਾਸਟ ਕਰ ਸਕਦੇ ਹਨ.......ਕੁਝ ਵੀ ਹੋ ਸਕਦਾ ਹੈ......ਸਭ ਦੇ ਚਿਹਰੇ ਮੁਰਦਾ ਨਜ਼ਰ ਆ ਰਹੇ ਸਨ ....ਤੇ ਜ਼ੁਬਾਨਾਂ ਗੁੰਮ। ਪਰ ਉਹ ਜਿਵੇਂ ਕਹਿੰਦੇ ਨੇ ਕਿ Show must go on.... ਐਸੇ ਹੀ ਦਹਿਸ਼ਤ ਤੇ ਤਣਾਓ ਭਰੇ ਮਾਹੌਲ 'ਚ ਮੇਰੇ ਬੱਚੇ ਨੇ ਵੀ ਦੁਨੀਆਂ 'ਤੇ ਆ ਕੇ ਇਹ ਰੰਗ ਤਮਾਸ਼ਾ ਦੇਖਣ ਦੀ ਜ਼ਿੱਦ ਕੀਤੀ। ਬੱਚੇ ਤੇ ਬੱਚੇ ਹੀ ਹੁੰਦੇ ਹਨ। ਉਨ੍ਹਾਂ ਦੀ ਜ਼ਿੱਦ ਅੱਗੇ ਕੌਣ ਨਾ ਹਥਿਆਰ ਛੱਡ ਦੇਵੇ......ਕਿਸੇ ਤਰ੍ਹਾਂ ਡਾਕਟਰ ਲਿਲੀ ਨੇ ਆਪਣੇ ਸਾਥੀ ਡਾ. ਬਸ਼ਾਰਤ ਨੂੰ ਜਲਦੀ ਤੋਂ ਜਲਦੀ ਐਨਸਥੀਸੀਆ ਦੇਣ ਲਈ ਕਿਹਾ ਤੇ ਮੈਂ ਹਨ੍ਹੇਰਿਆਂ ਦੀਆਂ ਗੁਫ਼ਾਵਾਂ 'ਚ ਗੁਆਚ ਗਈ।

ਅਗਲੇ ਦਿਨ ਡਾਕਟਰ ਲਿਲੀ ਰਾਊਂਡ 'ਤੇ ਆਈ ਤਾਂ ਉਦਾਸੀ ਨਾਲ ਕਹਿਣ ਲੱਗੀ ਕੱਲ੍ਹ ਤੋਂ ਹੜਤਾਲ ਹੈ.....ਚਾਰੇ ਪਾਸੇ ਕਰਫਿਊ..... ਸਾਨੂੰ ਵੀ ਧਮਕੀਆਂ ਮਿਲ ਰਹੀਆਂ ਨੇ। ਦਹਿਸ਼ਤਗਰਦ ਸਾਨੂੰ ਵੀ ਡਿਊਟੀਆਂ 'ਤੇ ਆਉਣ ਤੋਂ ਰੋਕ ਰਹੇ ਨੇ। ਬਹੁਤ ਮੁਸ਼ਕਿਲ ਹੋ ਜਾਏਗਾ ਮਰੀਜ਼ਾਂ ਲਈ। ਨਾ ਕੋਈ ਦਵਾਈ ਦੇ ਸਕੇਗਾ ਨਾ ਇੰਜੈਕਸ਼ਨ ਨਾ ਕੋਈ ਸਫ਼ਾਈ ਕਰਨ ਆਏਗਾ। ਪਤਾ ਨਹੀਂ ਕਿੰਨੇ ਲੋਕਾਂ ਨੂੰ ਇਨਫੈਕਸ਼ਨ ਘੇਰ ਲਵੇਗੀ...." ਮੈਂ ਵੀ ਆਪਣੇ ਮੰਮੀ-ਪਾਪਾ ਦੀ ਤਰ੍ਹਾਂ ਪ੍ਰੇਸ਼ਾਨ ਘਬਰਾਈ ਹੋਈ ਡਾਕਟਰ ਲਿਲੀ ਦੀਆਂ ਗੱਲਾਂ ਸੁਣ ਰਹੀ ਸਾਂ।....."ਫਿਰ ਕੀ ਕੀਤਾ ਜਾਏ?" ਮੇਰੇ ਪਾਪਾ ਨੇ ਪੁੱਛਿਆ-"ਮੈਂ ਤੇ ਇਕ ਸਲਾਹ ਦਿਆਂਗੀ ਕਿ ਤੁਸੀਂ ਇਸ ਨੂੰ ਘਰ ਲੈ ਜਾਓ.....ਕਿਸੇ ਚੰਗੇ ਕੈਮਿਸਟ ਨੂੰ ਇਸ ਦੀ ਡਰੈਸਿੰਗ ਕਰਨ ਲਈ ਆਖੋ......ਅੱਠ ਦਿਨਾਂ ਤੱਕ ਸ਼ਾਇਦ ਮਾਹੌਲ 'ਚ ਕੁਝ ਫਰਕ ਪੈ ਜਾਏ ਤੇ ਤੁਸੀਂ ਇਥੇ ਆ ਕੇ ਸਟਿਚਸ ਖੁਲਵਾ ਲੈਣੇ। ਨਹੀਂ ਤਾਂ ਉਥੇ ਹੀ ਦੇਖ ਲੈਣਾ ਅਗਰ ਆਸ-ਪਾਸ ਕੋਈ ਡਾਕਟਰ ਮਿਲ ਸਕੇ ਤਾਂ......।" ਅਸਲ ਵਿਚ ਡਾਕਟਰ ਲਿਲੀ ਆਪ ਆਪਣੇ ਲਫ਼ਜ਼ਾਂ ਨੂੰ ਪੁਖਤਗੀ ਨਾਲ ਨਹੀਂ ਸੀ ਉਚਾਰ ਪਾ ਰਹੀ। ਉਹ ਜਾਣਦੀ ਸੀ ਜੋ ਉਹ ਕਹਿ ਰਹੀ ਹੈ ਉਹ ਸਭ ਕਿਤਨਾ ਮੁਸ਼ਕਿਲ ਹੈ। ਸਿਰਫ਼ ਦੋ ਦਿਨ ਪਹਿਲਾਂ ਹੀ ਤਾਂ ਮੇਰਾ ਮੇਜਰ ਅਪ੍ਰੇਸ਼ਨ ਹੋਇਆ ਹੈ। ਇਹ ਵੀ ਤੀਸਰਾ ਅਪ੍ਰੇਸ਼ਨ ਤੇ ਉਹ ਮੈਨੂੰ ਸਲਾਹ ਦੇ ਰਹੀ ਸੀ ਕਿ ਮੈਂ ਦੋ ਦਿਨ ਦੇ ਕੱਚੇ ਟਾਂਕੇ ਲੈ ਕੇ ਘਰ ਚਲੀ ਜਾਵਾਂ......ਜਾਣਾ ਵੀ ਕਿਵੇਂ ਹੈ? ਬਾਹਰ ਕੋਈ ਗੱਡੀ, ਕੋਈ ਆਟੋ, ਕੋਈ ਟਾਂਗਾ ਕੁਝ ਨਹੀਂ ਚੱਲ ਰਿਹਾ। ਮੈਂ ਉਦੋਂ ਜਿੰਨੀ ਘਬਰਾਹਟ ਤੇ ਪ੍ਰੇਸ਼ਾਨੀ ਆਪਣੇ ਮੰਮੀ-ਪਾਪਾ ਦੇ ਚਿਹਰਿਆਂ 'ਤੇ ਵੇਖੀ ਓਨੀ ਕਦੀ ਅੱਗੇ ਨਹੀਂ ਸੀ ਦੇਖੀ। ਪਾਪਾ-ਮੰਮੀ ਨੂੰ ਤਸੱਲੀ ਦੇ ਕੇ ਬਾਹਰ ਚਲੇ ਗਏ। ਰੋਕਣ 'ਤੇ ਵੀ ਨਹੀਂ ਰੁਕੇ। ਬਾਹਰ ਠਾਹ-ਠਾਹ ਦੀ ਆਵਾਜ਼ ਆ ਰਹੀ ਸੀ, ਫੌਜੀਆਂ ਨੇ ਸਾਰੇ ਹਸਪਤਾਲ ਨੂੰ ਘੇਰ ਰੱਖਿਆ ਸੀ। ਕਿਸੇ ਨੂੰ ਕੁੱਟ ਪੈ ਰਹੀ ਸੀ, ਕਿਸੇ ਨੂੰ ਠੁੱਡੇ......ਐਨੇ ਵਿਚ ਪਾਪਾ ਪਤਾ ਨਹੀਂ ਕਿਵੇਂ ਬਚਦੇ ਬਚਾਉਂਦੇ ਬਾਹਰ ਨਿਕਲ ਗਏ। ਦੋ ਘੰਟੇ ਬੀਤ ਗਏ, ਤਿੰਨ ਘੰਟੇ, ਪਾਪਾ ਨਹੀਂ ਮੁੜੇ। ਮੇਰਾ ਅਤੇ ਛੋਟੀਆਂ ਬੇਟੀਆਂ ਦਾ ਰੋ-ਰੋ ਕੇ ਬੁਰਾ ਹਾਲ। ਮੰਮੀ ਅਤੇ ਨਾਲ ਦੀਆਂ ਔਰਤਾਂ ਮੈਨੂੰ ਕਹਿਣ ਨਾ ਰੋ......ਰੋਣ ਨਾਲ ਤੇਰੇ ਟਾਂਕੇ ਟੁੱਟ ਜਾਣਗੇ। ਪਰ ਮੈਂ ਆਖਾਂ ਏਨੀ ਅੱਗ ਲੱਗੀ ਹੋਈ ਹੈ। ਬਾਹਰ ਤੇ ਪਾਪਾ ਮੇਰੀ ਪ੍ਰੇਸ਼ਾਨੀ ਵਿਚ ਬਾਹਰ ਚਲੇ ਗਏ। ਕੀ ਮੇਰੀ ਪ੍ਰੇਸ਼ਾਨੀ ਕੇਵਲ ਉਨ੍ਹਾਂ ਦੀ ਪ੍ਰੇਸ਼ਾਨੀ ਸੀ ਕਿਉਂਕਿ ਮੈਂ-ਉਨ੍ਹਾਂ ਦੀ ਧੀ ਹਾਂ? ਕੀ ਧੀਆਂ ਮਾਂ ਬਾਪ ਨੂੰ ਕੇਵਲ ਪ੍ਰੇਸ਼ਾਨੀਆਂ ਹੀ ਦਿੰਦੀਆਂ ਨੇ ਤੇ ਸੁੱਖ ਉਹ ਕਿਸੇ ਹੋਰ ਦੇ ਹਵਾਲੇ ਕਰ ਦਿੰਦੀਆਂ ਨੇ।

ਅਸੀਂ ਪੰਜ ਬੰਦੇ ਘਰ ਦੇ ਉਨ੍ਹਾਂ ਹਾਲਾਤਾਂ ਵਿਚ ਖੱਜਲ ਹੋ ਰਹੇ ਸਾਂ। ਮੇਰੇ ਨਾਲ ਮੰਮੀ ਪਾਪਾ ਹੀ ਨਹੀਂ ਮੇਰੀਆਂ ਦੋ ਨਿੱਕੀਆਂ-ਨਿੱਕੀਆਂ ਬੱਚੀਆਂ ਵੀ ਉਸ ਨਰਕ ਵਰਗੇ ਹਸਪਤਾਲਾਂ 'ਚ ਰੁਲ ਰਹੀਆਂ ਸਨ। ਮੇਰਾ ਵੀਰ ਦਿਨੇ ਨੌਕਰੀ ਜਾਂਦਾ ਸੁਬਹ ਸ਼ਾਮ ਕਿਸੇ ਨਾ ਕਿਸੇ ਤਰ੍ਹਾਂ ਸਾਡੇ ਸਾਰਿਆਂ ਲਈ ਰੋਟੀ ਪੁੱਜਾਂਦਾ, ਦਵਾਈਆਂ ਦੇ ਜਾਂਦਾ। ਉਹਦੀ ਨੌਕਰੀ ਵੀ ਪੁਲਿਸ ਦੀ ਹੈ ਜਿਸ ਕਰਕੇ ਸਾਨੂੰ ਉਹਦੇ ਵਲੋਂ ਵੀ ਡਰ ਲੱਗਾ ਰਹਿੰਦਾ। ਇਹ 1993 ਦੇ ਅਤਿ ਦਹਿਸ਼ਤਗਰਦੀ ਭਰੇ ਦਿਨਾਂ ਦੀ ਗੱਲ ਹੈ ਜਦ ਪੁਲਿਸ ਉੱਤੇ ਦਹਿਸ਼ਤਗਰਦਾਂ ਦਾ ਕਹਿਰ ਸਭ ਤੋਂ ਵੱਧ ਬਰਸ ਰਿਹਾ ਸੀ।

ਡਾਕਟਰ ਲਿਲੀ ਨੇ ਸੱਚ ਹੀ ਕਿਹਾ ਸੀ ਕਿ ਹਸਪਤਾਲ ਵਿਚ ਜਿਹੜੇ ਆਤੰਕਵਾਦੀ ਮਾਰੇ ਗਏ ਜਾਂ ਫੜੇ ਗਏ ਉਨ੍ਹਾਂ ਕਾਰਨ ਸਾਰੇ ਕਸ਼ਮੀਰ ਵਿਚ ਤਣਾਓ ਹੋਰ ਵੱਧ ਗਿਆ। ਹਰ ਪਾਸੇ ਕਰਫਿਊ ਜਾਂ ਇੰਝ ਕਹੋ ਮੌਤ ਵਰਗਾ ਸੰਨਾਟਾ। ਸ਼ਾਮ ਹੁੰਦਿਆਂ-ਹੁੰਦਿਆਂ ਪਾਪਾ ਰੱਬ ਦੀ ਮਿਹਰ ਸਦਕਾ ਵਾਪਸ ਮੁੜ ਆਏ। ਉਨ੍ਹਾਂ ਨੂੰ ਵੇਖ ਸਾਨੂੰ ਲੱਗਾ ਜਿਵੇਂ ਅਸੀਂ ਵਰ੍ਹਿਆਂ ਦੇ ਵਿਛੜੇ ਅਚਾਨਕ ਮਿਲ ਪਏ ਹਾਂ। ਮੈਂ ਰੋਣ ਪੈ ਗਈ-ਮੈਂ ਕਿਹਾ "ਪਾਪਾ ਮੈਂ ਤੁਹਾਨੂੰ ਸਾਰਿਆਂ ਨੂੰ ਪ੍ਰੇਸ਼ਾਨੀ ਵਿਚ ਪਾ ਰੱਖਿਆ ਹੈ।" ਪਰ ਉਨ੍ਹਾਂ ਮੇਰੇ ਮੱਥੇ ਨੂੰ ਚੁੰਮ ਕੇ ਕਿਹਾ "ਬੱਚੇ ਇਹ ਪ੍ਰੇਸ਼ਾਨੀ ਕੋਈ ਸਾਡੇ ਇਕੱਲਿਆਂ ਨਾਲ ਥੋੜ੍ਹੀ ਹੈ। ਸਾਡੀ ਤਰ੍ਹਾਂ ਲੱਖਾਂ ਲੋਕ ਇਹ ਸਭ ਕੁਝ ਸਹਿਣ ਕਰ ਰਹੇ ਨੇ.....ਤੂੰ ਜ਼ਿਆਦਾ ਚਿੰਤਾ ਨਾ ਕਰ।" ਫਿਰ ਉਹ ਮੰਮੀ ਨੂੰ ਕਹਿਣ ਲੱਗੇ ਹਸਪਤਾਲ ਦੇ ਨੇੜੇ ਹੀ ਇਕ ਘਰ ਵਿਚ ਕਮਰਾ ਕਿਰਾਏ 'ਤੇ ਲੈ ਲਿਆ ਹੈ ਅਸੀਂ ਕੱਲ੍ਹ ਹੀ ਉਥੇ ਚਲੇ ਜਾਵਾਂਗੇ।" ਬਾਹਰ ਸ਼ਹਿਰ ਵਿਚ ਕੀ ਹਾਲਾਤ ਸਨ ਉਹ ਤੇ ਅਸੀਂ ਨਹੀਂ ਸਾਂ ਵੇਖ ਰਹੇ ਪਰ ਹਸਪਤਾਲ ਦੇ ਅੰਦਰ ਜੋ ਦੁਨੀਆਂ ਵੱਸਦੀ ਸੀ ਉਥੇ ਬੜੀ ਹਲਚਲ ਸੀ, ਤਣਾਓ ਦੇ ਦਹਿਸ਼ਤ ਸੀ ਤੇ ਦੂਰੋਂ ਨੇੜਿਓਂ ਰਹਿ-ਰਹਿ ਕੇ ਕਰਾਸ ਫਾਇਰਿੰਗ ਦੀ ਦਿਲ ਦਹਿਲਾਣ ਵਾਲੀ ਆਵਾਜ਼ ਆ ਰਹੀ ਸੀ। ਸ਼ਾਮ ਤੱਕ ਹਸਪਤਾਲ 'ਚ ਨਾ ਕੋਈ ਡਾਕਟਰ ਸੀ ਨਾ ਨਰਸ ਨਾ ਸਫ਼ਾਈ ਕਰਮਚਾਰੀ, ਨਾ ਕੰਪੋਡਰ ਬੱਸ ਫੌਜੀ ਬੂਟਾਂ ਦੀ ਠਕ

> **ਡਾਕਟਰ ਲਿਲੀ ਨੇ ਸੱਚ ਹੀ ਕਿਹਾ ਸੀ ਕਿ ਹਸਪਤਾਲ ਵਿਚ ਜਿਹੜੇ ਆਤੰਕਵਾਦੀ ਮਾਰੇ ਗਏ ਜਾਂ ਫੜੇ ਗਏ ਉਨ੍ਹਾਂ ਕਾਰਨ ਸਾਰੇ ਕਸ਼ਮੀਰ ਵਿਚ ਤਣਾਓ ਹੋਰ ਵੱਧ ਗਿਆ। ਹਰ ਪਾਸੇ ਕਰਫਿਊ ਜਾਂ ਇੰਝ ਕਹੋ ਮੌਤ ਵਰਗਾ ਸੰਨਾਟਾ। ਸ਼ਾਮ ਹੁੰਦਿਆਂ-ਹੁੰਦਿਆਂ ਪਾਪਾ ਰੱਬ ਦੀ ਮਿਹਰ ਸਦਕਾ ਵਾਪਸ ਮੁੜ ਆਏ। ਉਨ੍ਹਾਂ ਨੂੰ ਵੇਖ ਸਾਨੂੰ ਲੱਗਾ ਜਿਵੇਂ ਅਸੀਂ ਵਰ੍ਹਿਆਂ ਦੇ ਵਿਛੜੇ ਅਚਾਨਕ ਮਿਲ ਪਏ ਹਾਂ। ਮੈਂ ਰੋਣ ਪੈ ਗਈ-ਮੈਂ ਕਿਹਾ "ਪਾਪਾ ਮੈਂ ਤੁਹਾਨੂੰ ਸਾਰਿਆਂ ਨੂੰ ਪ੍ਰੇਸ਼ਾਨੀ ਵਿਚ ਪਾ ਰੱਖਿਆ ਹੈ।"**

ਠਕ ਹਸਪਤਾਲ ਸ਼ਮਸ਼ਾਨਘਾਟ ਲੱਗ ਰਿਹਾ ਸੀ।

-"ਅਸੀਂ ਹੁਣੇ ਚਲਦੇ ਹਾਂ "ਮੰਮੀ ਨੇ ਘਬਰਾ ਕੇ ਪਾਪਾ ਨੂੰ ਕਿਹਾ" ਇਸ ਦੋਜ਼ਖ਼ ਵਿਚ ਹੋਰ ਨਹੀਂ ਰਹਿਣ ਹੁੰਦਾ" ਤੇ ਆਗਿਆਕਾਰੀ ਪਾਪਾ ਨੇ ਉਸੇ ਵੇਲੇ ਸਾਰਾ ਸਮਾਨ ਬੰਨ੍ਹਿਆ। ਬੜੀ ਮੁਸ਼ਕਿਲ ਨਾਲ ਹਸਪਤਾਲ ਦੇ ਸੁਪਰੀਡੈਂਟ ਤੋਂ ਕੁਝ ਲਿਖਵਾ ਕੇ ਲਿਆਂਦਾ ਤੇ ਹਸਪਤਾਲ ਦੀ ਹੀ ਇਕ ਟੁੱਟੀ ਭੱਜੀ ਗੱਡੀ ਵਿਚ ਸਾਨੂੰ ਬਿਠਾ ਕੇ ਜਵਾਹਰ ਨਗਰ ਵੱਲ ਤੁਰ ਪਏ। ਰਾਹ ਵਿਚ ਜਿੰਨੀ ਜਗ੍ਹਾ ਚੈਕਿੰਗ ਹੋਈ ਪਾਪਾ ਨੇ ਹਸਪਤਾਲ ਦੇ ਸੁਪਰੀਡੈਂਟ ਦਾ ਲਿਖਿਆ ਕਾਰਡ ਵਿਖਾਇਆ ਤੇ ਅੱਖਾਂ ਕੱਢਦੇ ਤੇ ਲਾਲ ਪੀਲੇ ਹੁੰਦੇ ਫੌਜੀ ਮੇਰੇ ਵੱਲ ਘੂਰ ਕੇ ਵੇਖਦੇ ਤੇ ਅੱਗੇ ਜਾਣ ਦੀ ਇਜਾਜ਼ਤ ਦੇ ਦਿੰਦੇ। ਤੇਜ਼ ਗੱਡੀ ਵਿਚ ਲਗਦੇ ਝਟਕਿਆਂ ਨੇ ਮੇਰੇ ਅਪ੍ਰੇਸ਼ਨ ਤੇ ਮੇਰੇ ਟਾਂਕਿਆਂ ਦਾ ਸਤਿਆਨਾਸ ਕਰ ਦਿੱਤਾ।

ਪਰ ਮੈਂ ਚੁੱਪ। ਮੂੰਹੋਂ ਸੀ ਵੀ ਨਾ ਕੀਤਾ। ਮਾਂ ਬਾਪ ਦੇ ਪੀਲੇ ਭੂਕ ਚਿਹਰਿਆਂ ਵੱਲ ਚੋਰ ਨਜ਼ਰਾਂ ਨਾਲ ਤਕਦਿਆਂ ਮੈਂ ਆਪਣੇ ਪੇਟ ਨੂੰ ਦੋਹਾਂ ਹੱਥਾਂ ਨਾਲ ਘੁੱਟ ਕੇ ਫੜ ਲਿਆ-"ਪੀੜ ਹੋ ਰਹੀ ਹੈ?" ਮੰਮੀ ਨੇ ਪੁੱਛਿਆ ਤੇ ਮੈਂ ਨਾਂਹ ਵਿਚ ਸਿਰ ਹਿਲਾ ਦਿੱਤਾ। ਮੰਮੀ ਦੀਆਂ ਅੱਖਾਂ ਭਰ ਆਈਆਂ ਤੇ ਉਨ੍ਹਾਂ ਮੇਰਾ ਸਿਰ ਆਪਣੀ ਛਾਤੀ ਨਾਲ ਘੁੱਟ ਲਿਆ। ਉਨ੍ਹਾਂ ਦੀ ਗੋਦ ਵਿਚ ਮੇਰਾ ਤਿੰਨ ਦਿਨਾਂ ਦੇ ਬੇਟਾ, ਸੱਜੇ ਪਾਸੇ ਨਾਲ ਮੇਰੀ ਤਿੰਨ ਸਾਲ ਦੀ ਬੇਟੀ ਤੇ ਖੱਬੇ ਪਾਸੇ ਨਾਲ ਛੇ ਸਾਲ ਦੀ ਬੇਟੀ ਚਿੰਬੜੀ ਹੋਈ ਸੀ। ਮਾਤਾ ਗੁਜਰੀ ਦੇ ਪਾਸਿਆਂ ਨਾਲ ਛੋਟੇ ਦੋਵੇਂ ਸਾਹਿਬਜ਼ਾਦੇ ਇੰਝ ਹੀ ਉਸ ਠੰਡੇ ਬੁਰਜ ਵਿਚ ਇਵੇਂ ਹੀ ਚਿੰਬੜੇ ਹੋਏ ਰਹੇ ਹੋਣਗੇ। ਪਾਪਾ ਦਾ ਚਿਹਰਾ ਪਥਰਾਇਆ ਹੋਇਆ ਸੀ। ਜਵਾਹਰ ਨਗਰ ਪੁੱਜ ਅਸੀਂ ਉਸ ਕਿਰਾਏ ਦੇ ਕਮਰੇ ਵਿਚ ਆ ਗਏ ਪਰ ਉਸ ਕਮਰੇ ਵਿਚ ਜਾਣ ਲੱਗਿਆਂ ਪੰਜ ਛੇ ਪੌੜੀਆਂ ਚੜ੍ਹ ਕੇ ਬਰਾਂਡਾ ਤੇ ਫਿਰ ਉਹ ਕਮਰਾ ਆਉਂਦਾ ਸੀ। ਪਰ ਇਹ ਸਫ਼ਰ ਤਾਂ ਕਰਨਾ ਹੀ ਸੀ। ਮੈਂ ਕਮਰੇ ਵਿਚ ਆ ਕੇ ਲੇਟ ਗਈ। ਬਿਸਤਰਾ ਭਾਂਡੇ ਤਾਂ ਹਸਪਤਾਲ ਵਿਚ ਵੀ ਨਾਲ ਹੀ ਰੱਖੇ ਸਨ ਥੋੜ੍ਹੇ ਬਹੁਤ। ਕੁਝ ਅਸੀਂ ਆਪਣੇ ਰਿਸ਼ਤੇਦਾਰਾਂ ਤੋਂ ਲੈ ਕੇ ਗੁਜ਼ਾਰਾ ਕਰਨ ਲੱਗੇ। ਹੁਣ ਮਸਲਾ ਸੀ ਕਿ ਕੱਚੇ ਟਾਂਕਿਆਂ ਦੀ ਹਰ ਦੂਜੇ ਦਿਨ ਸਫ਼ਾਈ ਤੇ ਡਰੈਸਿੰਗ। ਇਸ ਲਈ ਵੀ ਪਾਪਾ ਨੇ ਦੌੜ ਭੱਜ ਕਰਕੇ ਕੋਈ ਕੈਮਿਸਟ ਲੱਭ ਹੀ ਲਿਆ। ਉਹ ਘਰ ਆ ਕੇ ਸਫ਼ਾਈ ਕਰਕੇ ਡਰੈਸਿੰਗ ਕਰ ਜਾਂਦਾ। ਮੈਂ ਆਪਣੇ ਪਤੀ ਨੂੰ ਬੇਟੇ ਦੇ ਜਨਮ ਦੀ ਸੂਚਨਾ ਖ਼ਤ ਰਾਹੀਂ ਦੇ ਦਿੱਤੀ ਸੀ। ਜੁਆਬ 'ਚ ਉਨ੍ਹਾਂ ਲਿਖਿਆ ਸੀ ਕਿ ਕੁਝ ਦਿਨ ਉਨ੍ਹਾਂ ਨੂੰ ਹੋਰ ਰੁਕਣਾ ਪਵੇਗਾ ਅਜੇ ਕਲਕੱਤੇ। ਸ਼ੂਟਿੰਗ ਦਾ ਕੰਮ ਉਨ੍ਹਾਂ ਦਾ ਬਾਕੀ ਰਹਿੰਦਾ ਸੀ। "ਤੁਸੀਂ ਜੰਮੂ ਆਪਣੇ ਘਰ ਕਿਉਂ ਨਹੀਂ ਚਲੇ ਜਾਂਦੇ ਤੁਸੀਂ ਚੰਗੇ ਹਸਪਤਾਲ 'ਚ ਆਪਣਾ ਇਲਾਜ ਕਰਵਾ ਸਕਦੇ ਹੋ।" ਪੰਜਵੇਂ ਛੇਵੇਂ ਦਿਨ ਕੈਮਿਸਟ ਨੇ ਕੁਝ ਪ੍ਰੇਸ਼ਾਨੀ ਨਾਲ ਕਿਹਾ ਪਾਪਾ ਦੇ ਪੁੱਛਣ ਦੇ ਉਸ ਦੱਸਿਆ ਕਿ ਟਾਂਕਿਆਂ 'ਚ ਪਸ ਪੈ ਗਈ ਹੈ। ਹੁਣ ਸਾਡੇ ਘਬਰਾਣ ਦੀ ਵਾਰੀ ਸੀ। ਪਰ ਕੁਝ ਕਰ ਨਹੀਂ ਸਾਂ ਸਕਦੇ। ਇਲਾਜ ਚਲਦਾ ਰਿਹਾ ਤੇ ਅਖੀਰ ਸਟਿਸ ਵੀ ਰਿਮੂਵ ਕਰਨੇ ਪਏ। ਪਰ ਉਨ੍ਹਾਂ ਟਾਂਕਿਆਂ ਦੀ ਹਾਲਤ ਇਹ ਸੀ ਕਿ ਵੱਖਰੇ-ਵੱਖਰੇ ਟਾਂਕੇ 'ਚੋਂ ਪਸ ਫੁੱਟ ਰਹੀ ਸੀ। ਪਟੀਆਂ ਫਿਰ ਵੀ ਚਲਦੀਆਂ ਰਹੀਆਂ। ਕਰਫਿਊ ਹਟਦਾ ਤਾਂ ਕੁਝ ਦੇਰ ਲਈ ਜ਼ਿੰਦਗੀ ਰੂਟੀਨ ਵਿਚ ਤੁਰਦੀ। ਪਾਪਾ ਅਜਿਹੇ ਮੌਕੇ ਦੀ ਭਾਲ ਵਿਚ ਰਹਿੰਦੇ ਝਟ ਕਿਸੇ ਡਾਕਟਰ ਨੂੰ ਫੜ ਲਿਆਉਂਦੇ ਜੋ ਕੁਝ ਐਂਟੀ ਬਾਇਓਟਿਕ ਇਜੈਕਸ਼ਨ ਲਿਖ ਦੇਂਦੇ। ਜ਼ਖ਼ਮ ਕੁਝ ਭਰਦੇ, ਕੁਝ ਮੁੜ ਰਿਸਣ ਲੱਗ ਪੈਂਦੇ ਇੰਝ ਹੀ ਡੇਢ ਕੁ ਮਹੀਨਾ ਲੰਘ ਗਿਆ ਕਿ ਇਕ ਦਿਨ ਅਚਾਨਕ ਮੇਰੇ ਪਤੀ ਮੇਰੇ ਸਾਹਮਣੇ ਆ ਖੜ੍ਹੇ ਹੋਏ। ਮੈਂ ਕੋਈ ਗਿਲਾ ਸ਼ਿਕਵਾ ਨਹੀਂ ਕਰ ਸਕੀ ਬੱਸ ਏਨਾ ਕਿਹਾ ਮੈਂ ਜੀਣਾ ਚਾਹੁੰਦੀ ਤਾਂ ਆਪਣੇ ਬੱਚਿਆਂ ਲਈ, ਪਰ ਜੋ ਹਾਲਤ ਮੈਂ ਮਹਿਸੂਸ ਕਰ ਰਹੀ ਹਾਂ ਮੈਨੂੰ ਲਗਦਾ ਹੈ ਇਹ ਪਸ ਅੰਦਰੋਂ ਅੰਦਰੀ ਮੇਰੇ ਸਾਰੇ ਸਰੀਰ ਵਿਚ ਫੈਲ ਰਹੀ ਹੈ। ਮੈਨੂੰ ਬਚਾ ਲਓ......ਤੇ ਅਗਲੇ ਹੀ ਦਿਨ ਅਸੀਂ ਆਪਣੇ ਬੱਚਿਆਂ ਸਮੇਤ ਜੰਮੂ ਆ ਗਏ ਸਾਂ। ਅੱਗੇ ਦੀ ਯਾਤਨਾ ਬਾਰੇ ਫਿਰ ਦੀ ਦੱਸਾਂਗੀ.....।

ਮੋਬਾਈਲ ਤੇ ਈ-ਮੇਲ ਦਾ ਜਾਲ

ਸ਼ਾਇਦ ਉਪਰੋਕਤ ਕਥਨ ਪੜ੍ਹ ਕੇ 21ਵੀਂ ਸਦੀ ਦੇ ਵਿਗਿਆਨਕ ਯੁੱਗ ਦੇ ਲੋਕ ਇਹ ਕਹਿਣ ਕਿ ਦੇਖੋ ਯਾਰ ਬੰਦਾ ਵਿਗਿਆਨ ਵਿਰੁੱਧ ਬੋਲ ਰਿਹਾ ਹੈ ਪਰ ਮਾਮਲਾ ਇੱਥੇ ਵਿਗਿਆਨ ਦੀ ਨਿਖੇਧੀ ਜਾਂ ਵਿਰੋਧ 'ਚ ਬੋਲਣ ਦਾ ਨਹੀਂ ਹੈ, ਕਿਉਂਕਿ ਮੈਂ ਖ਼ੁਦ ਵਿਗਿਆਨ ਦਾ ਮੁਰੀਦ ਹਾਂ, ਕਿਸੇ ਵਹਿਮ ਭਰਮ ਤੋਂ ਪਹਿਲਾਂ ਵਿਗਿਆਨੀ ਨੁਕਤੇ ਨੂੰ ਪਹਿਲ ਦਿੰਦਾ ਹਾਂ ਪਰ ਲੋਕਾਂ ਵਿਚ ਦਿਨੋਂ-ਦਿਨ ਘੱਟ ਰਹੇ ਆਪਸੀ ਪਿਆਰ, ਭਾਈਚਾਰੇ, ਸਹਿਣਸ਼ੀਲਤਾ ਤੇ ਝੂਠ ਦੇ ਵਾਧੇ ਨੂੰ ਦੇਖਦੇ ਹੋਏ ਮੈਨੂੰ ਵਿਗਿਆਨ ਦੀ ਤਰੱਕੀ ਦੇ ਨਾਲ-ਨਾਲ ਆਪਸੀ ਭਾਈਚਾਰੇ ਵਿਚ ਪਈਆਂ ਤਰੇੜਾਂ ਉਜਾਗਰ ਕਰਨ ਲਈ ਅਪਣੀ ਕਲਮ ਚੁੱਕਣ ਲਈ ਮਜਬੂਰ ਹੋਣਾ ਪਿਆ ਹੈ। ਵਿਗਿਆਨ ਦੀ ਤਰੱਕੀ ਦੇ ਅੰਬਰ 'ਤੇ ਜਾ ਕੇ ਵਿਗਿਆਨੀਆਂ ਦੇ ਕੀਤੇ ਕਾਰਨਾਮਿਆਂ 'ਚੋਂ ਸੱਭ ਤੋਂ ਪਹਿਲੀ ਕਰਾਮਾਤ ਜੋ ਸ਼ਹਿਰਾਂ ਤੋਂ ਬਾਅਦ ਪਿੰਡਾਂ ਦੇ ਲੋਕਾਂ ਵਿਚ ਅਚੰਭਾ ਜਿਹਾ ਬਣੀ, ਉਹ ਹੈ ਗੈਸ ਸਲੰਡਰ ਚੁੱਲਾ। ਬੇਸ਼ੱਕ ਇਸ ਮਾਅਰਕੇ ਨਾਲ ਲੋਕਾਂ ਵਿਚ ਘੱਟ ਸਮੇਂ ਵਿਚ ਹਰ ਚੀਜ਼ ਛੇਤੀ ਤਿਆਰ ਤੇ ਧੂੰਆਂ ਰਹਿਤ ਹੋਣ ਕਰ ਕੇ ਖ਼ੁਸ਼ੀ ਪਾਈ ਗਈ ਪਰ ਇਸ ਖੋਜ ਨੇ ਪਿੰਡਾਂ ਵਿਚ ਚੀਕਣੀ ਮਿੱਟੀ ਨਾਲ ਬਣੇ ਡਿਜ਼ਾਈਨਦਾਰ ਚੁੱਲਿਆਂ ਨੂੰ ਅਪਣੀ ਲਪੇਟ ਵਿਚ ਲੈ ਲਿਆ, ਚੌਂਤਰੇ ਤੇ ਬਣੇ ਚੁੱਲੇ 'ਤੇ ਰੋਟੀ ਵਗੈਰਾ ਬਣਾਉਂਦੇ ਸਮੇਂ ਲਗਭਗ ਸਾਰਾ ਪਰਵਾਰ ਚੌਂਤਰੇ 'ਤੇ ਬੈਠ ਕੇ ਰੋਟੀ ਖਾਂਦਾ ਸੀ ਤੇ ਇਸ ਸਮੇਂ ਪਰਿਵਾਰ ਵਿਚਕਾਰ ਆਪਣੀ ਗੱਲਬਾਤ ਲੰਬੀ ਚਲਦੀ ਰਹਿੰਦੀ ਜੋ ਉਸ ਸਮੇਂ ਆਪਣੇ ਪਰਿਵਾਰ ਨਾਲ ਰਲ ਮਿਲ ਕੇ ਬੈਠਣ ਦਾ ਸੁਨਹਿਰੀ ਸਮਾਂ ਸੀ ਅਤੇ ਚੁੱਲੇ ਵਿਚ ਲੱਕੜਾਂ ਬਾਲਣ ਤੋਂ ਬਣੀ ਸੁਆਹ ਜਿੱਥੇ ਭਾਂਡੇ ਸਾਫ਼ ਕਰਨ ਤੋਂ ਬਿਨਾਂ ਹੋਰ ਕਈ ਕੰਮ ਆਉਂਦੀ ਸੀ, ਅੱਜ ਕਲ ਹਵਾ ਵਿਚ ਉੱਡ ਗਈ (ਭਾਵ ਸੁਆਹ ਨੂੰ ਜ਼ਹਿਰੀਲੀਆਂ ਗੈਸਾਂ ਨੇ ਖਾ ਲਿਆ)। ਦੱਸਣਯੋਗ ਹੈ ਇਹ ਸੁਆਹ ਅਨੇਕਾਂ ਤੱਤਾਂ ਨਾਲ ਭਰਪੂਰ ਹੁੰਦੀ ਹੈ ਪਰ ਹੁਣ ਦੇ ਗੈਸ ਵਾਲੇ ਚੌਕਾਚੌਂਧ ਚੁੱਲੇ ਨੇ ਆਪਸੀ ਪਿਆਰ ਖ਼ਤਮ ਕਰਨ ਦੇ ਨਾਲ ਨਾਲ ਮਨੁੱਖੀ ਜ਼ਿੰਦਗੀਆਂ ਖ਼ਤਮ ਕਰਨ ਵਿਚ ਵੀ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਦੂਸਰੀ ਵਿਗਿਆਨ ਦੀ ਖੋਜ ਨੇ ਲੋਕਾਂ ਨੂੰ ਮੋਬਾਇਲ ਜ਼ਰੀਏ ਭੰਬਲਭੂਸੇ ਵਿਚ ਪਾਇਆ।

ਬੇਸ਼ੱਕ ਸ਼ਹਿਰਾਂ ਦੇ ਲੋਕ ਪੜ੍ਹੇ ਲਿਖੇ ਹੋਣ ਕਰ ਕੇ ਇਸ ਤੋਂ ਜਾਣੂ ਸਨ ਪਰ ਪਿੰਡਾਂ ਦੇ ਲੋਕ ਮੋਬਾਇਲ 'ਤੇ ਗੱਲ ਕਰਦੇ ਆਦਮੀ ਕੋਲ ਇਕੱਠ ਮਾਰ ਲੈਂਦੇ ਸਨ ਤੇ ਬਹੁਤੇ ਲੋਕ ਗੱਲ ਕਰਨੀ ਤਾਂ ਦੂਰ, ਇਸ ਨੂੰ ਫੜਨ ਤੋਂ ਵੀ ਝਿਜਕਦੇ ਸਨ। ਇਹ ਖੋਜ ਜਿਸ ਰਾਹੀਂ ਲੋਕਾਂ ਦੇ ਸੰਪਰਕ ਵਿਚ ਘੱਟ ਸਮਾਂ ਲੱਗਦਾ ਤੇ ਝੱਟਪਟ ਅਸੀਂ ਸਾਰੀ ਗੱਲ ਇਕ ਦੂਜੇ ਨੂੰ ਦੱਸ ਦਿੰਦੇ ਹਾਂ ਪਰ ਨਾਲ ਨਾਲ ਅਪਣੇ ਯਾਰ-ਮਿੱਤਰਾਂ, ਸਾਕ

> *ਬੇਸ਼ੱਕ ਸ਼ਹਿਰਾਂ ਦੇ ਲੋਕ ਪੜ੍ਹੇ ਲਿਖੇ ਹੋਣ ਕਰ ਕੇ ਇਸ ਤੋਂ ਜਾਣੂ ਸਨ ਪਰ ਪਿੰਡਾਂ ਦੇ ਲੋਕ ਮੋਬਾਇਲ 'ਤੇ ਗੱਲ ਕਰਦੇ ਆਦਮੀ ਕੋਲ ਇਕੱਠ ਮਾਰ ਲੈਂਦੇ ਸਨ ਤੇ ਬਹੁਤੇ ਲੋਕ ਗੱਲ ਕਰਨੀ ਤਾਂ ਦੂਰ, ਇਸ ਨੂੰ ਫੜਨ ਤੋਂ ਵੀ ਝਿਜਕਦੇ ਸਨ।*

ਸਬੰਧੀਆਂ, ਰਿਸ਼ਤੇਦਾਰਾਂ ਦੇ ਘਰ ਜਾ ਕੇ ਮਿਲ ਕੇ ਗੱਲਬਾਤ ਕਰਨ, ਸੁਨੇਹੇ ਦੇਣ ਦੀ ਪ੍ਰੰਪਰਾ ਨੂੰ ਖ਼ਤਮ ਕਰਨ ਕਿਨਾਰੇ ਪਹੁੰਚਾ ਦਿਤਾ ਹੈ। ਹਰ ਕੋਈ ਕਹਿੰਦਾ ਹੈ, ਜੀ ਆਉਣ ਦਾ ਸਮਾਂ ਨਹੀਂ, ਤੁਸੀਂ ਸਾਰੀ ਗੱਲ ਫ਼ੋਨ 'ਤੇ ਹੀ ਦੱਸ ਦਿਉ। ਹੋਰ ਤਾਂ ਹੋਰ ਮੋਬਾਇਲ ਨੇ ਜੋ ਸੱਭ ਤੋਂ ਵੱਡਾ ਬਖੇੜਾ ਸ਼ੁਰੂ ਕੀਤਾ ਹੈ, ਉਹ ਹੈ 'ਝੂਠ' ਬੋਲਣ ਦਾ। ਬੰਦਾ ਬੇਸ਼ੱਕ ਗੁਆਂਢ 'ਚ ਹੀ ਖੜ੍ਹਾ ਹੋਵੇ ਪਰ ਉਹ ਅਪਣੇ-ਆਪ ਨੂੰ ਚੰਡੀਗੜ੍ਹ ਜਾਂ ਦਿੱਲੀ ਦੱਸੇਗਾ ਪਰ ਜਦੋਂ ਸਥਿਤੀ ਸਾਹਮਣੇ ਆਉਂਦੀ ਹੈ ਤਾਂ ਅਕਸਰ ਇਹ ਝੂਠ ਦੂਰੀ ਦਾ ਕਾਰਨ ਬਣ ਜਾਂਦਾ ਹੈ। ਕੰਪਿਊਟਰ ਦੀ ਗੱਲ ਕਰੀਏ ਤਾਂ ਉਹ ਘਰ ਆਪਣੇ ਰਿਸ਼ਤੇਦਾਰਾਂ ਨਾਲੋਂ ਬਿਲਕੁਲ ਟੁੱਟ ਚੁੱਕੇ ਹੋਣਗੇ, ਜਿਨ੍ਹਾਂ ਦੇ ਘਰ ਕੰਪਿਊਟਰ ਹਨ, ਕਿਉਂਕਿ ਵਿਆਹ-ਸ਼ਾਦੀ ਜਾਂ ਹੋਰ ਸਮਾਗਮ ਦੇ ਸੁਨੇਹੇ ਕੰਪਿਊਟਰ ਤੋਂ ਈਮੇਲ ਰਾਹੀਂ ਹੀ ਕਾਰਡ ਦੇ ਰੂਪ ਵਿਚ ਛਾਪ ਕੇ ਭੇਜ ਦਿੱਤੇ ਜਾਂਦੇ ਹਨ। ਪਹਿਲਾਂ ਵਿਆਹ ਸ਼ਾਦੀ ਦੇ ਕਾਰਡ ਬੜੇ ਅਦਬ ਸਤਿਕਾਰ ਨਾਲ ਅਪਣੇ ਸਾਕ ਸਬੰਧੀਆਂ ਦੇ ਘਰ ਜਾ ਕੇ ਦਿਤੇ ਜਾਂਦੇ ਸਨ ਤੇ ਅੱਗੋਂ ਰਿਸ਼ਤੇਦਾਰ ਮਾਣ-ਸਨਮਾਨ ਵਜੋਂ ਕੰਬਲ ਅਤੇ ਖੇਸ ਦਿੰਦੇ ਸਨ ਜੋ ਸਾਡੇ ਪਿਆਰ ਅਤੇ ਭਾਈਚਾਰੇ ਦਾ ਪ੍ਰਤੀਕ ਸੀ। ਹੁਣ ਦੀ ਕੰਪਿਊਟਰੀ ਪੀੜ੍ਹੀ ਤਾਂ ਇੱਥੋਂ ਤਕ ਇਸ ਵਿਚ ਸਮਾਂ ਗਈ ਹੈ ਕਿ ਮਿਲਵਰਤਣ ਨਾ ਹੋਣ ਕਰ ਕੇ ਉਹ ਅਪਣੇ ਬਹੁਤੇ ਰਿਸ਼ਤੇਦਾਰਾਂ ਦੇ ਸ਼ਾਇਦ ਨਾਮਾਂ ਤੋਂ ਵੀ ਅਣਜਾਣ ਹੋਣ। ਸ਼ਾਇਦ ਕੁਝ ਲੋਕ ਪੜ੍ਹ ਕੇ ਸਵਾਲ ਕਰਨ ਕਿ ਵਿਗਿਆਨ ਨਾਲ ਅਸੀਂ ਦੂਜੇ ਮੁਲਕਾਂ ਦੇ ਬਰਾਬਰ ਖੜ੍ਹਨ ਲਈ ਖੋਜਾਂ ਕਰ ਕੇ ਸਮੇਂ ਦੀ ਬੱਚਤ, ਪੈਸੇ ਦੀ ਬੱਚਤ, ਕੰਮ ਛੇਤੀ ਕਰਨ ਦੀ ਸਮਰੱਥਾ ਰੱਖਦੇ ਹਾਂ, ਪਰ ਦੋਸਤੋ ਉਸ ਸਮੇਂ ਦੀ ਬੱਚਤ, ਪੈਸਾ ਤੇ ਕਾਹਲੀ ਕੀ ਕਰੂਗੀ ਜਦੋਂ ਸਾਡੀ ਅਪਨਿਆਂ ਨਾਲ ਆਪਣੀ ਸਾਂਝ ਹੀ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਗਈ। ਮੈਂ ਵਿਗਿਆਨ ਦੀ ਅਤੇ ਵਿਗਿਆਨੀਆਂ ਦੀ ਤਰੱਕੀ ਅਤੇ ਲੰਬੀ ਉਮਰ ਲਈ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ, ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰ ਕੇ ਭਾਰਤ ਦੇਸ਼ ਦਾ ਨਾਮ ਰੌਸ਼ਨ ਕਰਨ ਪਰ ਨਾਲ-ਨਾਲ ਮੈਂ ਵਿਗਿਆਨ ਦੀ ਖੋਜ ਨਾਲ ਸਾਨੂੰ ਮਿਲੀਆਂ ਸਹੂਲਤਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਬੇਨਤੀ ਕਰਦਾ ਕਿ ਵਿਗਿਆਨ ਦੀ ਹਰ ਵਸਤੂ ਵਰਤਦੇ ਸਮੇਂ ਆਪਸੀ ਭਾਈਚਾਰੇ ਤੇ ਪਿਆਰ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਵੀ ਸਮਾਂ ਕੱਢਣ।

- ਸੱਤਪਾਲ ਸਿੰਘ ਸਿਵੀਆਂ

ਵਿਅੰਗ - ਜਨਮ ਦਿਨ

ਅਸੀਂ ਵੀ ਕਿਸੇ ਨਾਲੋਂ ਘੱਟ ਨਹੀਂ, 39 ਸਾਲਾਂ ਦਾ ਸਫ਼ਰ ਕਰਦੇ ਅਸੀਂ ਚਾਲੀਆਂ 'ਤੇ ਆ ਗਏ। ਬੱਚਿਆਂ ਨੂੰ ਬੜੀ ਖ਼ੁਸ਼ੀ ਹੋਈ, ਪਾਪਾ ਦਾ ਜਨਮ ਦਿਨ ਹੈ। ਖਾਣ-ਪੀਣ ਤੋਂ ਇਲਾਵਾ ਜਨਮ ਦਿਨ ਲਈ 'ਕੇਕ' ਵੀ ਬੱਚਿਆਂ ਨੇ ਹੀ ਆਰਡਰ ਕੀਤਾ। ਉਪਰ ਚਾਕਲੇਟ ਨਾਲ 'ਪਾਪਾ' ਲਿਖਵਾ ਕੇ 40 ਵੀ ਉਕਰਿਆ ਹੋਇਆ ਸੀ। ਗੋਲਧਾਰੇ ਵਿਚ ਮੋਮਬੱਤੀਆਂ ਵੀ ਗੱਡੀਆਂ ਗਈਆਂ ਸਨ, ਪੂਰੀਆਂ ਚਾਲੀ! ਬੱਚਿਆਂ ਨੇ ਆਪਣੇ ਸਕੂਲ ਸਾਥੀਆਂ ਨੂੰ ਵੀ ਸੱਦਾ ਪੱਤਰ ਭੇਜਿਆ ਸੀ। ਆਂਢੀ-ਗੁਆਂਢੀ ਵੀ ਬੁਲਾਏ ਹੋਏ ਸਨ। ਅਸੀਂ ਆਉਣ ਵਾਲੇ ਖ਼ਰਚੇ ਪ੍ਰਤੀ ਆਪਣੀ ਜੇਬ ਤੋਲ-ਤੋਲ ਕੇ ਦੇਖ ਰਹੇ ਸਾਂ। ਘਰਵਾਲੀ ਨੂੰ ਵੀ ਕੋਈ ਬਹੁਤਾ ਚਾਅ ਨਹੀਂ ਸੀ। ਉਸ ਦੀ ਧਰਨ ਵੀ ਮੇਰੇ ਵਾਂਗ ਹੀ ਡਿੱਕਡੋਲੇ ਜਿਹੇ ਖਾ ਰਹੀ ਸੀ। ਕਾਰਨ...? ਸਾਡੀ ਘਰਵਾਲੀ-ਸ੍ਰੀ ਨੇ ਸਾਡੇ ਨਾਲੋਂ ਪੂਰੇ ਦਸ ਸਾਲ ਪਹਿਲਾਂ ਅਵਤਾਰ ਧਾਰਿਆ ਸੀ। ਮੈਂ ਚਾਲ੍ਹੀਆਂ ਦਾ ਅਤੇ ਘਰਵਾਲੀ ਪੰਜਾਹਾਂ ਦੀ, ਰੱਬ ਬਖ਼ਸ਼ੀ ਰੱਖੇ! ਉਹ ਮੱਝ ਦੇ ਮਗਰ ਕੱਟਾ ਫਿਰਨ ਵਾਂਗ ਮੇਰੇ ਪਿੱਛੇ-ਪਿੱਛੇ ਹੀ ਤੁਰੀ ਫਿਰਦੀ ਸੀ। ਮੈਨੂੰ ਕਾਰਨ ਸਮਝ ਨਾ ਆਇਆ ਕਿ ਪਤਨੀ-ਸ੍ਰੀ ਅੱਜ ਮੇਰਾ ਪਿੱਛਾ ਕਿਉਂ ਨਹੀਂ ਛੱਡ ਰਹੀ? ਅੱਗੇ ਤਾਂ ਉਸ ਦੀ ਇਕੋ ਹੀ ਰੱਟ ਹੁੰਦੀ ਸੀ, "ਜਾਉ ਜਿੱਥੇ ਜਾਣੈਂ-ਖਾਉ ਧੱਕੇ-ਮਰੋ ਪਰ੍ਹੇ..!" ਪਰ ਅੱਜ ਤਾਂ ਮੇਰਾ ਕੁੱਝ ਜ਼ਿਆਦਾ ਹੀ 'ਮੋਹ' ਜਿਹਾ ਕਰ ਰਹੀ ਸੀ? ਦਿਮਾਗ਼ 'ਤੇ ਕਈ ਵਾਰ ਸੋਚਾਂ ਦਾ ਰੇਗਮਾਰ ਫੇਰਿਆ ਪਰ ਜੰਗਾਲਿਆ ਦਿਮਾਗ਼ ਕਦੋਂ ਛੇਤੀ ਕੀਤੇ ਲਿਸ਼ਕੋਰ ਫੜਦੈ! ਫੇਰ ਸਿਰ ਵਿਚ ਪੁਰਾਣੇ ਰੇਡੀਓ ਵਾਂਗ ਧੱਫ਼ੇ ਜਿਹੇ ਮਾਰੇ, ਕਿ ਕੀ ਐ 'ਘਿਰੜ-ਘਿਰੜ' ਕਰਦੇ ਰੇਡੀਉ ਵਾਂਗ ਸ਼ਾਇਦ ਕੋਈ ਸਟੇਸ਼ਨ ਫੜ ਹੀ ਲਵੇ? ਪਰ ਸਾਨੂੰ ਸਾਡੇ ਦਿਮਾਗ਼ 'ਤੇ ਅਥਾਹ ਮਾਣ ਸੀ ਕਿ ਸਾਡਾ ਦਿਮਾਗ਼ ਸਾਨੂੰ ਲੋੜ ਪੈਣ 'ਤੇ ਦਗ਼ਾ ਨਹੀਂ ਦੇਵੇਗਾ। ਵਿਸ਼ਵਾਸ ਆਸਰੇ ਹੀ ਧਰਤੀ ਖੜੀ ਹੈ! ਦਿਲ ਨੂੰ ਧਰਵਾਸ ਦਿੱਤਾ। ਜਦ ਮੈਂ ਸਾਰੇ ਖਾਣ-ਪੀਣ ਦਾ ਜਾਇਜ਼ਾ ਲੈਣ ਡਰਾਇੰਗ-ਰੂਮ ਵਿਚ ਆਇਆ ਤਾਂ ਮੇਰੇ ਲੜਕੇ ਕਬੀਰ ਦੇ ਸਕੂਲ ਦੇ ਜੋਟੀਦਾਰ ਨੇ ਮੈਨੂੰ ਪੁੱਛ ਹੀ ਲਿਆ, "ਅੰਕਲ, ਕਿੰਨੀ ਉਮਰ ਹੋ ਗਈ ਤੁਹਾਡੀ?" ਕੇਕ ਅਜੇ ਸਜਾਇਆ ਨਹੀਂ ਸੀ, ਜਿਸ 'ਤੇ 40 ਲਿਖਿਆ ਹੋਇਆ ਸੀ। ਮੈਂ ਉੱਤਰ ਦੇਣ ਹੀ ਲੱਗਿਆ ਸੀ ਕਿ ਘਰਵਾਲੀ ਨੇ ਮੈਨੂੰ ਘੂਰੀ ਵੱਟੀ ਅਤੇ ਮੇਰੀ ਸੋਚ ਬਿੱਲੇ ਵਾਂਗ ਛਹਿ ਗਈ। ਮੈਂ ਮੁੜ੍ਹਕੋ-ਮੁੜ੍ਹਕੀ ਹੋਇਆ ਘਰਵਾਲੀ ਦੇ ਵੇਲਣੇ ਦੀ ਕਲਪਨਾ ਕਰਨ ਲੱਗਿਆ। ਘਰਵਾਲੀ ਦੀਆਂ ਤਿਊੜੀਆਂ ਭੋਲੇ-ਸ਼ੰਕਰ ਜੀ ਦੇ ਸ਼ੇਸ਼ਨਾਗ ਵਾਂਗ ਮੱਥੇ ਵਿਚ ਫ਼ਣ ਚੁੱਕੀ ਖੜ੍ਹੀਆਂ ਸਨ। ਜਦ ਲੜਕੇ ਨੇ ਅਪਣਾ ਸਵਾਲ ਦੁਹਰਾਇਆ ਤਾਂ ਸਾਡੇ ਦਿਮਾਗ਼ ਨੇ ਸਾਡਾ ਸਾਥ ਦਿਤਾ, ਭਲਾ ਹੋਵੇ ਵਿਚਾਰੇ ਦਾ! ਮੈਂ ਉੱਤਰ ਦਿਤਾ, "ਪੁੱਤਰ ਮੈਂ ਬਾਲਗ ਹੋ ਗਿਐਂ...!" ਸਾਰੇ ਬੱਚੇ ਹੱਸ ਪਏ। ਘਰਵਾਲੀ ਨੇ ਕੌੜਾ ਜਿਹਾ ਹਾਸਾ ਹੱਸ ਕੇ ਤੂੰਬੇ ਵਰਗਾ ਸਿਰ ਹਿਲਾਇਆ ਪਰ ਮੂੰਹ ਉਸ ਦਾ ਕੌੜਤੁੰਮੇ ਵਾਂਗ ਸਕੋੜਿਆ ਹੀ ਰਿਹਾ। ਅਸੀਂ ਸੋਚਿਆ ਗ਼ਲਤੀ ਤਾਂ ਕੋਈ ਕੀਤੀ ਨਹੀਂ ਪਰ ਘਰਵਾਲੀ ਫਿਰ ਵੀ ਨਿਰਾਸ਼ ਹੋ ਗਈ ਜਾਂ ਸ਼ਾਇਦ ਗੁੱਸੇ ਹੋ ਗਈ। ਦਿਲ ਵਿਚ ਸੋਚਿਆ ਕਿ ਜਨਮ ਦਿਨ 'ਤੇ ਮਹਿਮਾਨ ਬੁਲਾ ਕੇ ਘੋਰ ਗਲਤੀ ਕੀਤੀ। ਨਾ ਹੀ ਜਨਮ ਦਿਨ ਮਨਾਉਂਦੇ ਅਤੇ ਨਾ ਹੀ ਘਰਵਾਲੀ ਦੇ ਕ੍ਰੋਧ ਦਾ ਸ਼ਿਕਾਰ ਹੋਣਾ ਪੈਂਦਾ ਪਰ ਮੈਂ ਕਦੋਂ ਆਖਿਆ ਸੀ ਜਨਮ ਦਿਨ ਮਨਾਉਣ ਨੂੰ? ਬੱਚਿਆਂ ਨੇ ਹੀ ਖਹਿੜਾ ਨਾ ਛੱਡਿਆ। ਘਰਵਾਲੀ ਨੇ ਵੀ 'ਹਾਂ-ਪੱਖੀ' ਹੁੰਗਾਰਾ ਹੀ ਭਰਿਆ ਸੀ। ਹੁਣ ਭੁਗਤੋ ਆਪ ਈ, ਮੈਂ ਕੀ ਕਰਾਂ? ਮੇਰਾ ਕੀ ਕਸੂਰ?

ਪਤਾ ਨਹੀਂ ਮੇਰੇ ਜੁੰਡੀ ਦੇ ਯਾਰਾਂ ਨੂੰ ਕਿੱਥੋਂ ਪਤਾ ਲੱਗ ਗਿਆ। ਉਹ ਵੀ ਭੂਤਾਂ ਵਾਂਗ ਘਰੇ ਆ ਵੱਜੇ।

-"ਤੁਸੀਂ ਸਾਨੂੰ ਸੱਦੋ ਨਾ ਸੱਦੋ-ਪਰ ਸਾਨੂੰ ਤਾਂ ਥੋਡੇ ਜਨਮ ਦਿਨ ਦਾ ਚਾਅ ਐ!" ਮੇਰੇ ਬੇਲੀ ਆਖ ਰਹੇ ਸਨ। ਦਿਲ ਨੂੰ ਹੋਰ ਹੌਲ ਪੈ ਗਿਆ। ਅਗਲਾ ਫ਼ਿਕਰ, ਘਰਵਾਲੀ ਕੀ ਸੋਚੇਗੀ? ਅਸੀਂ ਘਰਵਾਲੀ ਦੇ ਘੋਟਣੇ ਸਹਿ ਲਏ, ਵਾਰ ਜਰ ਲਏ ਪਰ ਕਦੇ ਮੱਥੇ ਦਾ ਮੁੜ੍ਹਕਾ ਨਹੀਂ ਸਹਾਰਿਆ। ਘਰਵਾਲੀ ਆਈ ਅਤੇ ਚੋਰੀ ਜਿਹੇ ਦੇਖ ਕੇ ਮੁੜ ਗਈ। ਉਸ ਦੇ ਮੱਥੇ ਦੀ ਕਸੀਸ ਮੇਰਾ ਕਾਲਜਾ ਕੱਢੀ ਜਾ ਰਹੀ ਸੀ। ਮੈਂ ਮਗਰੇ ਹੀ ਚਲਾ ਗਿਆ। ਸਾਡੇ ਕੁੱਝ ਕਹਿਣ ਤੋਂ ਪਹਿਲਾਂ ਹੀ ਉਸ ਨੇ ਸੁਆਲ ਦਾ ਤੀਰ ਸਾਡੇ ਮੱਥੇ ਵਿਚ ਮਾਰਿਆ, "ਇਨ੍ਹਾਂ ਬੇਵਕੂਫ਼ਾਂ ਨੂੰ ਕੀਹਨੇ ਬੁਲਾਇਐ?" ਮੈਂ ਸਪੱਸ਼ਟੀਕਰਨ ਦੇਣ ਹੀ ਲੱਗਿਆ ਸੀ ਕਿ ਘਰਵਾਲੀ ਜੀ ਨੇ ਫਿਰ ਕਿਹਾ, "ਇਨ੍ਹਾਂ ਨੂੰ ਚਾਹ-ਚੂਹ ਪਿਆ ਕੇ ਦਫ਼ਾ ਕਰੋ!" ਅਬਦਾਲੀ ਹੁਕਮ ਆਇਆ। ਮੇਰਾ ਕੁੱਝ ਕਹਿਣ ਦਾ ਹੀਆ ਹੀ ਨਾ ਪਿਆ। ਮੈਂ ਕੁੱਟੇ ਹੋਏ ਕੁੱਤੇ ਵਾਂਗ ਡਰਾਇੰਗ-ਰੂਮ ਵਲ ਤੁਰ ਪਿਆ। ਮੇਰੇ ਜੁੰਡੀ ਦੇ ਯਾਰ ਚੌੜੇ ਹੋਏ, ਲਾਚੜੇ ਬੈਠੇ ਸਨ। ਮੈਨੂੰ ਕੁੱਝ ਸੁੱਝ ਨਹੀਂ ਰਿਹਾ ਸੀ ਕਿ ਇਸ ਹਨੂੰਮਾਨ ਦੀ ਸੈਨਾ ਨੂੰ ਕਿਵੇਂ ਗਲੋਂ ਲਾਹਿਆ ਜਾਵੇ? "ਬੱਚਿਆਂ ਨੇ ਮਨਾਉਣੈਂ-ਆਪਾਂ ਕਦੇ ਫੇਰ ਮਨਾਲਾਂਗੇ।" ਮੈਂ ਉਨ੍ਹਾਂ ਨੂੰ ਤਰਲੇ ਭਰਿਆ ਬਹਾਨਾ ਜਿਹਾ ਮਾਰਿਆ। "ਕੇਕ ਤਾਂ ਕੱਟ ਲਵੋ-ਫੇਰ ਚਲੇ ਜਾਂਵਾਂਗੇ- ਸਾਨੂੰ ਘਰੋਂ ਤਾਂ ਨ੍ਹੀ ਕੱਢਣਾ-ਘਰੇ ਆਏ ਤਾਂ ਕੋਈ ਕੁੱਤੇ ਨੂੰ ਨ੍ਹੀ ਦੁਰਕਾਰਦਾ-ਅਸੀਂ ਤਾਂ ਫੇਰ ਵੀ ਆਪ ਦੇ ਮਿੱਤਰ ਹਾਂ!" "ਹਮ ਪਿਆਲਾ-ਹਮ ਨਿਵਾਲਾ!" ਦੂਜੇ ਨੇ ਪੈੱਗ ਵਲ ਇਸ਼ਾਰਾ ਕੀਤਾ। "ਸੁੱਕੀ ਨ੍ਹੀ ਪੀਤੀ ਜਾਣੀ!" ਤੀਜੇ ਦੀ ਉਂਗਲ ਮੀਟ-ਮੁਰਗੇ ਵੱਲ ਸੀ।

ਮੇਰਾ ਧਿਆਨ ਘਰਵਾਲੀ ਤਰਫ਼ ਸੀ ਪਰ ਇਕ ਗੱਲੋਂ ਸਾਨੂੰ ਅਪਣੀ ਘਰਵਾਲੀ 'ਤੇ ਪੂਰਾ ਮਾਣ ਹੈ। ਜੇ ਗਾਲ੍ਹ ਵੀ ਕੱਢੇਗੀ ਤਾਂ ਬੜੇ ਹੀ ਸਲੀਕੇ ਨਾਲ, "ਜਨਾਬ ਤੁਸੀਂ ਬਹੁਤ ਬੇਵਕੂਫ਼ ਹੋ!" ਜਾਂ "ਜਨਾਬ ਤੁਹਾਡਾ ਦਿਮਾਗ਼ ਖ਼ਰਾਬ ਹੋ ਗਿਐ!" ਪੜ੍ਹੀ-ਲਿਖੀ ਜਿਉਂ ਹੋਈ! ਹਿਸਟਰੀ ਅਤੇ ਇੰਗਲਿਸ਼ ਦੀ ਡਬਲ ਐਮ.ਏ., ਬੀ.ਐਡ! ਕਾਲਜ ਦੀ ਲੈਕਚਰਾਰ! ਪੜ੍ਹੇ-ਲਿਖੇ ਇਨਸਾਨ ਅਤੇ ਅਨਪੜ੍ਹ ਵਿਚ ਇਹੀ ਤਾਂ ਫ਼ਰਕ ਹੁੰਦੈ! ਇਕ ਵਾਰੀ ਘਰਵਾਲੀ ਤੋਂ ਸਾਡੇ ਮੌਰਾਂ ਵਿਚ ਘੋਟਣਾ ਵੱਜ ਗਿਆ, ਕਸੂਰ ਘਰਵਾਲੀ ਦਾ ਨਹੀਂ, ਕਸੂਰ ਸਰਾਸਰ ਉਸ ਦੇ ਗੁੱਸੇ ਦਾ! ਗੁੱਸਾ ਬੜੀ ਚੰਡਾਲ ਚੀਜ਼! ਖ਼ੈਰ ਵੱਜ ਤਾਂ ਵਿਚਾਰੀ ਤੋਂ ਗਿਆ, ਅਸੀਂ ਵੀ ਸੀਲ ਬਲਦ ਵਾਂਗ ਖੜ ਕੇ ਹੀ ਖਾ ਲਿਆ, ਸੋਚਿਆ, ਚਲਾਵੇਂ ਘੋਟਣੇ ਦੀ ਸੱਟ ਵੱਧ ਵੱਜਦੀ ਐ। ਸਾਡੇ ਘਰਵਾਲੀ ਘੰਟਾ ਮਾਲਿਸ਼ ਵੀ ਕਰਦੀ ਰਹੀ, ਨਾਲੇ ਮੱਤਾਂ ਦਿੰਦੀ ਰਹੀ, "ਜੇ ਤੁਹਾਨੂੰ ਜਨਾਬ ਉਸ ਕਮਾਂਡੋ ਵਾਲੀ ਕੁੱਤੀ ਨਾਲ ਮੈਂ ਕਦੇ ਮੁੜ ਕੇ ਦੇਖ ਲਿਆ-ਫੇਰ ਮਾਲਿਸ਼ ਮੈਂ ਨਹੀਂ-ਹਸਪਤਾਲ ਵਾਲੇ ਈ ਕਰਨਗੇ।" ਅਸੀਂ ਵੀ 'ਸੌਰੀ-ਸ਼ੁਕਰੀਆ' ਕਰੀ ਗਏ ਪਰ ਅਸੀਂ ਸੁਧਰਨ ਵਾਲੀ ਜੜ੍ਹ ਕਦੋਂ ਹਾਂ? ਸੋਚਿਆ ਇਕ ਮਾਲਿਸ਼ ਹੁਣ ਘਰਵਾਲੀ ਤੋਂ ਤੇ ਦੂਜੀ ਕਮਾਂਡੋ ਵਾਲੀ ਗੋਰੀ ਮੇਮ ਤੋਂ ਕਰਵਾਵਾਂਗੇ ਤੇ ਨਾਲੇ ਆਖਾਂਗੇ, "ਦੇਖੋ ਤੁਹਾਡੇ ਕਰ ਕੇ ਅਸੀਂ ਕੀ-ਕੀ ਦੁਖੜੇ ਸਹਾਰਦੇ ਹਾਂ ਸੋਹਣਿਓ!" ਕਮਾਂਡੋ ਵਾਲੀ ਗੋਰੀ ਵਿਚਾਰੀ ਸਾਡੇ ਨਾਲ ਕੰਮ ਕਰਦੀ ਹੈ ਅਤੇ ਕਦੇ-ਕਦੇ ਆਪਣੀ ਕਾਰ ਵਿਚ ਘਰੇ ਲਾਹ ਜਾਂਦੀ ਹੈ। ਗੱਲ ਹੋਰ ਵਿਚੋਂ ਕੁੱਝ ਵੀ ਨਹੀਂ! ਘਰਵਾਲੀ ਨੂੰ ਪਤਾ ਨਹੀਂ ਉਸ 'ਤੇ ਕੀ ਖੁੰਦਕ ਐ? ਵਿਚਾਰੀ ਨੂੰ 'ਕੁੱਤੀ-ਬਿੱਲੀ' ਤੋਂ ਬਿਨਾਂ ਸੰਬੋਧਨ ਹੀ ਨਹੀਂ ਕਰਦੀ। ਅਸੀਂ ਘਰਵਾਲੀ ਨੂੰ ਬਥੇਰਾ ਸਮਝਾਇਆ ਕਿ ਜਦੋਂ ਦੀ ਇਰਾਕ ਜੰਗ ਲੱਗੀ ਐ, ਪੈਟਰੋਲ ਬਹੁਤ ਮਹਿੰਗਾ ਹੋ ਗਿਐ, ਜੇ ਇਹ ਮੈਨੂੰ ਘਰੇ ਛੱਡ ਜਾਂਦੀ ਐ ਤਾਂ ਆਪਣੇ ਪੈਟਰੋਲ ਦੀ ਬੱਚਤ ਹੁੰਦੀ ਐ। ਪਰ ਨਾ, ਘਰਵਾਲੀ ਕਿੱਥੇ ਮੰਨਣ ਵਾਲੀ ਸੀ? ਰੱਪੜ ਪਾ ਕੇ ਬੈਠ ਗਈ, ਮੈਨੂੰ ਪਤੈ ਤੁਸੀਂ ਕਿੰਨੀ ਕੁ ਬੱਚਤ ਕਰਨ ਆਲੇ ਓਂ ਜਨਾਬ, ਬੱਸ ਚੁੱਪ ਰਹੋ, ਨਹੀਂ ਮੈਥੋਂ ਕੁਛ ਹੋਰ ਹੋਜੂ! ਖ਼ੈਰ, ਪਤਨੀ ਦਾ ਆਖਿਆ ਤਾਂ ਸ਼ਿਵ ਜੀ ਮਹਾਰਾਜ ਨਹੀਂ ਮੋੜਦੇ ਸੀ, ਅਸੀਂ ਕੌਣ ਹੋਏ?

ਸਾਡੇ ਸਾਰੇ ਜੁੰਡੀ ਦੇ ਯਾਰਾਂ ਨੂੰ ਪਤਾ ਹੈ ਕਿ ਘਰਵਾਲੀ ਸਾਥੋਂ ਦਸ ਸਾਲ ਵੱਡੀ ਹੈ। ਮੈਂ ਵਾਰ ਵਾਰ ਕੁੱਝ ਸੋਚ ਕੇ, ਬਲੂੰਗੜੇ ਵਾਂਗ ਇਕੱਠਾ ਜਿਹਾ ਹੋਈ ਜਾ ਰਿਹਾ ਸੀ। ਮੈਂ ਪੂਰਾ ਦਿਲ ਕੱਢ ਕੇ ਅੰਦਰ ਘਰਵਾਲੀ ਕੋਲ ਗਿਆ। "ਇਹ ਐਵੇਂ ਤੁਰਨ ਆਲੇ ਹੈਨ੍ਹੀ-ਇਨ੍ਹਾਂ ਨੂੰ ਪੈੱਗ ਸ਼ੈੱਗ ਲੁਆਉਣਾ ਪਊ-ਨਹੀਂ ਇਨ੍ਹਾਂ ਜਮਦੂਤਾਂ ਨੇ ਆਥਣ ਤਕ ਨ੍ਹੀ ਹਿੱਲਣਾ।" ਮੈਨੂੰ ਘਰਵਾਲੀ ਮੂਹਰੇ ਸੱਚਾ ਰਹਿਣ ਵਾਸਤੇ ਅਪਣੇ ਮਿੱਤਰਾਂ ਨੂੰ 'ਜਮਦੂਤ' ਕਹਿਣਾ ਪਿਆ। ਹਾਲਾਂਕਿ ਉਹ ਮੈਥੋਂ ਜਾਨ ਵਾਰਦੇ ਹਨ। ਜਦੋਂ ਸਾਡੀ ਕਿਸੇ ਨਾਲ 'ਜੰਗ' ਹੋ ਜਾਂਦੀ ਹੈ ਤਾਂ ਮੇਰੇ ਇਹ ਮਿੱਤਰ ਮੇਰੇ ਨਾਲੋਂ ਵੱਧ ਅਗਲੇ ਦੀ 'ਸੇਵਾ' ਕਰਦੇ ਹਨ। ਭਾਵਨਾ ਦਿਖਾਉਂਦੇ ਹਨ। ਪਰ ਰੱਬ ਨੇੜੇ ਕਿ ਘਸੁੰਨ? ਘਰਵਾਲੀ ਤਾਂ ਮਗਰਮੱਛ ਵਾਂਗ ਮੂੰਹ ਅੱਡੀ ਖੜੀ ਸੀ। ਅਸੀਂ ਮਾੜੇ ਕਬੂਤਰ ਵਾਂਗ ਅਪਣੇ ਖੰਭ ਬਚਾ ਰਹੇ ਸਾਂ। ਜਦੋਂ ਸਾਡੀ ਘਰਵਾਲੀ ਨੂੰ ਗੁੱਸਾ ਆਉਂਦਾ ਹੈ ਤਾਂ ਉਸ ਵਿਚ 'ਭੀਮ-ਸੈਨ' ਜਿੰਨਾ ਬਲ ਆ ਜਾਂਦਾ ਹੈ। ਭਾਵੇਂ ਅਸੀਂ ਕਬੱਡੀ ਦੇ ਘਾਗ ਖਿਡਾਰੀ ਰਹੇ ਹਾਂ ਪਰ ਹੁਣ ਤਕ ਘਰਵਾਲੀ ਨੂੰ 'ਜੱਫ਼ਾ' ਨਹੀਂ ਲਾ ਸਕੇ। ਦਿਲ ਹੀ ਨਹੀਂ ਪੈਂਦਾ। ਜਦੋਂ ਮਨ ਕਮਜ਼ੋਰ ਹੋਵੇ, ਤਨ ਆਪੇ ਕਮਜ਼ੋਰ ਹੋ ਜਾਂਦਾ ਹੈ! ਖ਼ੈਰ! ਘਰਵਾਲੀ ਦੀ ਅੱਧੀ ਕੁ ਸਹਿਮਤੀ ਲੈ ਕੇ ਮੈਂ ਮਿੱਤਰਾਂ ਅੱਗੇ ਵੈਲਨਟਾਈਨ ਦੀ ਬੋਤਲ ਰੱਖ ਦਿਤੀ। ਨਾਲ ਦੀ ਨਾਲ ਮੈਨੂੰ ਡਰ ਵੀ ਖਾਈ ਜਾ ਰਿਹਾ ਸੀ ਕਿ ਮੁਫ਼ਤ ਦੀ ਚੜ੍ਹਦੀ ਵੀ ਬਹੁਤ ਛੇਤੀ ਹੈ। ਕਿਤੇ ਕੋਈ ਅਵਲੀ-ਸਵਲੀ ਗੱਲ ਨਾ ਮੂੰਹੋਂ ਕੱਢ ਮਾਰਨ, ਜਿਸ ਕਾਰਨ ਸਾਨੂੰ ਘਰਵਾਲੀ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਵੇ! ਮਿੱਤਰਾਂ ਨੇ ਪੈੱਗ-ਸ਼ੈੱਗ ਲਾ ਕੇ ਮੇਰੇ ਜਨਮ ਦਿਨ ਦੇ ਸੋਹਿਲੇ ਗਾਉਣੇ ਸ਼ੁਰੂ ਕਰ ਦਿਤੇ, "ਸਾਡੇ ਬਾਈ ਜੀ ਚਾਲ੍ਹੀਆਂ ਸਾਲਾਂ ਦੇ ਹੋ ਗਏ-ਹੈਪੀ ਬਰਥ ਡੇ ਟੂ ਯੂ-ਰੱਬ ਬਾਈ ਜੀ ਦੀ ਉਮਰ ਲੰਮੀ ਕਰੇ-ਅਗਲੇ ਸਾਲ ਫੇਰ ਆਈਏ!" ਉਹ ਮਰਾਸੀਆਂ ਵਾਂਗ ਅਸੀਸਾਂ ਜਿਹੀਆਂ ਦੇ ਰਹੇ ਸਨ। ਇਕ ਪੀ ਕੇ ਆਖੀ ਜਾ ਰਿਹਾ ਸੀ, "ਸੱਚੇ ਪਾਤਸ਼ਾਹ ਸਾਡੇ ਬਾਈ ਜੀ ਨੂੰ ਅਪਣੇ ਚਰਨਾਂ 'ਚ ਨਿਵਾਸ ਬਖ਼ਸ਼ੀਂ।" ਕਿਸੇ ਨੂੰ ਕਿਸੇ ਦੀ ਗੱਲ ਪੂਰੀ ਸਮਝ ਨਹੀਂ ਆ ਰਹੀ ਸੀ। ਫੇਰ ਇਕ ਉੱਭੜਵਾਹੇ ਬੋਲਿਆ, "ਬਾਈ ਜੀ ਚਾਲ੍ਹੀਆਂ ਦੇ ਤੇ ਸਾਡੇ ਭਰਜਾਈ ਜੀ ਤਾਂ ਫੇਰ ਅੱਧੀ ਸਦੀ ਨੂੰ ਟੱਪਗੇ ਹੋਣੇ ਐਂ?" ਅਸੀਂ ਉਸ ਦੇ ਮੂੰਹ ਅੱਗੇ ਹੱਥ ਦੇ ਕੇ ਮਸਾਂ ਹੀ ਰੋਕਿਆ ਪਰ ਫਿਰ ਵੀ ਉਹ ਬਲਦ ਵਾਂਗ ਉਗਾਲਾ ਜਿਹਾ ਕਰਦਾ ਹੋਇਆ, ਗੱਲ ਪੂਰੀ ਕਰ ਗਿਆ। ਤੀਜਾ ਬੋਲਿਆ, "ਚਲੋ ਰੱਬ ਉਨ੍ਹਾਂ ਦੀ ਆਤਮਾ ਨੂੰ ਵੀ ਸ਼ਾਂਤੀ ਬਖ਼ਸ਼ੇ!" ਸ਼ੁੱਕਰ ਕੀਤਾ ਪਤਨੀ ਜੀ ਰਸੋਈ ਵਿਚ ਸਨ। ਮੌਕਾ ਸਾਂਭਦਿਆਂ ਅਸੀਂ ਕਿਹਾ, "ਚਲੋ ਬਈ ਹੁਣ ਬੱਚਿਆਂ ਦੀ ਵਾਰੀ ਐ।" ਮੇਰੇ ਆਖਣ ਦੀ ਦੇਰ ਸੀ ਕਿ ਉਨ੍ਹਾਂ ਨੇ ਕਵੀਸ਼ਰੀ ਕਰਨੀ ਸ਼ੁਰੂ ਕਰ ਦਿਤੀ, "ਬਾਈ ਹੋਇਆ ਚਾਲ੍ਹੀਆਂ ਦਾ, ਅੱਧੀ ਸਦੀ ਤੋਂ ਟੱਪਗੀ ਭਾਬੀ-ਡੱਬ ਪੈਗੇ ਮੁਖੜੇ 'ਤੇ, ਪਹਿਲਾਂ ਸੀਗਾ ਰੰਗ ਗੁਲਾਬੀ!" ਬੋਲੀ ਸੁਣ ਕੇ ਮੇਰਾ ਸਰੀਰ ਥਰ-ਥਰ ਕੰਬਣ ਲੱਗ ਪਿਆ। ਪਰ ਸ਼ਾਇਦ ਘਰਵਾਲੀ ਨੂੰ ਕਿਚਨ ਵਿਚ ਸੁਣਿਆ ਨਹੀਂ ਸੀ, ਸ਼ੁਕਰ ਰੱਬ ਦਾ! ਪਰ ਖੋਟੇ ਕਰਮ ਮੇਰੇ, ਬੋਲੀ ਦੂਜੇ ਭਾਈਬੰਦ ਨੇ ਚੁੱਕ ਲਈ, "ਹੁਣ ਬੁੱਢੀ ਹੋ ਗਈ ਐ, ਮੁਸ਼ਕੀ ਰੰਗ ਜਾਵੇ ਪਿਆ ਖ਼ੁਰਦਾ-ਸੈਂਡਲ ਪਾ ਇਉਂ ਤੁਰਦੀ ਐ, ਕੁੱਕੜ ਜਿਉਂ ਸੂਲਾਂ 'ਤੇ ਤੁਰਦਾ!" ਮੈਂ ਛੇਤੀ ਨਾਲ ਡਰਾਇੰਗ-ਰੂਮ ਦਾ ਦਰਵਾਜ਼ਾ ਬੰਦ ਕੀਤਾ ਅਤੇ ਹੱਥ ਜੋੜ ਕੇ ਚੁੱਪ ਦਾ ਦਾਨ ਬਖ਼ਸ਼ਣ ਲਈ ਬੇਨਤੀ ਭਰਿਆ ਇਸ਼ਾਰਾ ਕੀਤਾ ਪਰ ਤੀਜੇ ਮਾਈ ਦੇ ਲਾਲ ਨੇ ਕਸਰ ਹੀ ਪੂਰੀ ਕਰ ਦਿੱਤੀ, "ਚਾਹੇ ਮੌਲੀ ਹੋਗੀ ਐ, ਮਿਰਚਾਂ ਨਾਲ ਨੈਣਾਂ ਦੇ ਭੋਰੇ-ਵਿਚ ਚੁੰਨ੍ਹੀਆਂ ਅੱਖੀਆਂ ਦੇ, ਖਿੱਚਦੀ ਅਜੇ ਕੱਜਲ ਦੇ ਡੋਰੇ!" ਸੁਣ ਕੇ ਮੇਰਾ ਸੀਤ ਨਿਕਲ ਗਿਆ।

ਘਰਵਾਲੀ ਨੂੰ ਪਤਾ ਲੱਗ ਗਿਆ ਕਿ ਕਵੀਸ਼ਰੀ ਉਸ ਦੇ ਸਬੰਧ ਵਿਚ ਹੀ ਕੀਤੀ ਜਾ ਰਹੀ ਸੀ। ਉਹ ਹਨ੍ਹੇਰੀ ਵਾਂਗ ਡਰਾਇੰਗ-ਰੂਮ ਵਿਚ ਆਈ। ਉਸ ਦਾ ਜਾਹੋ-ਜਲਾਲ ਦੇਖ ਕੇ ਭਾਈਬੰਦਾਂ ਦੇ ਸਾਹ ਸੂਤੇ ਗਏ। **-ਸ਼ਿਵਚਰਨ ਜੱਗੀ ਕੁੱਸਾ**

ਮਿੰਨੀ ਕਹਾਣੀਆਂ

ਇਕੋ ਥਾਲੀ ਦੇ ਵੱਟੇ

ਚੰਨਣ ਦਾ ਵੱਡਾ ਮੁੰਡਾ ਬੀ. ਏ., ਬੀ. ਐਡ ਕਰਕੇ ਚਾਰ ਸਾਲ ਤੋਂ ਵਿਹਲਾ ਫਿਰ ਰਿਹਾ ਸੀ। ਪਹਿਲਾਂ ਤਾਂ ਕੁਝ ਆਸ ਕੀ ਕਿਰਨ ਨਜ਼ਰ ਆਈ ਸੀ ਕਿ ਜ਼ਰੂਰ ਕੋਈ ਨਾ ਕੋਈ ਹੀਲਾ ਸਰਕਾਰ ਕਰੇਗੀ ਤੇ ਪੋਸਟਾਂਕੱਢ ਕੇ ਬੀ. ਐਡ. ਦੀ ਭਰਤੀ ਜ਼ਰੂਰ ਹੋਵੇਗੀ, ਪਰ ਸਰਕਾਰ ਬਦਲਣ ਨਾਲ ਵੀ ਕੋਈ ਫਰਕ ਨਾ ਪਿਆ। ਸਰਕਾਰ ਨੇ ਵੱਡੇ ਵੱਡੇ ਦਾਅਵੇ ਕੀਤੇ ਸਨ ਕਿ 30 ਹਜ਼ਾਰ ਪੱਕੀਆਂ ਬੀ.ਐਡ. ਦੀਆਂ ਪੋਸਟਾਂ ਕੱਢਾਂਗੇ ਤੇ ਜਲਦੀ ਹੀ ਭਰਤੀ ਹੋਵੇਗੀ। ਸਰਕਾਰ ਦੇ ਲਾਰਿਆਂ ਤੋਂ ਅੱਕੇ ਚੰਨਣ ਸਿੰਘ ਨੇ ਆਪਣੇ ਛੋਟੇ ਮੁੰਡੇ ਨੂੰ ਨਾ ਪੜ੍ਹਨ ਦੀ ਗੱਲ ਕਹਿੰਦਿਆਂ ਆਪਣੀ ਭੜਾਸ ਕੱਢਣੀ ਸ਼ੁਰੂ ਕਰ ਦਿੱਤੀ, "ਰਹਿਣ ਦੇ ਓਏ! ਮੁੰਡਿਆਂ ਪੜ੍ਹਨ ਨੂੰ, ਪਹਿਲਾਂ ਵੱਡਾ ਕਿਹੜਾ ਜਾ ਕੇ ਮਾਸਟਰ ਦੀ ਕੁਰਸੀ 'ਤੇ ਬਹਿ ਗਿਆ ਜਿਹੜਾ ਤੂੰ ਬਹਿ ਜਾਣਾ। ਬੀ.ਏ. ਕੀਤੀ ਫਿਰ ਬੀ.ਐਡ. ਕੀਤੀ। ਪੜ੍ਹਾਈ ਦੀ ਖਰਚਾ ਮੈਨੂੰ ਪਤਾ ਕਿਵੇਂ ਝੱਲਿਆ ਮੈਂ, ਦਸਵੀਂ ਕਰਦਾ ਤੇ ਕਰਦਾ ਕੋਈ ਕੰਮਕਾਰ ਕੁਝ ਨਾ ਕੁਝ ਤਾਂ ਖੱਟਦਾ ਵੱਟਦਾ।"

ਉਧਰੋਂ ਚੰਨਣ ਦੀ ਜਵਾਨ ਧੀ ਕੋਠੇ ਤੋਂ ਉਪਰ ਹੋ ਗਈ ਸੀ ਤੇ ਉਹਦੇ ਵਿਆਹ ਦਾ ਫਿਕਰ ਉਸਨੂੰ ਦਿਨ-ਰਾਤ ਲੱਗਾ ਰਹਿੰਦਾ। ਕੁਝ ਰੁਕ ਕੇ ਚੰਨਣ ਨੇ ਫਿਰ ਬੋਲਣਾ ਸ਼ੁਰੂ ਕਰ ਦਿੱਤਾ, "ਕੋਠੇ ਤੋਂ ਉੱਚੀ ਧੀ ਦਾ ਵਿਆਹ ਮੈਂ ਕਿਵੇਂ ਕਰੂੰ?" ਕਰਜ਼ਾ ਚੁੱਕੇ ਕੇ? ਪੈਲੀ ਵਿਚੋਂ ਕੁਝ ਨੀ ਬਚਦਾ ਉਪਰੋਂ ਤੁਸੀਂ ਦੋਵੇਂ ਪੜ੍ਹ-ਲਿਖ ਕੇ ਵਿਹਲੜ ਤੁਰੇ ਫਿਰਦੇ ਓ, ਤੁਰ ਪੈਂਦੇ ਓ ਥਾਂ-ਥਾਂ ਧਰਨੇ ਦੇਣ ਓਏ! ਥੋਡੇ ਧਰਨਿਆਂ ਨੂੰ ਕੌਣ ਸੁਣਦਾ। ਆਖੇ ਪਸੰਦ ਦੀ ਸਰਕਾਰ ਨੂੰ ਪਾਈਆਂ ਨੇ ਵੋਟਾਂ ਤੇ ਹੁਣ ਤਾਂ ਨੌਕਰੀ ਪੱਕੀ ਸਮਝੋ। ਲੈ ਲਓ ਨੌਕਰੀ, ਓਏ! ਇਨ੍ਹਾਂ ਲੀਡਰਾਂ ਦੇ ਤਾਂ ਆਪਣੇ ਘਰ ਈ ਨਹੀਂ ਭਰਦੇ, ਇਹ ਥੋਨੂੰ ਕੀ ਦੇ ਦੇਣਗੇ। ਇਹ ਤਾਂ ਸਭ ਇਕੋ ਥੈਲੀ ਦੇ ਚੱਟੇ-ਵੱਟੇ ਨੇ।" ਬੁੜ-ਬੁੜ ਕਰਦਾ ਚੰਨਣ ਮੋਢੇ 'ਤੇ ਕਹੀ ਚੁੱਕ ਕੇ ਭਰਿਆ-ਪੀਤਿਆ ਖੇਤਾਂ ਵੱਲ ਨੂੰਤੁਰ ਪਿਆ ਤੇ ਦੋਵੇਂ ਮੁੰਡੇ ਬੇਵੱਸ ਨੀਵੀਂ ਪਾਈ ਸਭ ਕੁਝ ਸੁਣਦੇ ਰਹੇ।

ਕੁਲਵਿੰਦਰ ਕੌਰ ਗਾਜ਼ੀਪੁਰ

✿ ✿ ✿

ਡੰਗੋਰੀ

ਮੇਰੇ ਪਿੰਡ ਦੀ ਕਹਾਣੀ ਹੈ। ਇਕ ਨਿਮਨ ਵਰਗ ਦਾ ਪਰਿਵਾਰ। ਉਸ ਦੇ ਇਕਲੌਤੇ ਪੁੱਤਰ ਜਗੀਰ ਨੂੰ ਇਕ ਗਰੀਬ ਘਰ ਦੀ ਲੜਕੀ ਮਿਲ ਗਈ। ਉਨ੍ਹਾਂ ਦੀ ਚੰਗੀ ਨਿਭਦੀ ਸੀ। ਜੇ ਘੱਟ ਹੈ ਘੱਟ, ਜੇ ਵੱਧ ਹੈ ਤਾਂ ਵੱਧ, ਗੁਜ਼ਾਰਾ ਕਰੀ ਜਾਂਦੇ। ਜਗੀਰ ਅਚਨਚੇਤ ਐਕਸੀਡੈਂਟ ਵਿਚ ਮਾਰਿਆ ਗਿਆ। ਸੀਤੋ ਦੇ ਜੀਵਨ ਵਿਚ ਅੰਧਕਾਰ ਛਾ ਗਿਆ।

ਮਰਦ ਦੀ ਪਿਆਰ ਡੰਗੋਰੀ ਬਿਨਾਂ ਜੀਣਾ ਮੁਹਾਲ ਹੈ। ਵਿਧਵਾ ਨੂੰ ਹਰੇਕ ਨਿਹਾਰਨ ਲਗਦਾ ਹੈ। ਉਸ ਦਾ ਜੀਵਨ ਸੁੰਗੜ ਕੇ ਰਹਿ ਜਾਂਦਾ ਹੈ। ਸੀਤੋ ਦਾ ਕੀ ਕੀਤਾ ਜਾਵੇ? ਮਾਪੇ ਜੋਖਮ ਉਠਾਉਣ ਲਈ ਤਿਆਰ ਨਹੀਂ ਸਨ। ਸਹੁਰੇ ਨੇ ਕਿਹਾ ਮੈਂ ਆਪਣੇ ਛੋਟੇ ਭਾਈ ਦੇ ਵੱਡੇ ਲੜਕੇ ਦੀ ਇਸ 'ਤੇ ਚਾਦਰ ਪਵਾ ਦਿੰਦਾ ਹਾਂ। ਚਾਦਰ ਪਾ ਦਿੱਤੀ ਗਈ।

ਉਹ ਭੰਤੇ ਦੇ ਘਰ ਗਈ। ਹੁਣ ਉਸ ਨੂੰ ਕਿਸੇ ਦੀਆਂ ਨਿਗਾਹਾਂ ਦਾ ਭੈ ਨਹੀਂ ਸੀ। ਮਰਦ ਡੰਗੋਰੀ ਉਸ ਨੂੰ ਮਿਲ ਗਈ ਸੀ।

✿ ✿ ✿

ਕਾਵਿ ਰਚਨਾ

ਗ਼ਜ਼ਲ

ਇਉਂ ਜਿਸਮੋਂ ਹੀ ਮੈਂ ਨਿਕਲਾਂ ਜਿਉਂ ਫੁਲ ਮਹਿਕ ਨਿਕਲੇ।
ਮੇਰਾ ਅੰਦਰ ਵੀ ਖ਼ੁਸ਼ ਹੋਵੇ ਅਤੇ ਚਿਹਰਾ ਟਹਿਕ ਨਿਕਲੇ।

ਬੜਾ ਪਰਵਾਸ ਕੱਟਿਆ ਏ ਅਤੇ ਆਪਣੇ ਘਰੇ ਜਾਣਾ,
ਜਦੋਂ ਆਪਣੇ ਘਰੇ ਜਾਣਾ, ਕਿਉਂ ਕੋਈ ਸਹਿਕ ਨਿਕਲੇ?

ਸਦਾ ਭਾਣੇ 'ਚ ਰਹਿ ਕੇ ਹੀ, ਮੇਰੀ ਇਹ ਆਤਮਾ ਚਹਿਕੇ,
ਜਿਵੇਂ ਪੰਛੀ ਘਰੌਂਦੇ 'ਚੋਂ ਸਵੇਰੇ ਹੀ ਚਹਿਕ ਨਿਕਲੇ।

ਕਦੇ ਕੀਤਾ ਗਿਲਾ ਵੀ ਨਹੀਂ, ਸਮੇਂ ਦੀ ਚਾਲ ਦੇ ਉੱਤੇ
ਸਮਾਂ ਜਿੱਦਾਂ ਵੀ ਆਇਆ ਏ, ਉਦੋਂ ਲਾ ਕੇ ਠਹਿਕ ਨਿਕਲੇ।

ਕਈ ਗੁਲ ਹੈ ਜਾਂ ਗੁਲਦਸਤਾ, ਅਤੇ ਪੱਤੀ ਹੈ ਫੁੱਲਾਂ ਦੀ
ਸੁਭਾਵਿਕ ਹੈ ਉਹਦੇ ਵਿਚੋਂ, ਅਚਾਨਕ ਹੀ ਮਹਿਕ ਨਿਕਲੇ।

ਕਿਤੇ ਰਾਹਾਂ 'ਚ ਰੋੜੇ ਸੀ, ਕਿਤੇ ਫੁੱਲਾਂ ਦੀ ਵਰਖਾ ਸੀ,
ਇਹਨੂੰ ਭਰਪੂਰ ਜੀਲੀਤਾ ਅਤੇ ਭਰਿਆ ਛਲਕ ਨਿਕਲੇ।

ਇਉਂ ਜੀਵਨ ਕੁਠਾਲੀ ਤੋਂ ਨਿਕਲਣਾ ਹੀ ਹੈ ਪਰਵਾਨੇ,
ਜਿਉਂ ਸੁਨਿਆਰ ਦੀ ਭੱਠੀ 'ਚੋਂ, ਸੋਨਾ ਹੀ ਦਹਿਕ ਨਿਕਲੇ।

ਗ਼ਜ਼ਲ

ਜ਼ਮਾਨਾ ਬਾਜ਼ ਨਹੀਂ ਆਉਂਦਾ ਜੇ ਮੈਨੂੰ ਸੂਲੀ ਟੰਗਣ ਤੋਂ।
ਤਾਂ ਮੈਂ ਵੀ ਬਾਜ਼ ਕਿਉਂ ਆਵਾਂ ਤੇਰੇ ਕਦਮਾਂ ਨੂੰ ਚੁੰਮਣ ਤੋਂ।
ਦੁਆ ਏਹੋ ਕਰਾਂ ਕਿ ਤੇਰੀਆਂ ਬਾਹਾਂ 'ਚ ਦਮ ਨਿਕਲੇ,
ਬਰੀ ਹੋਵੇ ਹੀ ਨਾ ਮੈਂ ਤੇਰੀਆਂ ਬਾਹਾਂ ਦੀ ਵਲਗਣ ਤੋਂ।
ਤੂੰ ਭਾਵੇਂ ਦੱਸਕੇ ਨਹੀਂ ਸੀ ਕਦੇ ਆਉਂਦਾ ਮਗਰ ਸਾਨੂੰ,
ਖਬਰ ਮਿਲ ਜਾਂਦੀ ਸੀ ਦੂਰੋਂ ਤੇਰੇ ਹਾਸੇ ਦੀ ਛਣਛਣ ਤੋਂ।
ਨਹੀਂ ਤੇਰੇ ਜਿਹਾ ਕੋਈ, ਤੂੰ ਲੱਗਦਾ ਏਂ ਖ਼ੁਦਾ ਵਰਗਾ,
ਕਿਵੇਂ ਮੈਂ ਅੱਖੀਆਂ ਰੋਕਾਂ ਤੇਰੇ ਜਲਵੇ ਨੂੰ ਤੱਕਣ ਤੋਂ।
ਚਿਰਾਂ ਪਿੱਛੋਂ ਮਿਲੇ ਹਾਂ ਅੱਜ ਨੈਣੀ ਆ ਗਏ ਹੰਝੂ,
ਖੁਸ਼ੀ 'ਚ ਰੋਕ ਹੀ ਸਕਿਆ ਨਾ ਮੈਂ ਨੈਣਾਂ ਨੂੰ ਛਲਕਣ ਤੋਂ।
ਤੇਰਾ ਘਰ ਵੀ ਅਸਾਂ ਨੂੰ ਹੁਣ ਇਬਾਦਤਗਾਹ ਜਿਹੀ ਲੱਗਦੈ,
ਮਿਲੇ ਦਿਲ ਨੂੰ ਸਕੂਨ ਆ ਕੇ ਕਿਥੇ ਜੀਵਨ ਦੀ ਭਟਕਣ ਤੋਂ।

-ਹਰਜਿੰਦਰ ਬੱਲ

ਕਾਵਿ ਕਿਆਰੀ

ਵਹਿਮ

ਵਹਿਮ-ਧਨੁੱਸ਼ ਜਿਹੇ
ਤੋੜਦਿਆਂ ਦੀ ਗੁਜ਼ਰ ਰਹੀ ਹੈ!
ਗੁਜ਼ਰ ਜਾਏਗੀ!!

ਹਰ ਵਾਰੀ ਹੀ
ਇਕ ਤਮ੍ਹਾਂ ਨੇ ਕਦਮਾਂ ਨੂੰ ਇਕ
ਚਕਮਾ ਦਿੱਤਾ
ਹਰ ਵਾਰੀ ਹੀ ਆਪਾਂ ਇਕ
ਦਰਬਾਰ ਗਏ ਹਾਂ
ਹਰ ਵਾਰੀ ਹੀ ਆਪਾਂ ਕੋਈ
ਧਨੁੱਸ਼ ਤੋੜਿਆ!

ਕੌਣ ਸਵੰਬਰ ਆਪਣੇ ਕੋਲੋਂ ਬਚ
ਸਕਿਆ ਹੈ?
ਕੌਣ ਸਵੰਬਰ ਪਰ ਜਿੱਤਿਆ ਹੈ?
ਜਿੱਤੇ ਵੀ ਤਾਂ
ਹਾਰਨ ਦਾ ਅਹਿਸਾਸ ਜਿਹਾ ਸੀ!
ਹਰ ਜਿੱਤ ਮਗਰੋਂ
ਫੇਰ ਕਿਸੇ ਦਰਬਾਰ ਜਾਣ ਦੀ ਇਕ
ਲੋਚਾ ਸੀ!!

ਫੇਰ ਧਨੁੱਸ਼ ਨੂੰ ਤੋੜਨ ਦੇ ਲਈ
ਇਕ ਕੋਸ਼ਿਸ਼ ਸੀ!!!

ਫੇਰ ਧਨੁੱਸ਼ ਨੂੰ ਤੋੜ ਲਿਆ ਸੀ!
ਇਸ ਤੋਂ ਮਗਰੋਂ ਵੀ ਪਰ ਇਹੋ ਹੀ
ਚੱਕਰ ਸੀ!!
ਲੱਖ ਸਵੰਬਰ ਜਿੱਤ ਕੇ ਆਪਾਂ
ਖਾਲੀ ਖਾਲੀ!

ਲੱਖ ਧਨੁੱਸ਼ਾਂ ਤੋੜ ਤੋੜ ਵੀ ਆਪਾਂ
ਵਿਰਵੇ!!

ਹੁਣ ਵੀ ਆਪਾਂ
ਵਹਿਮ-ਧਨੁੱਸ਼ ਨੂੰ ਤੋੜ ਲਿਆ ਹੈ!
ਕੀ ਖੱਟਿਆ ਹੈ?

ਕੱਲ੍ਹ ਨੂੰ ਆਪਾਂ ਫੇਰ ਕਿਸੇ ਦਰਬਾਰ
ਤੁਰਾਂਗੇ!
ਫਿਰ ਕੋਈ ਹੋਰ ਧਨੁੱਸ਼ ਤੋੜਾਂਗੇ!!
ਫਿਰ ਖਾਲੀ ਮਹਿਸੂਸ ਕਰਾਂਗੇ!!!

ਆਪਣੀ ਵੀ ਬਸ
ਵਹਿਮ-ਧਨੁੱਸ਼ ਜਿਹੇ
ਤੋੜਦਿਆਂ ਦੀ ਗੁਜ਼ਰ ਰਹੀ ਹੈ!
ਗੁਜ਼ਰ ਜਾਏਗੀ!!

ਬੀਮਾ ਕਰਾਓ ਬੇਫ਼ਿਕਰ ਰਹੋ

ਹਾਊਸਹੋਲਡ ਇੰਸ਼ੋਰੈਂਸ ਪਾਲਿਸੀ 'ਚ ਘਰ ਅਤੇ ਉਸ 'ਚ ਰੱਖੇ ਹਰ ਤਰ੍ਹਾਂ ਦੇ ਸਾਮਾਨ ਦਾ ਬੀਮਾ ਸ਼ਾਮਿਲ ਹੁੰਦਾ ਹੈ। ਇਸ 'ਚ 10 ਸੈਕਸ਼ਨ ਦਿੱਤੇ ਗਏ ਹਨ। ਅੱਗ, ਚੋਰੀ, ਫਿਸਫੋਟ, ਹੜ੍ਹ, ਤੂਫ਼ਾਨ, ਭੂਚਾਲ ਅਤੇ ਦੂਜੀਆਂ ਕੁਦਰਤੀ ਆਫ਼ਤਾਂ ਤੋਂ ਹੋਣ ਵਾਲੇ ਨੁਕਸਾਨ ਦੀ ਭਰਪਾਈ ਵੀ ਇਸ ਤਹਿਤ ਹੁੰਦਾ ਹੈ। ਇਹ ਪਾਲਿਸੀ ਲੈਣ ਵਾਲੇ 'ਤੇ ਨਿਰਭਰ ਕਰਦਾ ਹੈ ਕਿ ਉਹ ਘਰ 'ਚ ਰੱਖੀਆਂ ਕਿਹੜੀਆਂ-ਕਿਹੜੀਆਂ ਚੀਜ਼ਾਂ ਦਾ ਬੀਮਾ ਕਰਵਾਉਣਾ ਚਾਹੁੰਦਾ ਹੈ। ਘਰ 'ਚ ਰੱਖੇ ਹਰ ਸਾਮਾਨ ਨੂੰ ਇਸ ਪਾਲਿਸੀ 'ਚ ਕਵਰ ਕੀਤਾ ਜਾ ਸਕਦਾ ਹੈ। ਜੋ ਚੀਜ਼ਾਂ ਤੁਹਾਨੂੰ ਤੋਹਫ਼ੇ 'ਚ ਮਿਲੀਆਂ ਹਨ, ਉਨ੍ਹਾਂ ਦਾ ਵੀ ਇੰਸ਼ੋਰੈਂਸ ਕਰਾ ਸਕਦੇ ਹੋ। ਕਿਰਾਏਦਾਰ ਨੂੰ ਵੀ ਆਪਣੇ ਹਰ ਸਾਮਾਨ ਦਾ ਇੰਸ਼ੋਰੈਂਸ ਕਰਵਾਉਣਾ ਚਾਹੀਦਾ ਹੈ। ਘਰ ਛੱਡ ਕੇ ਉਹ ਹਰ ਸਾਮਾਨ ਦਾ ਬੀਮਾ ਕਰਵਾ ਸਕਦਾ ਹੈ।

ਘਰ 'ਚ ਰੱਖੇ ਸਾਮਾਨ ਦੀ ਕੀਮਤ ਦਾ ਅੰਦਾਜ਼ਾ ਖ਼ੁਦ ਵੀ ਲਗਾ ਸਕਦੇ ਹੋ। ਸਭ ਤੋਂ ਪਹਿਲਾਂ ਘਰ 'ਚ ਰੱਖੀਆਂ ਹਰ ਚੀਜ਼ਾਂ ਦੀ ਲਿਸਟ ਬਣਾਓ, ਜਿਸ ਦਾ ਤੁਸੀਂ ਬੀਮਾ ਕਰਵਾਉਣਾ ਚਾਹੁੰਦੇ ਹੋ। ਸਾਮਾਨ ਦੀ ਕੀਮਤ ਦਾ ਮੂਲਾਂਕਣ ਉਸ ਦੀ ਮੌਜੂਦਾ ਬਾਜ਼ਾਰ ਕੀਮਤ 'ਤੇ ਹੁੰਦਾ ਹੈ। ਇਸ ਨੂੰ ਰਿਪਲੇਸਮੈਂਟ ਵੈਲਿਊ ਕਹਿੰਦੇ ਹਨ। ਇਸ ਤੋਂ ਭਾਵ ਹੈ ਕਿ ਜੇ ਇਸ ਸਾਮਾਨ ਦੇ ਨੁਕਸਾਨ ਲਈ ਕਲੇਮ ਕੀਤਾ ਜਾਂਦਾ ਹੈ ਤਾਂ ਉਸ ਸਾਮਾਨ ਦੇ ਨਵੇ ਸੈਂਟ ਦੀ ਕੀਮਤ ਤੋਂ ਡੇਪਰੀਸੀਏਸ਼ਨ ਰਕਮ ਘਟਾ ਕੇ ਜੋ ਰਾਸ਼ੀ ਬਚੇਗੀ, ਉਸ ਦੀ ਪੇਮੈਂਟ ਹੋਵੇਗੀ।

ਉਦਾਹਰਨ ਲਈ ਤੁਸੀਂ ਟੀ.ਵੀ ਦਾ ਇੰਸ਼ੋਰੈਂਸ ਕਰਵਾਇਆ ਹੈ। ਮੰਨ ਲਓ, ਇਸ ਦੀ ਵਰਤਮਾਨ ਕੀਮਤ ਕਰੀਬ 20 ਹਜ਼ਾਰ ਰੁਪਏ ਹੈ ਤਾਂ ਤੁਸੀ ਇਸ ਰਕਮ ਦੇ ਹਿਸਾਬ ਨਾਲ ਹੀ ਪ੍ਰੀਮੀਅਣ ਭਰੋਗੇ। ਪ੍ਰੀਮੀਅਮ ਕੀ ਹੁੰਦਾ ਹੈ, ਇਹ ਕੰਪਨੀ 'ਤੇ ਨਿਰਭਰ ਹੈ। ਹੁਣ ਮੰਨ ਲਓ ਕਿ ਟੀ.ਵੀ ਤਿੰਨ ਸਾਲ ਬਾਅਦ ਚੋਰੀ ਹੋ ਗਿਆ ਤਾਂ ਤਿੰਨ ਸਾਲ ਦਾ ਡੇਪਰੀਸੀਏਸ਼ਨ ਘਟਾਉਣ ਬਾਅਦ ਕੰਪਨੀ ਕਲੇਮ ਦਿੰਦੀ ਹੈ। ਡੇਪਰੀਸੀਏਸ਼ਨ ਫਿਕਸਡ ਹੁੰਦਾ ਹੈ ਅਤੇ ਇਹ ਸਾਮਾਨ ਦੀ ਉਮਰ ਦੇ ਆਧਾਰ 'ਤੇ ਘੱਟਦਾ ਜਾਂਦਾ ਹੈ। •

ਪਾਲਿਸੀ ਲੈਣ ਸਮੇਂ ਰੱਖੋ ਧਿਆਨ

- ਹੋਮ ਇੰਸ਼ੋਰੈਂਸ ਪਾਲਿਸੀ ਲੈਣ ਤੋਂ ਪਹਿਲਾਂ ਪਤਾ ਕਰ ਲਓ ਕਿ ਪਲਾਨ ਤਹਿਤ ਤੁਹਾਡੇ ਘਰ ਦੀਆਂ ਕਿਹੜੀਆਂ-ਕਿਹੜੀਆਂ ਚੀਜ਼ਾਂ ਕਵਰ ਹੋ ਰਹੀਆਂ ਹਨ।
- ਇੰਸ਼ੋਰੈਂਸ ਲੈਂਦੇ ਸਮੇਂ ਕਲੇਮ ਦਾ ਤਰੀਕਾ ਸਮਝਣਾ ਜ਼ਰੂਰੀ ਹੈ ਇਸ ਲਈ ਇਹ ਜਾਣੋ ਕਿ ਕੰਪਨੀ ਜਿੰਨੀ ਪੈਸਾ ਦੱਸ ਰਹੀ ਹੈ, ਉਹ ਸਾਰਾ ਪੈਸਾ ਕਲੇਮ ਦੇ ਰੂਪ 'ਚ ਮਿਲੇਗਾ ਜਾਂ ਉਸ ਦਾ ਕੁਝ ਹੀ ਹਿੱਸਾ ਮਿਲੇਗਾ।
- ਇਹ ਨਿਸ਼ਚਿਤ ਕਰੋ ਕਿ ਇੰਸ਼ੋਰੈਂਸ ਕੰਪਨੀ ਜਾਂਚ ਕਰਦੀ ਹੈ ਕਿ ਜਿਸ ਚੀਜ਼ ਦਾ ਤੁਹਾਨੂੰ ਨੁਕਸਾਨ ਹੋਇਆ ਹੈ, ਉਹ ਅਸਲ 'ਚ ਤੁਹਾਡੀ ਸੀ ਜਾਂ ਨਹੀਂ? ਇਸ ਲਈ ਪਾਲਿਸੀ ਕਰਾਉਂਦੇ ਸਮੇਂ ਜੋ ਵੀ ਸਾਮਾਨ ਕਵਰਡ ਕਰਵਾ ਰਹੇ ਹੋ, ਉਸ ਦੀ ਵੀਡੀਓ ਜ਼ਰੂਰ ਬਣਾਓ।
- ਬੀਮਾ ਕਰਵਾਉਂਦੇ ਸਮੇਂ ਸਾਮਾਨ ਦੀ ਜੋ ਕੀਮਤ ਦੱਸੀ ਸੀ, ਉਹ ਸਹੀ ਹੈ ਜਾਂ ਗ਼ਲਤ, ਇਸ ਦਾ ਸਬੂਤ ਪਾਸ ਹੋਣਾ ਚਾਹੀਦਾ ਹੈ।

ਜੇ ਚਾਹੁੰਦੇ ਹੋ ਘਰ 'ਚ ਖ਼ੁਸ਼ਹਾਲੀ

ਵਾਸਤੂ ਦੇ ਇਨ੍ਹਾਂ ਨਿਯਮਾਂ ਨੂੰ ਅਪਣਾ ਕੇ ਪਰਿਵਾਰ 'ਚ ਸੁੱਖ, ਸ਼ਾਂਤੀ ਤੇ ਵਪਾਰਕ ਸੰਸਥਾਵਾਂ ਨੂੰ ਵਧੀਆ ਬਣਾਇਆ ਜਾ ਸਕਦਾ ਹੈ।

- ਸ਼ਿਵਲਿੰਗ ਦੀ ਪੂਜਾ ਕਰੋ। ਇਹ ਅਸਲੀ ਹੋਈ ਤਾਂ ਉਸ ਦਾ ਪ੍ਰਭਾਵ ਜ਼ਿਆਦਾ ਪਵੇਗਾ।
- ਘਰ ਬਣਾਉਂਦੇ ਸਮੇਂ ਦਰਵਾਜ਼ੇ ਤੇ ਖਿੜਕੀਆਂ ਦਾ ਖ਼ਾਸ ਧਿਆਨ ਰੱਖੋ।- ਬਾਥਰੂਮ ਤੇ ਰਸੋਈ ਦਾ ਦਰਵਾਜ਼ਾ ਆਹਮਣੇ-ਸਾਹਮਣੇ ਨਾ ਹੋਵੇ।
- ਗਣੇਸ਼ ਜੀ ਦੀ ਇਕ ਤੋਂ ਜ਼ਿਆਦਾ ਮੂਰਤੀ ਹੋਵੇ ਤਾਂ ਕੋਈ ਫ਼ਰਕ ਨਹੀਂ ਪਰ ਪੂਜਾ ਇਕ ਹੀ ਗਣੇਸ਼ ਦੀ ਹੋਵੇ।
- ਘਰ ਦੇ ਬਾਹਰ ਜਾਂ ਅੰਦਰ ਦੇਵੀ ਦੇਵਤਿਆਂ ਦੀ ਮੂਰਤੀ ਜ਼ਰੂਰ ਲਗਾਏ।
- ਘਰ ਦੇ ਡ੍ਰਾਇੰਗਰੂਮ 'ਚ ਮੋਰ, ਬਾਂਦਰ, ਗਾਂ ਆਦਿ ਦੇ ਲਈ ਚਿੱਤਰ ਜਾਂ ਮੂਰਤੀ ਦੇ ਰੂਪ 'ਚ ਕਿਸੇ ਇਕ ਦਾ ਜੋੜਾ ਰੱਖੋ ਜਿਸ ਦਾ ਮੂੰਹ ਘਰ ਦੇ ਅੰਦਰ ਹੋਵੇਗਾ ਤਾਂ ਬਹੁਤ ਹੀ ਸ਼ੁੱਭ ਹੋਵੇਗਾ।
- ਆਪਣੀ ਧਨ ਵਾਲੀ ਪੇਟੀ 'ਚ ਤਿੰਨ ਸਿੱਕੇ ਰੱਖੋ ਇਹ ਰੱਖਣ ਨਾਲ ਤੁਹਾਨੂੰ ਬਹੁਤ ਫ਼ਾਇਦਾ ਮਿਲੇਗਾ।
- ਆਪਣੇ ਘਰ ਦੀ ਸੁੱਖ ਸ਼ਾਂਤੀ ਲਈ ਆਪਣੀ ਬੈਠਕ 'ਚ ਪੀਰਾਮਿਡ ਨੂੰ ਉੱਤਰ-ਪੂਰਵ 'ਚ ਰੱਖੋ। •

ਵਸੀਅਤ ਨੂੰ ਜੀਵਨ ਦਾ ਹਿੱਸਾ ਬਣਾਉਣਾ ਜ਼ਰੂਰੀ ਹੈ। ਜੇ ਤੁਸੀਂ ਵਸੀਅਤ ਬਣਾ ਲੈਂਦੇ ਹੋ ਤਾਂ ਤੁਹਾਡੇ ਜਾਣ ਤੋਂ ਬਾਅਦ ਪ੍ਰਾਪਰਟੀ ਨੂੰ ਲੈ ਕੇ ਪਰਿਵਾਰ 'ਚ ਲੜਾਈ-ਝਗੜਾ ਨਹੀਂ ਹੁੰਦਾ। ਇਸ ਨਾਲ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਸਹੀ ਹੱਕ ਮਿਲ ਜਾਂਦਾ ਹੈ। ਵਸੀਅਤ ਬਣਾਉਣਾ ਕੋਈ ਮੁਸ਼ਕਿਲ ਕੰਮ ਨਹੀਂ ਹੈ। ਕਈ ਲੋਕ ਸੋਚਦੇ ਹਨ ਕਿ ਅਜੇ ਤਾਂ ਬਹੁਤ ਸਮਾਂ ਹੈ ਹੁਣ ਤੋਂ ਹੀ ਵਸੀਅਤ ਬਣਾਉਣਾ ਕਿਉਂ ਜ਼ਰੂਰੀ ਹੈ? ਆਓ ਜਾਣੀਏ....

ਕਿਸੇ ਵਿਅਕਤੀ ਦੇ ਜਿਊਂਦੇ ਜੀ ਉਸ ਦੇ ਜਾਣ ਤੋਂ ਬਾਅਦ ਜਾਇਦਾਦ ਦੇ ਇਸਤੇਮਾਲ ਦਾ ਹੱਕ ਕਿਸੇ ਹੋਰ ਵਿਅਕਤੀ ਨੂੰ ਦੇਣ ਦਾ ਫ਼ੈਸਲਾ ਵਸੀਅਤ ਕਹਾਉਂਦਾ ਹੈ। ਵਸੀਅਤ ਕਰਨ ਵਾਲਾ ਵਿਅਕਤੀ ਇਸ ਕਾਨੂੰਨੀ ਦਸਤਾਵੇਜ਼ 'ਚ ਇਹ ਨਿਰਧਾਰਿਤ ਕਰਦਾ ਹੈ ਕਿ ਇਸ ਦੀ ਮੌਤ ਤੋਂ ਬਾਅਦ ਜਾਇਦਾਦ ਦਾ ਕਿੰਨਾ ਹਿੱਸਾ ਕਿਸ ਨੂੰ ਮਿਲੇਗਾ। ਕੁਝ ਲੋਕ ਇਸ ਗ਼ਲਤਫ਼ਹਿਮੀ ਦਾ ਸ਼ਿਕਾਰ ਹੁੰਦੇ ਹਨ ਕਿ ਉਨ੍ਹਾਂ ਤੋਂ ਬਾਅਦ ਸਾਰੀ ਜਾਇਦਾਦ ਉਨ੍ਹਾਂ ਦੇ ਜੀਵਨਸਾਥੀ ਵਜੋਂ ਆਪਣੇ ਆਪ ਟ੍ਰਾਂਸਫਰ ਹੋ ਜਾਵੇਗੀ ਪਰ ਇਹ ਸੋਚ ਸਹੀ ਨਹੀਂ ਹੈ। ਜੇ ਕਿਸੇ ਵਿਅਕਤੀ ਨੇ ਵਸੀਅਤ ਲਿਖੀ ਹੈ ਤਾਂ ਉਸ ਦੀ ਜਾਇਦਾਦ ਦੀ ਵੰਡ ਉਸ ਦੀ ਇੱਛਾ ਅਨੁਸਾਰ ਹੁੰਦੀ ਹੈ ਅਤੇ ਜੋ ਕੋਈ ਵਿਅਕਤੀ ਬਿਨਾ ਵਸੀਅਤ ਬਣਾਏ ਇਸ ਦੁਨੀਆ ਤੋਂ ਚਲਿਆ ਜਾਂਦਾ ਹੈ ਤਾਂ ਵਿਅਕਤੀ ਦੀ ਜਾਇਦਾਦ ਦੀ ਵੰਡ ਕਾਨੂੰਨ ਅਨੁਸਾਰ ਹੁੰਦੀ ਹੈ।

ਜੇ ਮਰ ਚੁੱਕਿਆ ਮਾਲਕ ਹਿੰਦੂ ਹੈ ਤਾਂ ਹਿੰਦੂ ਉਤਰਾਧਿਕਾਰ ਐਕਟ ਮੁਤਾਬਕ ਉਸ ਦੀ ਜਾਇਦਾਦ ਦੀ ਵੰਡ ਕੀਤੀ ਜਾਂਦੀ ਹੈ ਅਤੇ ਜੇ ਉਹ ਮੁਸਲਿਮ ਹੈ ਤਾਂ ਅਜਿਹੀ ਸਥਿਤੀ 'ਚ 'ਮੁਸਲਿਮ ਪਰਸਨਲ ਲਾਅ' ਦੇ ਹਿਸਾਬ ਨਾਲ ਵੰਡ ਕੀਤੀ ਜਾਵੇਗੀ। ਉਦਾਹਰਨ ਲਈ 'ਹਿੰਦੂ ਲਾਅ' 'ਚ ਬੇਟੀ ਦਾ ਵੀ ਪਿਤਾ ਦੀ ਜਾਇਦਾਦ 'ਚ ਸਮਾਨ ਅਧਿਕਾਰ ਹੁੰਦਾ ਹੈ। ਇਸ ਲਈ ਜੇ ਕਿਸੇ ਹਿੰਦੂ ਦੀ ਮੌਤ ਹੁੰਦੀ ਹੈ ਅਤੇ ਉਸ ਦੀ ਕੋਈ ਵਸੀਅਤ ਨਹੀਂ ਹੈ ਤਾਂ ਉਸ ਦੀ ਜਾਇਦਾਦ 'ਚ ਬੇਟੀ ਦਾ ਹੱਕ ਬਣਦਾ ਹੈ। ਕਈ ਵਾਰ ਵਸੀਅਤ ਨਾ ਹੋਣ 'ਤੇ ਪਰਿਵਾਰਿਕ ਝਗੜੇ ਦੀ ਸਥਿਤੀ 'ਚ ਮਕਾਨ ਜਾਂ ਹੋਰ ਜਾਇਦਾਦ ਇਸ ਲਈ ਵੇਚਣੀ ਪੈਂਦੀ ਹੈ ਕਿ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਉਸ 'ਚ ਹਿੱਸਾ ਦਿੱਤਾ ਜਾ ਸਕੇ।

• ਵਸੀਅਤ ਕੌਣ ਬਣਾ ਸਕਦਾ ਹੈ?

ਤੰਦਰੁਸਤ ਦਿਮਾਗ਼ ਵਾਲਾ ਕੋਈ ਵੀ ਵਿਅਕਤੀ ਜਿਸ ਦੀ ਉਮਰ 18 ਸਾਲ ਤੋਂ ਜ਼ਿਆਦਾ ਹੋਵੇ, ਕਰ ਸਕਦੀ ਹੈ।

• ਵਸੀਅਤ ਕਦੋਂ ਬਣਾਈਏ?

ਵਸੀਅਤ ਕਦੇ ਵੀ ਬਣਵਾਈ ਜਾ ਸਕਦੀ ਹੈ। ਆਮਤੌਰ 'ਤੇ ਲੋਕ 50 ਸਾਲ ਦੀ ਉਮਰ 'ਚ ਵਸੀਅਤ ਬਣਾਉਂਦੇ ਹਨ। ਜੇ ਤੁਹਾਡੇ ਕੋਲ ਜਾਇਦਾਦ ਹੈ, ਜਿਸ ਜੇ ਇਕ ਤੋਂ ਜ਼ਿਆਦਾ ਹਿੱਸੇਦਾਰ ਹਨ ਤਾਂ ਵਸੀਅਤ ਫੌਰਨ ਬਣਵਾਉਣੀ ਚਾਹੀਦੀ ਹੈ।

ਕੁਝ ਖ਼ਾਸ ਹਾਲਾਤ 'ਚ

ਜੇ ਵਸੀਅਤ ਕਰਨ ਵਾਲੇ ਵਿਅਕਤੀ ਤੋਂ ਪਹਿਲਾਂ ਕਿਸੇ ਗਵਾਹ ਦੀ ਮੌਤ ਹੋ ਜਾਵੇ ਤਾਂ ਵਸੀਅਤ ਦੁਬਾਰਾ ਬਣਵਾਉਣੀ ਚਾਹੀਦੀ ਹੈ। ਅਜਿਹਾ ਕਰਦੇ ਸਮੇਂ ਪਹਿਲੀ ਵਸੀਅਤ ਕੈਂਸਲ ਕੀਤੇ ਜਾਣ ਦਾ ਜ਼ਿਕਰ ਜ਼ਰੂਰ ਕਰੋ। ਵਸੀਅਤ ਜੇ ਗੁਆਚ ਜਾਵੇ ਤਾਂ ਵੀ ਦੁਬਾਰਾ ਵਸੀਅਤ ਕਰਵਾਓ। ਬਿਹਤਰ ਹੈ ਕਿ ਉਸ 'ਚ ਥੋੜ੍ਹਾ ਫੇਰਬਦਲ ਕਰੋ, ਤਾਂ ਕਿ ਪਹਿਲੀ ਵਸੀਅਤ ਕੈਂਸਲ ਮੰਨ ਲਈ ਜਾਵੇ। ਜੇ ਵਸੀਅਤ ਕਰਨ ਵਾਲੇ ਦੀ ਮੌਤ ਅਤੇ ਗਵਾਹ ਦੀ ਮੌਤ ਇਕੋ ਸਮੇਂ ਹੋ ਜਾਵੇ ਤਾਂ ਵਸੀਅਤ ਕਰਨ ਵਾਲੇ ਅਤੇ ਗਵਾਹ ਦੀ ਲਿਖਾਈ ਹੀ ਉਸ ਦਾ ਸਬੂਤ ਹੈ।

- ਵਸੀਅਤ 'ਤੇ ਜੇ ਕੋਈ ਸਵਾਲ ਨਹੀਂ ਉਠਾਉਂਦਾ ਤਾਂ ਠੀਕ ਹੈ ਪਰ ਜੇ ਇਸ ਮਾਮਲੇ 'ਚ ਕੋਈ ਅਦਾਲਤ ਦਾ ਦਰਵਾਜ਼ਾ ਖੜਕਾਉਂਦਾ ਹੈ ਤਾਂ ਕਾਨੂੰਨਨ ਪੂਰੇ ਮਾਮਲੇ ਦੀ ਪੜਤਾਲ ਕੀਤੀ ਜਾਵੇ।

ਰੱਖੋ ਧਿਆਨ

- ਵਸੀਅਤ ਸਿੱਧੀ ਅਤੇ ਸਰਲ ਭਾਸ਼ਾ 'ਚ ਲਿਖਣੀ ਚਾਹੀਦੀ ਹੈ ਤਾਂ ਕਿ ਵਸੀਅਤ ਕਰਤਾ ਦਾ ਉਦੇਸ਼ ਸਪੱਸ਼ਟ ਹੋ ਜਾਵੇ ਤੇ ਭਵਿੱਖ 'ਚ ਕਿਸੇ ਤਰ੍ਹਾਂ ਦੀ ਮੁਸ਼ਕਿਲ ਦੀ ਸਥਿਤੀ ਨਾ ਬਣੇ।
- ਵਸੀਅਤ ਕਰਨ ਵਾਲੇ ਵਿਅਕਤੀ ਨੂੰ ਇਸ ਦੇ ਹਰ ਪੇਜ 'ਤੇ ਦਸਤਖ਼ਤ ਕਰਨੇ ਜ਼ਰੂਰੀ ਹੁੰਦੇ ਹਨ ਤੇ ਨਾਲ ਹੀ ਜੇ ਵਸੀਅਤ ਸਾਧਾਰਨ ਪੇਪਰ 'ਤੇ ਲਿਖੀ ਗਈ ਹੈ ਤਾਂ ਇਹ ਵਧੀਆ ਹੋਵੇਗਾ ਕਿ ਗਵਾਹਾਂ ਦੇ ਦਸਤਖ਼ਤ ਵੀ ਹਰ ਪੇਜ 'ਤੇ ਹੋਣ।
- ਵਸੀਅਤ 'ਚ ਦੋ ਗਵਾਹ ਹੋਣੇ ਬਹੁਤ ਜ਼ਰੂਰੀ ਹਨ। ਗਵਾਹ ਜਾਣਕਾਰ ਵਿਅਕਤੀਆਂ ਨੂੰ ਹੀ ਬਣਾਉਣਾ ਚਾਹੀਦਾ ਹੈ ਜੋ ਸਮੇਂ 'ਤੇ ਮੌਜੂਦ ਹੋ ਸਕੇ। ਇਸ ਮਾਮਲੇ 'ਚ ਇਹ ਮਹੱਤਵਪੂਰਨ ਹੈ ਕਿ ਗਵਾਹ ਅਜਿਹਾ ਵਿਅਕਤੀ ਨਾ ਹੋਵੇ, ਜਿਸ ਨੂੰ ਖ਼ੁਦ ਵਸੀਅਤ 'ਚ ਕੋਈ ਜਾਇਦਾਦ ਜਾਂ ਹਿੱਸਾ ਮਿਲ ਰਿਹਾ ਹੋਵੇ।
- ਤੁਸੀਂ ਆਨ-ਲਾਈਨ ਵੀ ਵਸੀਅਤ ਬਣਾ ਸਕਦੇ ਹੋ। ਅੱਜ-ਕੱਲ੍ਹ ਕਈ ਕੰਪਨੀਆਂ ਆਨ-ਲਾਈਨ ਵਸੀਅਤ ਬਣਾਉਣ ਦੀ ਸਰਵਿਸ ਦੇ ਰਹੀ ਹੈ।
- ਤੁਸੀ ਜਿਸ ਨੂੰ ਆਪਣਾ ਗਵਾਹ ਬਣਾ ਰਹੇ ਹੋ ਕੋਸ਼ਿਸ਼ ਕਰੋ ਕਿ ਉਹ ਤੁਹਾਡੇ ਪੱਖ ਲੈਣ ਵਾਲਾ ਹੋਵੇ।
- ਕਈ ਲੋਕ ਵਸੀਅਤ ਦੇ ਸਥਾਨ 'ਤੇ ਤੋਹਫ਼ੇ ਜਾਂ ਦਾਨ ਪੱਤਰ ਕਰ ਦਿੰਦੇ ਹਨ। ਅਜਿਹਾ ਭੁੱਲ ਕੇ ਵੀ ਨਾ ਕਰੋ ਨਹੀਂ ਤਾਂ ਤੁਸੀ ਖ਼ੁਦ ਦੀ ਜਾਇਦਾਦ ਤੋਂ ਬੇਦਖ਼ਲ ਹੋ ਸਕਦੇ ਹੋ।
- ਰਜਿਸਟਰਡ ਵਸੀਅਤ 'ਚ ਤਬਦੀਲੀ ਬਹੁਤ ਮੁਸ਼ਕਿਲ ਹੁੰਦੀ ਹੈ। ਜੇ ਤੁਸੀ ਇਸ 'ਚ ਤਬਦੀਲੀ ਕਰਵਾਓਗੇ ਤਾਂ ਦੁਬਾਰਾ ਵਸੀਅਤ ਨੂੰ ਰਜਿਸਟਰ ਕਰਵਾਉਣਾ ਹੋਵੇਗਾ।

• ਕਿਹੜੀ ਜਾਇਦਾਦ ਸ਼ਾਮਿਲ ਕਰੀਏ?

ਸਭ ਤੋਂ ਪਹਿਲਾਂ ਤੁਹਾਨੂੰ ਆਪਣੀ ਪੂਰੀ ਜਾਇਦਾਦ ਅਤੇ ਦੇਣਦਾਰੀ ਦੀ ਲਿਸਟ ਬਣਾ ਲੈਣੀ ਚਾਹੀਦੀ ਹੈ। ਇਸ 'ਚ ਸਾਰੀਆਂ ਚੱਲ-ਅਚੱਲ ਜਾਇਦਾਦਾਂ, ਨਿਵੇਸ਼ ਅਤੇ ਸ਼ੇਅਰਜ਼ ਸ਼ਾਮਿਲ ਕਰੋ ਕਿਉਂਕਿ ਵਸੀਅਤ 'ਚ ਜੇ ਸਾਰੀ ਜਾਇਦਾਦ ਸ਼ਾਮਿਲ ਨਹੀਂ ਹੋਵੇਗੀ ਜਾਂ ਜਿਸ ਜਾਇਦਾਦ ਦਾ ਜ਼ਿਕਰ ਵਸੀਅਤ 'ਚ ਨਹੀਂ ਹੋਵੇਗਾ, ਉਸ ਦੀ ਵੰਡ ਕਾਨੂੰਨ ਮੁਤਾਬਕ ਹੋਵੇਗੀ। ਵਸੀਅਤ 'ਚ ਅਜਿਹੇ ਸਾਰੇ ਰਿਸ਼ਤੇਦਾਰਾਂ ਜਾਂ ਪਰਿਵਾਰ ਦੇ ਮੈਂਬਰਾਂ ਦੀ ਲਿਸਟ ਹੋਣੀ ਚਾਹੀਦੀ ਹੈ, ਜਿਸ ਦੇ ਹੱਕ 'ਚ ਵਸੀਅਤ ਲਿਖਣ ਦੀ ਇੱਛਾ ਹੋਵੇ। ਵਸੀਅਤ ਬਣਵਾਉਂਦੇ ਸਮੇਂ ਕਿਸੇ ਮੈਂਬਰ ਨੂੰ ਕਿਹੜੀ ਜਾਇਦਾਦ ਅਤੇ ਕਿਸ ਅਨੁਪਾਤ 'ਚ ਦੇਣੀ ਚਾਹੀਦੀ ਹੈ, ਇਸ ਗੱਲ ਦਾ ਜ਼ਿਕਰ ਜ਼ਰੂਰ ਹੋਣਾ ਚਾਹੀਦਾ ਹੈ।

ਕਿਸ ਫਾਰਮੈਟ 'ਚ ਬਣਾਉਣੀ ਚਾਹੀਦੀ ਹੈ?

ਵਸੀਅਤ ਦਾ ਕੋਈ ਫਿਕਸ ਫਾਰਮੈਟ ਨਹੀਂ ਹੈ ਤੇ ਨਾਲ ਹੀ ਵਸੀਅਤ ਦਾ ਰਜਿਸਟਰਡ ਹੋਣਾ ਜ਼ਰੂਰੀ ਨਹੀਂ ਹੈ। ਇਹ ਇਕ ਸਾਧਾਰਨ ਪਲੇਨ ਪੇਪਰ 'ਤੇ ਵੀ ਲਿਖੀ ਜਾ ਸਕਦੀ ਹੈ। ਇਸ ਨੂੰ ਕਿਸੇ ਸਟੈਂਪ ਪੇਪਰ 'ਤੇ ਜਾਂ ਲੀਗਲ ਪੇਪਰ 'ਤੇ ਲਿਖਣਾ ਜ਼ਰੂਰੀ ਨਹੀਂ ਹੁੰਦਾ। ਇਕ ਸਾਧਾਰਨ ਵਸੀਅਤ ਵੀ ਰਜਿਸਟਰਡ ਵਸੀਅਤ ਜਿੰਨਾ ਹੀ ਮਹੱਤਵ ਰੱਖਦੀ ਹੈ ਪਰ ਸੁਝਾਅ ਹੈ ਕਿ ਵਸੀਅਤ ਜੇ ਸਟੈਂਪ ਪੇਪਰ 'ਤੇ ਹੋਵੇ ਤਾਂ ਭਵਿੱਖ 'ਚ ਜੇ ਕੋਈ ਵਿਅਕਤੀ ਇਹ ਕਲੇਮ ਕਰਦਾ ਹੈ ਕਿ ਵਸੀਅਤ ਮਰਨ ਤੋਂ ਬਾਅਦ ਲਿਖੀ ਗਈ ਹੈ ਤਾਂ ਸਟੈਂਪ ਜਾਰੀ ਕਰਨ ਦੀ ਤਰੀਕ ਇਹ ਸਾਬਿਤ ਕਰਨ 'ਚ ਮਦਦਗਾਰ ਹੋ ਸਕਦੀ ਹੈ। ਜੇ ਵਸੀਅਤ ਨੂੰ ਰਜਿਸਟਰ ਕੀਤਾ ਜਾਂਦਾ ਹੈ ਅਤੇ ਹੋਰ ਵੀ ਇੱਛਾ ਹੈ। ਇਸ ਨੂੰ ਰਜਿਸਟਰ ਕਰਨ ਦੀ ਲਾਗਤ 'ਚ ਘੱਟ ਤੋਂ ਘੱਟ ਹੁੰਦੀ ਹੈ ਅਤੇ ਇਹ ਕੰਮ ਰਜਿਸਟਰ ਆਫ਼ਿਸ 'ਚ ਹੁੰਦਾ ਹੈ। ਜੇ ਵਸੀਅਤ ਗੁਆਚ ਜਾਵੇ ਤਾਂ ਇਸ ਦੀ ਕਾਪੀ ਰਜਿਸਟਰ ਆਫ਼ਿਸ ਤੋਂ ਲਈ ਜਾ ਸਕਦੀ ਹੈ। •

ਟੈਕਸ ਪਲਾਨਿੰਗ

ਜੇ ਵਸੀਅਤ ਬਣਾਉਂਦੇ ਸਮੇਂ ਤੁਸੀਂ ਆਪਣੇ ਸਲਾਹਕਾਰ ਦੀ ਸਹਾਇਤਾ ਲੈਂਦੇ ਹੋ ਤਾਂ ਵਸੀਅਤ ਨਾਲ ਟੈਕਸ ਪਲਾਨਿੰਗ ਕੀਤੀ ਜਾ ਸਕਦੀ ਹੈ। ਉਦਾਹਰਨ ਲਈ ਐੱਚਯੂਐੱਫ (ਸੰਯੁਕਤ ਹਿੰਦੂ ਪਰਿਵਾਰ) ਨੂੰ ਜਾਇਦਾਦ ਟ੍ਰਾਂਸਫਰ ਕਰ ਕੇ ਉਸ ਜਾਇਦਾਦ ਤੋਂ ਹੋਣ ਵਾਲੀ ਕਿਰਾਏ ਦੀ ਆਮਦਨ ਨੂੰ ਐੱਚਯੂਐੱਫ ਦੇ ਹੱਥਾਂ 'ਚ ਟੈਕਸੇਬਲ ਕੀਤਾ ਜਾ ਸਕਦਾ ਹੈ। ਵਸੀਅਤ ਜ਼ਰੀਏ ਜਾਇਦਾਦ ਨੂੰ ਜੇ ਕੋਈ ਵਿਅਕਤੀ ਪਰਿਵਾਰ ਦੀ ਕਿਸੇ ਔਰਤ ਮੈਂਬਰ ਦੇ ਨਾਂ 'ਤੇ ਟ੍ਰਾਂਸਫਰ ਕਰ ਸਕਦਾ ਹੈ ਤਾਂ ਮੌਤ ਤੋਂ ਬਾਅਦ ਉਸ ਤੋਂ ਹੋਣ ਵਾਲੀ ਕਿਰਾਏ ਦੀ ਆਮਦਨ ਉਸ ਔਰਤ ਕਰਦਾਤਾ ਦੇ ਹੱਥ 'ਚ ਕਰ ਯੋਗ ਹੋਵੇਗੀ। ਵਸੀਅਤ ਇਸ ਤਰ੍ਹਾਂ ਲਿਖੀ ਜਾਵੇ ਕਿ ਉੱਤਰਾਧਿਕਾਰੀਆਂ ਨੂੰ ਭਵਿੱਖ 'ਚ ਹੋਣ ਵਾਲੀ ਆਮਦਨ 'ਤੇ ਘੱਟ ਤੋਂ ਘੱਟ ਟੈਕਸ ਲੱਗੇ।

ਉਸਾਰੀ

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫ਼ੇਅਰ ਬੋਰਡ ਦਾ ਗਠਨ ਪੰਜਾਬ ਸਰਕਾਰ ਨੇ ਮਿਤੀ 30.4.2009 ਨੂੰ ਕੀਤਾ ਹੈ। ਬੋਰਡ ਦਾ ਮੁੱਖ ਮੰਤਵ ਪੰਜਾਬ ਰਾਜ ਵਿਚ ਉਸਾਰੀ ਦੇ ਕੰਮਾਂ ਵਿਚ ਲੱਗੇ ਕਿਰਤੀਆਂ ਨੂੰ ਰਜਿਸਟਰ ਕਰਨਾ ਹੈ ਅਤੇ ਉਹਨਾਂ ਨੂੰ ਸਮਾਜ ਭਲਾਈ ਸਕੀਮਾਂ ਦਾ ਲਾਭ ਦੁਆਉਣਾ ਹੈ। ਕੋਈ ਵੀ ਕਿਰਤੀ 25 ਰੁਪਏ ਦੀ ਰਜਿਸਟਰੇਸ਼ਨ ਫ਼ੀਸ ਫਾਰਮ ਨੰਬਰ 28 ਨਾਲ ਲਗਾ ਕੇ ਜ਼ਿਲ੍ਹਾ ਲੇਬਰ ਇੰਸਪੈਕਟਰ ਕੋਲ ਜਮ੍ਹਾਂ ਕਰਵਾ ਕੇ ਇਸ ਦਾ ਮੈਂਬਰ ਬਣ ਸਕਦਾ ਹੈ।

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰ ਵੈਲਫ਼ੇਅਰ ਬੋਰਡ ਦੀਆਂ ਸਕੀਮਾਂ ਲਈ ਹੇਠ ਲਿਖੇ ਫਾਰਮ ਵਰਤੇ ਜਾਂਦੇ ਹਨ। ਫਾਰਮਾਂ ਦੀ ਕਾਪੀ ਲੇਬਰ ਜ਼ਿਲ੍ਹਾ ਕਮਿਸ਼ਨਰ/ਜ਼ਿਲ੍ਹਾ ਲੇਬਰ ਇੰਸਪੈਕਟਰ ਦੇ ਆਫ਼ਿਸ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਫਾਰਮ ਨੰ. 26- ਮੈਂਬਰ ਰਜਿਸਟਰ ਕਰਨ ਲਈ ਅਰਜ਼ੀ ਫਾਰਮ, 29- ਪਰਿਵਾਰਕ ਮੈਂਬਰਾਂ ਦੀ ਰਜਿਸਟਰੇਸ਼ਨ ਲਈ, 34- ਬੱਚਿਆਂ ਦੇ ਵਜ਼ੀਫ਼ੇ ਪ੍ਰਾਪਤ ਕਰਨ ਲਈ, 34 ਏ- ਸਾਇਕਲ ਸਕੀਮ ਦਾ ਲਾਭ ਲੈਣ ਲਈ, 35- ਸ਼ਗਨ ਸਕੀਮ ਦਾ ਲਾਭ ਲੈਣ ਲਈ, 36- ਮੁਫ਼ਤ ਧਾਰਮਿਕ ਯਾਤਰਾ ਦਾ ਲਾਭ ਲੈਣ ਲਈ, 37- ਕਿਰਤੀ ਦੀ ਮੌਤ ਹੋਣ ਤੇ ਬੀਮਾ ਲਾਭ ਲਈ, 37- ਕਿਰਤੀ ਦੀ ਮੌਤ ਹੋਣ ਤੇ ਬੀਮਾ ਲਾਭ ਲਈ, 38- ਕੰਮ ਦੌਰਾਨ ਲੱਗੀ ਬਿਮਾਰੀ ਦੇ ਮੁਫ਼ਤ ਇਲਾਜ ਲਈ, 39- ਕਿਰਤੀ ਦੀ ਮੌਤ ਹੋਣ ਦੇ ਅੰਤਿਮ ਕ੍ਰਿਆ ਤੇ ਹੋਣ ਵਾਲੇ ਖ਼ਰਚੇ ਦਾ ਪੈਸੇ ਲੈਣ ਲਈ ਸਰਜਰੀ ਦਾ ਖ਼ਰਚਾ ਪ੍ਰਾਪਤ ਕਰਨ ਲਈ, 42,42ਏ, 42 ਬੀ- ਪੈਨਸ਼ਨ ਲਗਾਉਣ ਲਈ, 46- ਬੱਚਾ ਪੈਦਾ ਹੋਣ ਤੇ ਵਿੱਤੀ ਸਹਾਇਤਾ ਲਈ, 47- ਟੂਲ ਕਿਟ ਖ਼ਰੀਦਣ ਲਈ, 49- ਲੜਕੀ ਪੈਦਾ ਹੋਣ ਤੇ 51,000/- ਰੁ. ਦੀ ਸਰਕਾਰੀ ਐਫ.ਡੀ.ਦਾ ਲਾਭ ਲੈਣ ਲਈ

ਕੌਣ ਬਣ ਸਕਦਾ ਹੈ ਲਾਭਪਾਤਰੀ?

ਹਰੇਕ ਕਿਰਤੀ ਬੋਰਡ ਦਾ ਲਾਭਪਾਤਰੀ ਬਣ ਸਕਦਾ ਹੈ ਜੇਕਰ ਉਹ :

- ਰਾਜ ਮਿਸਤਰੀ/ਇੱਟਾਂ/ਸੀਮਿੰਟ ਪਕੜਾਉਣ ਵਾਲੇ ਮਜ਼ਦੂਰ, ਪਲੰਬਰ, ਤਰਖਾਣ, ਵੈਲਡਰ, ਇਲੈਕਟ੍ਰੀਸ਼ਨ, ਸੀਵਰਮੈਨ, ਮਾਰਬਲ/ਟਾਇਲਾਂ ਲਗਾਉਣ ਵਾਲੇ, ਫਰਸ ਰਗੜਾਈ ਵਾਲੇ, ਪੇਂਟਰ, ਪੀ.ਓ.ਪੀ. ਕਰਨ ਵਾਲੇ, ਸੜਕਾਂ ਬਣਾਉਣ, ਉਸਾਰੀ ਕੰਮ ਨਾਲ ਸੰਬੰਧਿਤ ਤਕਨੀਕੀ/ਕਲੈਰੀਕਲ ਕੰਮ ਆਦਿ ਕਰਨ ਵਾਲੇ ਹੋ ਅਤੇ ਕਿਸੇ ਸਰਕਾਰੀ ਅਰਧ ਸਰਕਾਰੀ ਜਾਂ ਪ੍ਰਾਈਵੇਟ ਅਦਾਰੇ ਵਿਚ ਇਮਾਰਤਾਂ, ਸੜਕਾਂ, ਨਹਿਰਾਂ, ਬਿਜਲੀ ਦੇ ਉਤਪਾਦਨ ਵੰਡ, ਸਿੰਚਾਈ, ਪਾਣੀਆਂ ਦੀ ਵੰਡ ਜਾਂ ਨਿਕਾਸੀ, ਟੈਲੀਫ਼ੋਨ, ਤਾਰ, ਰੇਡੀਓ, ਰੇਲ, ਹਵਾਈ ਅੱਡੇ ਆਦਿ ਵਿਖੇ ਉਸਾਰੀ ਮੁਰੰਮਤ, ਰੱਖ ਰਖਾਵ ਜਾਂ ਤੋੜਫੋੜ ਦੇ ਕੰਮ ਲਈ ਕੁਸ਼ਲ, ਅਰਧ-ਕੁਸ਼ਲ ਕਾਰੀਗਰ ਜਾਂ ਸੁਪਰਵਾਈਜ਼ਰ ਦੇ ਤੌਰ 'ਤੇ ਤਨਖਾਹ ਜਾਂ ਮਿਹਨਤਾਨਾ ਲੈ ਕੇ ਕੰਮ ਕਰਦਾ ਹੈ, ਭੱਠਿਆਂ ਤੇ ਪਥੇਰ, ਕੱਚੀ ਇੱਟ ਦੀ ਭਰਾਈ ਕਰਨ, ਟੈਂਟ ਲਗਾਉਣ ਦਾ ਕੰਮ, ਹੋਰਡਿੰਗ, ਬੈਨਰ ਬਣਾਉਣ ਦਾ ਕੰਮ ਅਤੇ ਮਨਰੇਗਾ ਸਕੀਮ ਦੀ ਉਸਾਰੀ ਦਾ ਕੰਮ ਕਰਦਾ ਹੋਵੇ;
- ਜੇਕਰ ਉਸ ਦੀ ਉਮਰ 18 ਤੋਂ 60 ਸਾਲ ਦੇ ਵਿਚਕਾਰ ਹੈ ਅਤੇ ਪਿਛਲੇ 12 ਮਹੀਨਿਆਂ ਦੌਰਾਨ ਪੰਜਾਬ ਵਿੱਚ 90 ਦਿਨ ਬਤੌਰ ਉਸਾਰੀ ਕਿਰਤੀ (ਮਨਰੇਗਾ ਕਿਰਤੀ ਵਜੋਂ ਉਸਾਰੀ ਕੰਮਾਂ ਵਿਚ ਸਾਲ ਦੌਰਾਨ 50 ਦਿਨ) ਕੰਮ ਕੀਤਾ ਹੋਵੇ :
- ਕਿਰਤੀ ਆਪਣੀ ਅਰਜ਼ੀ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫ਼ਸਰ ਜਾਂ ਕਿਰਤ ਇੰਸਪੈਕਟਰ ਨੂੰ ਦੇਵੇ ਜਿਸ ਨਾਲ 25/- ਰੁ. ਰਜਿਸਟ੍ਰੇਸ਼ਨ ਫ਼ੀਸ (ਕੇਵਲ ਇਕ ਵਾਰ), ਅੰਸ਼ਦਾਨ 10/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ, ਆਧਾਰ ਕਾਰਡ ਦੀ ਕਾਪੀ ਅਤੇ ਬੈਂਕ ਡਿਟੇਲ ਆਦਿ ਲਗਾਈ ਹੋਵੇ।

ੲ) ਵਿਅਕਤੀਗਤ ਲਾਭ ਸਕੀਮਾਂ

1. **ਵਜ਼ੀਫ਼ਾ ਸਕੀਮ** : ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਪਹਿਲੀ ਕਲਾਸ ਤੋਂ ਡਿਗਰੀ ਕਲਾਸਾਂ ਅਤੇ ਉਚੇਰੀ ਸਿੱਖਿਆ ਲਈ 3,000/-ਰੁ. ਤੋਂ ਲੈ ਕੇ 70,000/-ਰੁ. ਸਾਲਾਨਾ ਵਜ਼ੀਫ਼ਾ ਸਕੀਮ।

ਨੋਟ : ਜੇ ਲਾਭਪਾਤਰੀ ਵਜ਼ੀਫ਼ਾ ਸਕੀਮ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

2. **ਐਲ.ਟੀ.ਸੀ ਸਕੀਮ** : ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਧਾਰਮਿਕ/ਇਤਿਹਾਸਿਕ/ਹੋਮਟਾਊਨ ਜਾਣ ਲਈ 2,000/- ਰੁਪਏ ਦੀ ਐਲ.ਟੀ.ਸੀ. ਦੀ ਰਾਸ਼ੀ ਹਰ ਦੋ ਸਾਲ ਬਾਅਦ ਦਿੱਤੀ ਜਾਂਦੀ ਹੈ।
3. **ਐਕਸਗ੍ਰੇਸ਼ੀਆ ਸਕੀਮ** : 1. ਪੰਜੀਕ੍ਰਿਤ ਲਾਭ ਦੀ ਪੂਰਨ ਅਪੰਗਤਾ (100%) ਹੋਣ ਤੇ ਜਾਂ ਦੁਰਘਟਨਾ ਵਿਚ ਮੌਤ ਹੋਣ ਦੀ ਸੂਰਤ ਵਿਚ 5 ਲੱਖ ਰੁਪਏ ਦੀ ਰਾਸ਼ੀ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਦਿੱਤੀ ਜਾਂਦੀ ਹੈ।
   2. ਕੁਦਰਤੀ ਮੌਤ ਹੋਣ ਦੀ ਸੂਰਤ ਵਿਚ 3 ਲੱਖ ਰੁਪਏ ਦੀ ਐਕਸਗ੍ਰੇਸ਼ੀਆ ਮਦਦ ਦਿੱਤੀ ਜਾਂਦੀ ਹੈ।
   3. ਆਂਸ਼ਿਕ ਅਪੰਗਤਾ ਹੋਣ ਤੇ ਪੰਜੀਕ੍ਰਿਤ ਲਾਭਪਾਤਰੀ ਇਸ ਸਕੀਮ ਤਹਿਤ ਮਿਲਣ ਵਾਲੀ ਰਾਸ਼ੀ ਹਰੇਕ ਇਕ ਪ੍ਰਤੀਸ਼ਤ ਅਪੰਗਤਾ ਦੀ ਰਾਸ਼ੀ 4000/- ਰੁਪਏ ਹੋਵੇਗੀ ਜੋ 4 ਲੱਖ ਤੱਕ ਜਾ ਸਕਦੀ ਹੈ।
4. **ਸ਼ਗਨ ਸਕੀਮ** : ਰਜਿਸਟਰਡ ਉਸਾਰੀ ਕਿਰਤੀਆਂ ਦੀਆਂ 2 ਲੜਕੀਆਂ ਤੱਕ ਦੀ ਸ਼ਾਦੀ ਲਈ ਹਰੇਕ ਲੜਕੀ ਦੀ ਸ਼ਾਦੀ ਦੇ ਮੌਕੇ ਤੇ 31,000/- ਰੁਪਏ ਸ਼ਗਨ ਦੀ ਰਾਸ਼ੀ ਦਿੱਤੀ ਜਾਵੇਗੀ। ਜੇਕਰ ਲੜਕੀ ਖ਼ੁਦ ਵੀ ਰਜਿਸਟਰਡ ਲਾਭਪਾਤਰੀ ਹੈ ਤਾਂ ਉਸ ਦੀ ਆਪਣੀ ਸ਼ਾਦੀ ਲਈ ਵੀ ਇਸ ਸਕੀਮ ਅਧੀਨ ਸ਼ਗਨ ਦੀ ਰਾਸ਼ੀ ਦਿੱਤੀ ਜਾਵੇਗੀ।

ਨੋਟ : ਜੇਕਰ ਲਾਭਪਾਤਰੀ ਵੀਜ਼ਫ਼ਾ ਸਕੀਮ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

5. ਦਾਹ ਸੰਸਕਾਰ ਅਤੇ ਅੰਤਮ ਕ੍ਰਿਆ ਕ੍ਰਮ ਲਈ ਵਿੱਤੀ ਸਹਾਇਤਾ: ਉਸਾਰੀ ਕਿਰਤੀਆਂ ਅਤੇ ਪ੍ਰੀਵਾਰਕ ਮੈਂਬਰਾਂ ਲਈ ਪੰਜਾਬ ਰਾਜ ਵਿਚ ਦਾਹ ਸੰਸਕਾਰ ਅਤੇ ਕ੍ਰਿਆ ਕ੍ਰਮ ਕਰਨ ਲਈ 20,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।
6. **ਜਨਰਲ ਸਰਜਰੀ** : ਬੋਰਡ ਦੇ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਜਨਰਲ ਸਰਜਰੀ ਸਕੀਮ ਅਧੀਨ 50,000/- ਰੁਪਏ ਤੱਕ ਵਿੱਤੀ ਸਹਾਇਤਾ।
7. **ਬਿਮਾਰੀਆਂ ਲਈ ਵਿੱਤੀ ਸਹਾਇਤਾ** : ਉਸਾਰੀ ਕੰਮਾਂ ਵਿਚ ਲੱਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਨਿਰਧਾਰਿਤ 16 ਖਤਰਨਾਕ ਬਿਮਾਰੀਆਂ ਦੇ ਇਲਾਜ ਦੇ ਖਰਚੇ ਸੰਬੰਧੀ 1,00,000/- ਤੱਕ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਨੋਟ : ਹਰੇਕ ਲਾਭਪਾਤਰੀ ਜੋ ਇਸ ਸਕੀਮ ਅਧੀਨ ਲਾਭ ਉਠਾਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਹੈਲਥ ਕਾਰਡ ਦੀ ਸਹੂਲਤ ਨਾਲ 50,000/- ਰੁਪਏ ਦਾ ਲਾਭ ਖਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

8. **ਪ੍ਰਸੂਤਾ ਲਾਭ ਸਕੀਮ** : ਉਸਾਰੀ ਕੰਮਾਂ ਵਿਚ ਲੱਗੇ ਪੰਜੀਕ੍ਰਿਤ ਲਾਭਪਾਤਰੀ 'ਇਸਤਰੀ ਕਿਰਤੀ' ਨੂੰ ਹਰੇਕ ਜਨੇਪੇ ਦੇ ਸਮੇਂ 21,000/- ਰੁਪਏ ਅਤੇ ਪੁਰਸ਼ ਲਾਭਪਾਤਰੀ ਨੂੰ ਉਸਦੀ ਇਸਤਰੀ ਦੇ ਜਨੇਪੇ ਸਮੇਂ 5,000/- ਰੁਪਏ ਪ੍ਰਤੀ ਜਨੇਪਾ (ਵੱਧ ਤੋਂ ਵੱਧ ਦੋ ਜਨੇਪਿਆਂ ਲਈ) ਦੇ ਹਿਸਾਬ ਨਾਲ ਪ੍ਰਸੂਤਾ ਲਾਭ ਦਿੱਤਾ ਜਾਂਦਾ ਹੈ।
9. **ਐਨਕ /ਦੰਦ ਅਤੇ ਸੁਣਨਯੰਤਰ ਲਈ ਵਿੱਤੀ ਸਹਾਇਤਾ ਸਕੀਮ** : ਲਾਭਪਾਤਰੀ ਅਤੇ ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਲਈ ਐਨੈਕਾਂ, ਦੰਦ ਅਤੇ ਸੁਣਨ ਯੰਤਰ ਲਗਾਉਣ ਲਈ ਕ੍ਰਮਵਾਰ (800/-, 5000/- ਅਤੇ 6000/-) ਰੁਪਏ ਦੀ ਵਿੱਤੀ ਸਹਾਇਤਾ।
10. **ਉਸਾਰੀ ਕਿਰਤੀਆਂ ਲਈ ਮੁਫ਼ਤ ਸਾਇਕਲ ਸਕੀਮ** : ਹਰੇਕ ਲਾਭਪਾਤਰੀ ਜੋ ਬੋਰਡ ਪਾਸ ਘੱਟੋ-ਘੱਟ ਇਕ ਸਾਲ ਤੋਂ ਰਜਿਸਟਰਡ ਹੈ, ਨੂੰ ਬੋਰਡ ਵਲੋਂ ਮੁਫ਼ਤ ਇਕ ਸਾਇਕਲ ਦਿੱਤਾ ਜਾਂਦਾ ਹੈ। ਇਹ ਸਾਇਕਲ ਉਸ ਨੂੰ ਹਰ ਪੰਜ ਸਾਲ ਦੀ ਮੈਂਬਰਸ਼ਿਪ ਉਪਰੰਤ ਮਿਲੇਗਾ।
11. **ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਮੁਫ਼ਤ ਸਾਇਕਲ ਸਕੀਮ** : ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿਚ 9ਵੀਂ 12ਵੀਂ ਜਮਾਤ ਤੱਕ ਪੜ੍ਹਾਈ ਦੌਰਾਨ ਮੁਫ਼ਤ ਸਾਇਕਲ ਦਿੱਤੀ ਜਾਂਦੀ ਹੈ।

ਨੋਟ : ਜੇ ਲਾਭਪਾਤਰੀ ਵਜ਼ੀਫ਼ਾ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਹੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

12. **ਮਾਨਸਿਕ ਰੋਗ ਨਾਲ ਪੀੜਤ ਬੱਚਿਆਂ ਲਈ ਵਿੱਤੀ ਸਹਾਇਤਾ ਸਕੀਮ** : ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆ (ਪੁੱਤਰ/ਪੁੱਤਰੀ) ਦੀ ਸਾਂਭ ਸੰਭਾਲ ਵਾਸਤੇ 20,000/- ਰੁਪਏ ਸਾਲਾਨਾ ਵਿੱਤੀ ਸਹਾਇਤਾ ਸਕੀਮ।
13. **ਔਜ਼ਾਰ ਖ਼ਰੀਦਣ (ਟੂਲ ਕਿਟ) ਲਈ ਸਕੀਮ** : ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜ਼ਾਰ) ਖ਼ਰੀਦਣ ਲਈ 5000/- ਰੁਪਏ ਦੀ ਵਿੱਤੀ ਸਹਾਇਤਾ ਸਕੀਮ ਬਸ਼ਰਤੇ ਕਿ ਉਸਨੇ ਸਕਿਲ ਅਪਗ੍ਰੇਡੇਸ਼ਨ ਜਾਂ ਆਰ.ਪੀ.ਐਲ. ਅਧੀਨ ਟ੍ਰੇਨਿੰਗ ਲਈ ਹੋਵੇ। ਉਸਾਰੀ ਕਿਰਤ ਹਰ ਤਿੰਨ ਸਾਲ ਦੀ ਮੈਂਬਰਸ਼ਿਪ ਬਾਦ ਮੁੜ ਟੂਲ ਕਿਟ ਸਕੀਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।
14. **ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ** : ਇਸ ਸਕੀਮ ਅਧੀਨ ਲਾਭਪਾਤਰੀ ਅਤੇ ਉਸਦੇ ਪ੍ਰੀਵਾਰ ਦੇ ਮੈਂਬਰਾਂ (ਪ੍ਰੀਵਾਰ ਦੇ ਮੈਂਬਰਾਂ ਦੀ ਗਿਣਤੀ ਨਿਸ਼ਚਿਤ ਨਹੀਂ) ਲਈ ਹਰ ਸਾਲ 50,000/- ਰੁ. ਤੱਕ ਦੇ ਮੁਫਤ ਇਲਾਜ ਦੀ ਸੁਵਿਧਾ ਹੈ ਅਤੇ ਲਾਭਪਾਤਰੀ ਦੀ ਦੁਰਘਟਨਾ ਕਾਰਨ ਮੌਤ ਹੋ ਜਾਣ ਜਾਂ ਪੂਰਨ ਤੌਰ (100%) ਤੇ ਅਪੰਗ ਹੋ ਜਾਣ ਦੀ ਸੂਰਤ ਵਿਚ 5.00 ਲੱਖ ਰੁਪਏ ਦੇ ਬੀਮੇ ਦੀ ਸਹੂਲਤ ਵੀ ਦਿੱਤੀ ਜਾਵੇਗੀ।

ਗਰੁੱਪ ਲਾਭ ਸਕੀਮ

15. **ਸਕਿਲ ਡਿਵੈਲਪਮੈਂਟ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ** : ਬੋਰਡ ਵਲੋਂ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਤਹਿਤ ਹੇਠ ਲਿਖੇ ਕਦਮ ਚੁੱਕੇ ਗਏ ਹਨ :

*ੳ) ਉਸਾਰੀ ਕਿਰਤੀਆਂ ਦੇ ਜਿਹੜੇ ਬੱਚੇ ਆਈ. ਟੀ.ਆਈ./ਪਾਲੀਟੈਕਨਿਕ ਸੰਸਥਾਵਾਂ ਵਿਚ ਸਕਿਲ ਹੁਨਰ ਕਰਦੇ ਹਨ ਉਨ੍ਹਾਂ ਦੇ ਪੂਰੇ ਕੋਰਸ ਦੀ ਫੀਸ ਅਤੇ ਉਨ੍ਹਾਂ ਦੀ ਖ਼ੁਰਾਕ ਅਤੇ ਰਿਹਾਇਸ਼ (Boarding/lodging) ਦਾ ਖਰਚਾ ਬੋਰਡ ਵਲੋਂ ਦਿੱਤਾ ਜਾਂਦਾ ਹੈ।

*ਅ) ਬੋਰਡ ਵਲੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੋਹਾਲੀ ਵਿਖੇ 4 ਸਕਿਲ ਡਿਵੈਲਪਮੈਂਟ ਸੈਂਟਰ ਉਸਾਰੇ ਜਾ ਰਹੇ ਹਨ। ਇਨ੍ਹਾਂ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਸਾਲ 2016 ਦੇ ਅੰਤ ਤੱਕ ਹੋਣ ਦੀ ਆਸ ਹੈ। ਇਨ੍ਹਾਂ ਸਕਿਲ ਸੈਂਟਰਾਂ ਤੇ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਕਿਲ ਟ੍ਰੇਨਿੰਗ ਦਿੱਤੀ ਜਾਵੇਗੀ।

*ੲ) ਅਗੇਤੀ ਸਿਖਲਾਈ ਦੀ ਪਛਾਣ (Recognition of prior learning) ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਦੀ ਨਿਗਰਾਨੀ ਅਧੀਨ ਬੋਰਡ ਵਲੋਂ ਉਸਾਰੀ ਕਿਰਤੀਆਂ ਦੀ ਉਸਾਰੀ ਦੀ ਜਗ੍ਹਾਂ ਤੇ ਹੀ ਉਨ੍ਹਾਂ ਦੀ ਕਾਰਜ ਕੁਸ਼ਲਤਾ ਵਧਾਣ ਲਈ ਸਕਿਲ ਟ੍ਰੇਨਿੰਗ ਦੇਣ ਦੀ ਸਕੀਮ ਬਣਾਈ ਗਈ ਹੈ। ਇਸ ਤਰੀਕੇ ਨਾਲ ਟ੍ਰੇਨਿੰਗ ਲੈਣ ਵਾਲੇ ਉਸਾਰੀ ਕਿਰਤੀਆਂ ਨੂੰ ਬੋਰਡ ਵਲੋਂ ਇਸ ਸਕੀਮ ਤਹਿਤ ਪ੍ਰਤੀ ਕਿਰਤੀ 35/- ਰੁਪਏ ਪ੍ਰਤੀ ਘੰਟਾ ਉਤਸ਼ਾਹ ਭੱਤਾ ਦਿੱਤਾ ਜਾਂਦਾ ਹੈ।

16. **ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ** : ਉਸਾਰੀ ਕਿਰਤੀਆਂ ਦੇ ਕੰਮ ਦੀ ਭਾਲ ਲਈ ਖੜ੍ਹੇ ਹੋਣ ਲਈ ਢੁੱਕਵੀਂ ਜਗ੍ਹਾ ਤੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਬਨਾਣ ਲਈ ਸਕੀਮ।
17. **ਪੈਨਸ਼ਨ ਸਕੀਮ** : ਬੋਰਡ ਦੇ ਲਾਭਪਾਤਰੀਆਂ ਲਈ 60 ਸਾਲ ਦੀ ਉਮਰ ਅਤੇ 3 ਸਾਲ ਦੀ ਮੈਂਬਰਸ਼ਿਪ ਪੂਰੀ ਕਰਨ ਉਪਰੰਤ 2000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦਾ ਪ੍ਰਾਵਧਾਨ ਹੈ। ਬੋਰਡ ਵਲੋਂ 1000/- ਰੁਪਏ ਫੈਮਿਲੀ ਪੈਨਸ਼ਨ ਵੀ ਦਿੱਤੀ ਜਾਂਦੀ ਹੈ। ਉਸਾਰੀ ਕਿਰਤੀ ਵਲੋਂ ਬੋਰਡ ਪਾਸ ਰਜਿਸਟਰਡ ਹੋਣ ਤੇ ਤੁਰੰਤ ਮੈਂਬਰਸ਼ਿਪ ਸਰਟੀਫ਼ਿਕੇਟ ਜਾਰੀ ਕੀਤਾ ਜਾਂਦਾ ਹੈ।
18. **ਮੋਬਾਈਲ ਲੈਬ ਸਕੀਮ** : ਨਿਰਮਾਣ ਕਾਰਜਾਂ ਵਿਚ ਕੰਮ ਕਰਦੇ ਬੋਰਡ ਦੇ ਰਜਿਸਟਰਡ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਸਿਲੀਕਾਸਿਜ਼ ਅਤੇ ਹੋਰ ਬਿਮਾਰੀਆਂ ਦਾ ਪਤਾ ਲਗਾਉਣ ਲਈ ਮੋਬਾਇਲ ਲੈਬ ਸਕੀਮ ਅਤੇ ਜੇਕਰ ਇਹ ਪਤਾ ਲੱਗ ਜਾਂਦਾ ਹੈ ਕਿ ਲਾਭਪਾਤਰੀ ਜਾਂ ਉਸਦਾ ਪ੍ਰੀਵਾਰਕ ਮੈਂਬਰ ਸਿਲੀਕਾਸਿਜ਼ ਬਿਮਾਰੀ ਦਾ ਸ਼ਿਕਾਰ ਹੈ ਤਾਂ ਉਸ ਦੇ ਇਲਾਜ ਲਈ ਕਿਰਤੀ ਵਲੋਂ ਖਰਚ ਕੀਤੀ 1.50 ਲੱਖ ਰੁਪਏ ਦੀ ਰਾਸ਼ੀ ਦੀ ਬੋਰਡ ਵਲੋਂ ਪ੍ਰਤੀ ਪੂਰਤੀ ਕੀਤੀ ਜਾਵੇਗੀ।

ਨੋਟ : ਹਰੇਕ ਲਾਭਪਾਤਰੀ ਜੋ ਇਸ ਸਕੀਮ ਅਧੀਨ ਲਾਭ ਉਠਾਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਹੈਲਥ ਕਾਰਡ ਦੀ ਸਹੂਲਤ ਨਾਲ 50,000/- ਰੁਪਏ ਦਾ ਲਾਭ ਖ਼ਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਖ਼ਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

19. **ਅਰਬਨ ਹੈਲਥ ਕਿਓਸਕ ਸਕੀਮ** : ਪੰਜਾਬ ਹੈਲਥ ਸੁਸਾਇਟੀ ਵਲੋਂ ਰਾਜ 'ਚ ਜਿਥੇ ਸਲਮ ਏਰੀਏ ਵਿਚ ਉਸਾਰੀ ਕਿਰਤੀਆਂ ਦੀ ਰਿਹਾਇਸ਼ ਜ਼ਿਆਦਾ ਹੁੰਦੀ ਹੈ ਉਥੇ ਸਿਹਤ ਵਿਭਾਗ ਦੀ ਮਦਦ ਨਾਲ 21 ਅਰਬਨ ਹੈਲਥ ਸੈਂਟਰਾਂ ਨੂੰ ਚਲਾਉਣ ਪ੍ਰਤੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ।
20. **ਬਾਲੜੀ ਜਨਮ ਤੋਹਫ਼ਾ ਸਕੀਮ** : ਇਸ ਸਕੀਮ ਅਧੀਨ ਉਸਾਰੀ ਕਿਰਤੀ ਦੀ ਲੜਕੀ ਦੇ ਜਨਮ ਤੇ 51,000/- ਰੁਪਏ ਦੀ ਰਾਸ਼ੀ ਲੜਕੀ ਦੇ ਨਾਮ ਤੇ ਬੈਂਕ ਵਿਚ ਬਤੌਰ ਐਫ.ਡੀ.ਆਰ ਦੀ ਸ਼ਕਲ ਵਿਚ ਉਸ ਦੇ ਵਿਆਹ ਦੀ ਉਮਰ ਤੱਕ ਜਮ੍ਹਾਂ ਰਹੇਗੀ। ਇਹ ਸਹੂਲਤ ਕੇਵਲੀ ਦੋ ਲੜਕੀਆਂ ਦੇ ਜਨਮ ਤੱਕ ਸੀਮਤ ਹੈ।

ਇਸ ਬੋਰਡ ਦਾ ਮੁੱਖ ਮੰਤਵ ਪੰਜਾਬ ਰਾਜ 'ਚ ਉਸਾਰੀ ਦੇ ਕੰਮਾਂ 'ਚ ਲੱਗੇ ਕਿਰਤੀਆਂ ਨੂੰ ਰਜਿਸਟਰ ਕਰਨਾ ਹੈ ਅਤੇ ਉਨ੍ਹਾਂ ਨੂੰ ਸਮਾਜ ਭਲਾਈ ਸਕੀਮਾਂ ਦਾ ਲਾਭ ਦਿਵਾਉਣਾ ਹੈ। ਇਸ ਦੀ ਜਾਣਕਾਰੀ ਵਰਕਰਾਂ-ਕਰਮਚਾਰੀਆਂ ਨੂੰ ਹੋਣੀ ਚਾਹੀਦੀ ਹੈ।

• ਐਡਵੋਕੇਟ ਨਵਦੀਪ ਸਿੰਘ

ਸੰਪਾਦਕੀ

ਉੱਤਰਾਖੰਡ ਦੇ ਨਾਜ਼ੁਕ ਕੁਦਰਤੀ ਅਤੇ ਭੂਗੋਲਿਕ ਹਾਲਾਤ

ਦਸੰਬਰ 2022 ਤੋਂ ਦਸੰਬਰ 2024 ਦੇ ਵਿਚਕਾਰ ਜੋਸ਼ੀਮੱਠ ਦਾ ਵੱਡਾ ਹਿੱਸਾ 30 ਸੈਂਟੀਮੀਟਰ ਤੋਂ ਵੱਧ ਧਸ ਗਿਆ ਸੀ। ਉਸ ਵੇਲੇ ਲੋਕਾਂ ਵਿੱਚ ਡਰ ਅਤੇ ਸਹਿਮ ਦਾ ਮਾਹੌਲ ਬਣਿਆ, ਪਰ ਇਸ ਤੋਂ ਅੱਗੇ ਕੁਝ ਨਹੀਂ ਕੀਤਾ ਗਿਆ। ਉੱਤਰਾਖੰਡ ਦੇ ਨਾਜ਼ੁਕ ਕੁਦਰਤੀ ਅਤੇ ਭੂਗੋਲਿਕ ਹਾਲਾਤ ਅੱਜ ਵੀ ਅੰਨ੍ਹੇਵਾਹ ਉਸਾਰੀਆਂ, ਵਧਦੀ ਆਬਾਦੀ ਅਤੇ ਪਾਣੀ ਦੀ ਨਿਕਾਸੀ ਦੇ ਮਾੜੇ ਪ੍ਰਬੰਧਾਂ ਦੀ ਮਾਰ ਹੇਠ ਹਨ। ਅਜਿਹੇ ਵਿੱਚ ਧਰਤੀ ਦਾ ਖਿਸਕਣਾ ਲਾਜ਼ਮੀ ਹੈ। ਨੈਨੀਤਾਲ ਦੀਆਂ ਪਹਾੜੀਆਂ ਉੱਤੇ ਸੱਤ ਸਾਲ ਤੱਕ ਕੀਤੇ ਗਏ ਇੱਕ ਸੈਟੇਲਾਈਟ-ਰਡਾਰ ਅਧਿਐਨ ਨੇ ਸਰਕਾਰੀ ਅਣਗਹਿਲੀ ਅਤੇ ਲੋਕਾਂ ਦੀ ਲਾਪ੍ਰਵਾਹੀ ਦੀ ਪੋਲ ਖੋਲ੍ਹ ਦਿੱਤੀ ਹੈ। ਇਸ ਖੇਤਰ ਦੇ ਵੱਡੇ ਹਿੱਸਿਆਂ ਵਿੱਚ ਲਗਾਤਾਰ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਇਹ ਖੋਜ ਸਾਨੂੰ ਸਾਫ਼ ਚੇਤਾਵਨੀ ਦਿੰਦੀ ਹੈ ਕਿ ਉਨ੍ਹਾਂ ਪਹਾੜੀ ਢਲਾਣਾਂ ਦੀ ਪਛਾਣ ਕੀਤੀ ਜਾਵੇ ਜੋ ਪਹਿਲਾਂ ਹੀ ਖਿਸਕ ਰਹੀਆਂ ਹਨ। ਇਸ ਤੋਂ ਪਹਿਲਾਂ ਹੋਏ ਇੱਕ ਹੋਰ ਅਧਿਐਨ ਵਿੱਚ ਨੈਨੀਤਾਲ ਦੀਆਂ ਛੇ ਪ੍ਰਮੁੱਖ ਝੀਲਾਂ ਦੇ ਆਲੇ-ਦੁਆਲੇ ਬਨਸਪਤੀ, ਪਾਣੀ ਦੇ ਫੈਲਾਅ ਅਤੇ ਉਸਾਰੀ ਹੇਠਲੇ ਖੇਤਰਾਂ ਵਿੱਚ ਵੱਡੀਆਂ ਤਬਦੀਲੀਆਂ ਦੇਖੀਆਂ ਗਈਆਂ ਸਨ। ਬਚਾਅ ਸਬੰਧੀ ਉਪਾਵਾਂ ਵਿੱਚ ਦੇਰੀ ਕਰਨਾ ਸਿੱਧੇ ਤੌਰ ’ਤੇ ਤਬਾਹੀ ਨੂੰ ਸੱਦਾ ਦੇਣ ਦੇ ਬਰਾਬਰ ਹੈ। ਉੱਤਰਾਖੰਡ ਕੋਈ ਪਹਿਲਾ ਮਾਮਲਾ ਨਹੀਂ ਹੈ। ਹਿਮਾਲਿਆਈ ਖੇਤਰ ਵਿੱਚ ਲਗਾਤਾਰ ਆ ਰਹੀਆਂ ਆਫ਼ਤਾਂ ਵੀ ਪਹਾੜੀ ਸੂਬਿਆਂ ਵਿੱਚ ਖ਼ਤਰਿਆਂ ਨਾਲ ਨਜਿੱਠਣ ਲਈ ਕੋਈ ਫ਼ੌਰੀ ਤਿਆਰੀ ਜਾਂ ਜਾਗਰੂਕਤਾ ਪੈਦਾ ਨਹੀਂ ਕਰ ਸਕੀਆਂ। ਕੀਤੇ ਜਾਣ ਵਾਲੇ ਕੰਮਾਂ ਦੀ ਸੂਚੀ ਇੰਨੀ ਲੰਬੀ ਹੈ ਅਤੇ ਉਮੀਦ ਤੇ ਅਸਲ ਹਕੀਕਤ ਵਿੱਚ ਫ਼ਰਕ ਇੰਨਾ ਵੱਡਾ ਹੈ ਕਿ ਸਭ ਤੋਂ ਸੁਖਾਲਾ ਰਾਹ ਇਹੀ ਸਮਝਿਆ ਜਾਂਦਾ ਹੈ ਕਿ ਕੁਝ ਨਾ ਕੀਤਾ ਜਾਵੇ। ਚੰਗਾ ਡਰੇਨੇਜ ਸਿਸਟਮ (ਜਲ ਨਿਕਾਸੀ ਪ੍ਰਣਾਲੀ) ਬਣਾਉਣਾ, ਕੂੜੇ-ਕਰਕਟ ਦਾ ਸਹੀ ਪ੍ਰਬੰਧ ਕਰਨਾ, ਮਜ਼ਬੂਤ ਕੰਧਾਂ ਉਸਾਰਨਾ ਅਤੇ ਮਿੱਟੀ ਦੇ ਖੋਰ ਨੂੰ ਰੋਕਣ ਦੇ ਤਰੀਕੇ ਅਪਣਾਉਣਾ ਕੋਈ ਬਹੁਤ ਵੱਡੇ ਪਹਾੜ ਤੋੜਨ ਜਿੱਡੇ ਕੰਮ ਨਹੀਂ ਹਨ। ਮੁੱਖ ਲੋੜ ਸਿਆਸੀ ਇੱਛਾ-ਸ਼ਕਤੀ ਦੀ ਹੈ ਅਤੇ ਜਿੱਥੇ ਇਸ ਦੀ ਘਾਟ ਹੋਵੇ, ਉੱਥੇ ਲੋਕਾਂ ਦੇ ਦਬਾਅ ਦੀ ਲੋੜ ਹੁੰਦੀ ਹੈ। ਬਦਕਿਸਮਤੀ ਨਾਲ, ਇਹ ਦੋਵੇਂ ਚੀਜ਼ਾਂ ਹੀ ਬਹੁਤ ਘੱਟ ਦੇਖਣ ਨੂੰ ਮਿਲਦੀਆਂ ਹਨ। ਸਵੈ-ਅਨੁਸ਼ਾਸਨ ਦੀ ਗੁੰਜਾਇਸ਼ ਲਗਪਗ ਖ਼ਤਮ ਹੋ ਚੁੱਕੀ ਹੈ, ਕਾਨੂੰਨੀ ਪਾਲਣਾ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਵਿੱਚ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕਰਨ ਵਾਲੇ ਸਭ ਤੋਂ ਵੱਧ ਸਮਾਜ ਪ੍ਰਤੀ ਸੁਚੇਤ ਲੋਕ ਵੀ ਖ਼ੁਦ ਨੂੰ ਬੇਵੱਸ ਮਹਿਸੂਸ ਕਰਨ ਲੱਗਦੇ ਹਨ। ਜਿਸ ਦੇਸ਼ ਵਿੱਚ ਅਧਿਆਤਮਿਕਤਾ ਦੀਆਂ ਵੱਡੀਆਂ-ਵੱਡੀਆਂ ਗੱਲਾਂ ਹੁੰਦੀਆਂ ਹਨ, ਉੱਥੇ ਆਪਣੇ ਅੰਦਰ ਝਾਤੀ ਮਾਰਨਾ (ਆਤਮ-ਚਿੰਤਨ ਕਰਨਾ) ਵੀ ਅਣਗੌਲਿਆ ਜਿਹਾ ਹੋ ਗਿਆ ਹੈ। ਇਸ ਵਿੱਚ ਕੋਈ ਹੈਰਾਨੀ ਨਹੀਂ ਹੈ ਕਿ ਉਸਾਰੀ ਨੂੰ ਘੱਟ ਤੋਂ ਘੱਟ ਰੱਖਣ, ਹਲਕੀ ਅਤੇ ਭੂਚਾਲ-ਰੋਧਕ ਸਮੱਗਰੀ ਦੀ ਵਰਤੋਂ ਕਰਨ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ ਵਰਗੀਆਂ ਬੁਨਿਆਦੀ ਲੋੜਾਂ ਨੂੰ ਜਾਣਬੁੱਝ ਕੇ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਕਾਨੂੰਨ ਅਤੇ ਨੀਤੀਆਂ ਬਣਾਉਣਾ ਸਾਡੀ ਕਮਜ਼ੋਰੀ ਨਹੀਂ ਹੈ, ਅਸਲ ਕਮਜ਼ੋਰੀ ਉਨ੍ਹਾਂ ਨੂੰ ਅਮਲ ਵਿੱਚ ਲਿਆਉਣਾ ਹੈ। ਜੇ ਕਾਨੂੰਨ ਆਪਣਾ ਕੰਮ ਨਹੀਂ ਕਰੇਗਾ ਤਾਂ ਕੁਦਰਤ ਯਕੀਨੀ ਤੌਰ ’ਤੇ ਆਪਣਾ ਕੰਮ ਕਰੇਗੀ। ਇਸ ਲਈ ਅਸੀਂ ਖ਼ੁਦ ਤੋਂ ਇਲਾਵਾ ਕਿਸੇ ਹੋਰ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ।

ਪਿੰਡ ਹਮੀਰਗੜ੍ਹ ਵਿਖੇ ‘ਆਪ’ ਨੂੰ ਮਿਲਿਆ ਬਲ, ਵੱਖ-ਵੱਖ ਪਾਰਟੀਆਂ ਛੱਡ ਕੇ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ

ਮੂਨਕ, 25 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਹਮੀਰਗੜ੍ਹ ਵਿਖੇ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਬਲ ਮਿਲਿਆ ਜਦੋਂ ਵੱਖ-ਵੱਖ ਰਾਜਨੀਤਕ ਪਾਰਟੀਆਂ ਨਾਲ ਸਬੰਧਤ ਵਿਅਕਤੀਆਂ ਨੇ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕੀਤਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪੰਜਾਬ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਨਹਿਰੀ ਪਾਣੀ ਨੂੰ ਪਹਿਲ ਅਤੇ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਨਾਲ ਧਰਤੀ ਹੇਠਲੇ ਪਾਣੀ ਦੀ ਬੱਚਤ ਕਰਨ ਵਿੱਚ ਮੱਦਦ ਮਿਲੇਗੀ।

ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਖੇਤਾਂ ਤੱਕ ਪਹੁੰਚਣ ਨਾਲ ਕਿਸਾਨਾਂ ਨੂੰ ਵੀ ਲਾਭ ਮਿਲ ਰਿਹਾ ਹੈ ਅਤੇ ਲੋਕ ਇਸ ਪਹਿਲਕਦਮੀ ਤੋਂ ਖੁਸ਼ ਹਨ। ਇਸ ਮੌਕੇ ਪੀ ਏ ਰਾਕੇਸ਼ ਕੁਮਾਰ ਗੁਪਤਾ,ਸਨਮੀਕ ਸਿੰਘ ਹੈਨਰੀ, ਪਰਮਪਾਲ ਸਿੰਘ ਉਰਫ ਸੋਨੀ ਜ਼ੈਲਦਾਰ ਸਾਬਕਾ ਚੈਅਰਮੈਨ ਬਲਾਕ ਸੰਮਤੀ ਮੂਨਕ, ਸਰਪੰਚ, ਪੰਚ,ਮੋਹਤਬਰ ਆਗੂਆਂ ਤੋਂ ਇਲਾਵਾ ਪਿੰਡ ਵਾਸੀ ਵੀ ਹਾਜ਼ਰ ਸਨ।

ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮੂਨਕ ਵੱਲੋਂ ਅਧਿਆਪਕਾਂ ਦੀਆਂ ਗੈਰ ਵਾਜਬ ਫਲੱਡ ਡਿਊਟੀਆਂ ਦਾ ਵਿਰੋਧ

ਮੂਨਕ, 25 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮੂਨਕ ਦਾ ਇੱਕ ਵਫਦ ਅਧਿਆਪਕਾਂ ਦੀਆਂ ਗੈਰ ਵਾਜਬ ਫਲੱਡ ਡਿਊਟੀਆਂ ਦੇ ਵਿਰੋਧ ਵਿੱਚ ਤਹਿਸੀਲਦਾਰ ਮੂਨਕ ਨੂੰ ਮਿਲਿਆ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ ਨੇ ਦੱਸਿਆ ਕਿ ਪ੍ਰਸ਼ਾਸਨ ਦੀ ਕਿੰਨੀ ਲਾਪਰਵਾਹੀ ਅਤੇ ਬੇਸਮਝੀ ਹੈ ਕਿ ਵਾਤਾਵਰਨ ਵਿੱਚ ਸੋਕਾ ਪਿਆ ਹੋਇਆ ਹੈ ਪਰ ਕੌਮ ਦੇ ਨਿਰਮਾਤਾ ਦਾ ਵਡੇਰਾ ਕਰਤੱਵ ਅੱਖੋਂ ਪਰੋਖੇ ਕਰਕੇ ਉਸ ਨੂੰ ਅਜਿਹੀਆਂ ਗੈਰ ਵਿਦਿਅਕ ਫਲੱਡ ਡਿਊਟੀਆਂ ਵਿੱਚ ਉਲਝਾਇਆ ਹੋਇਆ ਹੈ। ਹੋਰ ਵੀ ਹਾਸੋਹੀਣੀ ਗੱਲ ਹੈ ਕਿ ਜਿਸ ਮੋਬਾਇਲ ਸੁਣਨ ਤੇ ਅਧਿਆਪਕਾਂ ਦੀ ਡਿਊਟੀ ਹੈ, ਉਸ ਮੋਬਾਇਲ ਉੱਤੇ ਅੱਜ ਤੱਕ ਨਾ ਕਦੇ ਫੋਨ ਆਇਆ ਹੈ ਅਤੇ ਨਾ ਹੀ ਗਿਆ ਹੈ। ਜਿਆਦਾਤਰ ਹਾਲਤਾਂ ਵਿੱਚ ਇਹ ਫੋਨ ਖ਼ਰਾਬ ਹੀ ਰਹਿੰਦਾ ਹੈ। ਬਲਾਕ ਪ੍ਰਧਾਨ ਸਤਬੀਰ ਭੁਪਾਲ ਨੇ ਕਿਹਾ ਕਿ ਇਹ ਡਿਊਟੀਆਂ ਗੈਰ ਸ਼ੰਵਿਧਾਨਿਕ ਹਨ ਕਿਉਂਕਿ ਸਿੱਖਿਆ ਅਧਿਕਾਰ ਐਕਟ ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਲੈਣ ਦੀ ਮਨਾਹੀ ਕਰਦਾ ਹੈ। ਬਲਾਕ ਸਕੱਤਰ ਵਿਨੋਦ ਕੁਮਾਰ ਨੇ ਕਿਹਾ ਕਿ ਡਿਊਟੀਆਂ ਹਰ ਸਾਲ ਹੀ ਲਗਾਈਆਂ ਜਾਂਦੀਆਂ ਹਨ। ਇਸ ਦਾ ਪੱਕਾ ਤੇ ਸੌਖਾ ਹੱਲ ਇਹ ਹੈ ਕਿ ਇਸ ਸੀਜਨ ਵਾਸਤੇ ਦੋ ਆਰਜੀ ਕਰਮਚਾਰੀ ਨਿਯੁਕਤ ਕੀਤੇ ਜਾਣ ਤਾਂ ਕਿ ਅਧਿਆਪਕਾ ਨੂੰ ਅਜਿਹੀ ਬੇ ਮਤਲਬੀ ਖੱਜਲ ਖੁਆਰੀ ਤੋਂ ਬਚਾਇਆ ਜਾ ਸਕੇ ਅਤੇ ਉਹਨਾਂ ਨੂੰ ਵਡਮੁੱਲੇ ਕਾਰਜ ਵਿਦਿਆਰਥੀਆਂ ਨੂੰ ਪੜ੍ਹਾਉਣ ਤੱਕ ਹੀ ਸੀਮਤ ਰੱਖਿਆ ਜਾਵੇ। ਤਹਿਸੀਲਦਾਰ ਨੇ ਸਾਰੀ ਗੱਲ ਨੂੰ ਧਿਆਨ ਨਾਲ ਸੁਣਿਆ ਅਤੇ ਛੇਤੀ ਡਿਊਟੀਆਂ ਕੱਟਣ ਦਾ ਭਰੋਸਾ ਦਿੱਤਾ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇ ਡਿਊਟੀਆਂ ਨਾ ਕੱਟੀਆਂ ਗਈਆਂ ਤਾਂ ਜਥੇਬੰਦੀ ਵੱਲੋਂ ਕੋਈ ਜਥੇਬੰਦਕ ਐਕਸ਼ਨ ਉਲੀਕਿਆ ਜਾਵੇਗਾ। ਇਸ ਮੌਕੇ ਬਲਾਕ ਪ੍ਰਧਾਨ ਸਤਵੀਰ ਭੋਪਾਲ ਬਲਾਕ ਜਨਰਲ ਸਕੱਤਰ ਵਿਨੋਦ ਕੁਮਾਰ,ਬਹਾਦਰ ਅਨਦਾਣਾ, ਬਲਵਿੰਦਰ ਬੰਗਾ, ਰਾਮਨਿਵਾਸ ਖੋਖਰ, ਕ੍ਰਿਸ਼ਨ ਅਨਦਾਨਾ,ਸਤਬੀਰ ਗੁਲਾੜੀ, ਮਲਕੀਤ ਸਲੇਮਗੜ੍ਹ ,ਰਾਜਿੰਦਰ ਮਾਨਿਆਣਾ,ਰਾਜੇਸ਼ ਮਾਨਿਆਣਾ, ਵਿਕਾਸ ਮਾਨਿਆਣਾ, ਸੰਜੇ ਰਾਮਗੜ੍ਹ ਗੁੱਜਰਾਂ,,ਸਿਮਰਜੀਤ ਸਿੰਘ ਰਾਮਗੜ੍ਹ ਗੁੱਜਰਾਂ,ਮੋਨੂੰ ਭਾਰਤੀ,ਮਹਾਵੀਰ ਅਨਦਾਨਾ, ਮਹੀਪਾਲ ਗੁਲਾੜੀ, ਰਮਨਦੇਵ ਬੰਗਾ ਅਤੇ ਹੋਰ ਸਾਥੀ ਮੌਜੂਦ ਸਨ।

ਸੈਣੀ ਇਲੈਕਟ੍ਰੀਕਲ ਦਾ ਸ਼ੁਭ ਮੁਹੂਰਤ, ਨੌਜਵਾਨ ਨੇ ਸਰਕਾਰੀ ਨੌਕਰੀ ਦੀ ਬਜਾਏ ਕਾਰੋਬਾਰ ਨੂੰ ਦਿੱਤੀ ਤਰਜੀਹ



ਮੁਕੇਰੀਆਂ, 25 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਮੁਕੇਰੀਆਂ ਸ੍ਰੀ ਗੁਰੂ ਨਾਨਕ ਗਰਲਜ਼ ਸਕੂਲ ਦੇ ਬਿਲਕੁਲ ਸਾਹਮਣੇ ਅਤੇ ਡਾਕਟਰ ਸਤਬੀਰ ਹਸਪਤਾਲ ਦੇ ਨਜ਼ਦੀਕ ਅੱਜ ਸੈਣੀ ਇਲੈਕਟ੍ਰੀਕਲ ਦੁਕਾਨ ਦਾ ਸ਼ੁਭ ਉਦਘਾਟਨ ਕੀਤਾ ਗਿਆ। ਇਸ ਮੌਕੇ ਦੁਕਾਨ ਦੇ ਸ਼ੁਭ ਆਰੰਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਅਤੇ ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਕਾਰੋਬਾਰ ਦੀ ਸਫਲਤਾ ਲਈ ਅਸ਼ੀਰਵਾਦ ਮੰਗਿਆ ਗਿਆ।

ਦੁਕਾਨ ਦੇ ਮਾਲਕ ਅਰਸ਼ਪ੍ਰੀਤ ਸੈਣੀ ਦੇ ਪਿਤਾ ਹਰਮਿੰਦਰ ਸਿੰਘ ਨੇ ਦੱਸਿਆ ਕਿ ਅਰਸ਼ਪ੍ਰੀਤ ਸਿੰਘ ਨੇ ਸਿੱਖਿਆ ਪ੍ਰਾਪਤ ਕਰਨ ਉਪਰੰਤ ਸਰਕਾਰੀ ਨੌਕਰੀ ਨੂੰ ਤਰਜੀਹ ਦੇਣ ਦੀ ਬਜਾਏ ਆਪਣਾ ਕਾਰੋਬਾਰ ਸ਼ੁਰੂ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ ਆਪਣੇ ਹੁਨਰ ਅਨੁਸਾਰ ਰੁਜ਼ਗਾਰ ਜਾਂ ਕਾਰੋਬਾਰ ਸ਼ੁਰੂ ਕਰਨ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਆਪਣੇ ਕੰਮ ਦੀ ਆਜ਼ਾਦੀ ਅਤੇ ਮਿਹਨਤ ਨਾਲ ਅੱਗੇ ਵਧਣ ਦਾ ਮੌਕਾ ਨੌਜਵਾਨਾਂ ਲਈ ਪ੍ਰੇਰਨਾਦਾਇਕ ਹੈ।

ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਸੰਗਤ ਲਈ ਚਾਹ-ਪਾਣੀ ਅਤੇ ਗੁਰੂ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਸ਼ਹਿਰ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਪਹੁੰਚ ਕੇ ਅਰਸ਼ਪ੍ਰੀਤ ਸਿੰਘ ਸੈਣੀ ਨੂੰ ਨਵੇਂ ਕਾਰੋਬਾਰ ਦੀ ਵਧਾਈ ਦਿੱਤੀ ਅਤੇ ਦੁਕਾਨ ਦੀ ਚੜ੍ਹਦੀ ਕਲਾ ਤੇ ਤਰੱਕੀ ਲਈ ਅਰਦਾਸ ਕੀਤੀ। ਇਸ ਮੌਕੇ ਤੇ ਵਿਸੇਸ਼ ਤੌਰ ਤੇ ਜੇਈ ਯਾਦਵਿੰਦਰ ਸਿੰਘ , ਅਸ਼ੋਕ ਭਾਟੀਆ , ਬਲਵਿੰਦਰ ਸਿੰਘ ਟਾਕ , ਸੁਖਵਿੰਦਰ ਸਿੰਘ, ਸਾਬਕਾ ਸਰਪੰਚ ਅਸ਼ਵਨੀ ਕੁਮਾਰ, ਲੇਖਰਾਜ ਤੱਖੀ (ਭਾਰਤੀਯ ਮਾਨਵਾਅਧਿਕਾਰ ਮਹਾਸੰਘ ਮੁਕੇਰੀਆਂ ਇੰਚਾਰਜ) , ਸਾਬਕਾ ਸਰਪੰਚ ਭਗਤਾਣਾ ਆਦਿ ਤੋਂ ਇਲਾਵਾ ਪਤਵੰਤੇ ਸੱਜਣ ਅਤੇ ਰਿਸ਼ਤੇਦਾਰ ਹਾਜ਼ਰ ਸਨ ।

ਮਕੋੜੀ ਵਿਖੇ ਲੋਕਾਂ ਨਾਲ ਰੂ-ਬ-ਰੂ ਹੋਏ ਵਿਧਾਇਕ ਦਿਨੇਸ਼ ਚੱਢਾ, ਵਿਕਾਸ ਕਾਰਜਾਂ ਲਈ 8 ਲੱਖ ਦਾ ਚੈੱਕ ਸੌਂਪਿਆ

ਰੂਪਨਗਰ, 25 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਵੱਲੋਂ ਪਿੰਡ ਮਕੋੜੀ ਵਿਖੇ ਲੋਕ ਮਿਲਣੀ ਕਰਕੇ ਪਿੰਡ ਵਾਸੀਆਂ ਨਾਲ ਸਿੱਧਾ ਸੰਵਾਦ ਕੀਤਾ ਗਿਆ। ਇਸ ਦੌਰਾਨ ਵਿਧਾਇਕ ਨੇ ਲੋਕਾਂ ਦੀਆਂ ਮੁਸ਼ਕਲਾਂ ਅਤੇ ਪਿੰਡ ਨਾਲ ਸਬੰਧਤ ਜ਼ਰੂਰੀ ਮੰਗਾਂ ਬਾਰੇ ਜਾਣਕਾਰੀ ਲਈ ਅਤੇ ਉਨ੍ਹਾਂ ਵੱਲੋਂ ਰੱਖੇ ਗਏ ਮਸਲਿਆਂ ਨੂੰ ਧਿਆਨ ਨਾਲ ਸੁਣਿਆ।

ਲੋਕ ਮਿਲਣੀ ਦੌਰਾਨ ਪਿੰਡ ਵਾਸੀਆਂ ਨੇ ਆਪਣੇ ਇਲਾਕੇ ਦੀਆਂ ਲੋੜਾਂ ਅਤੇ ਵੱਖ-ਵੱਖ ਵਿਕਾਸ ਕਾਰਜਾਂ ਸਬੰਧੀ ਸੁਝਾਅ ਵਿਧਾਇਕ ਦੇ ਸਾਹਮਣੇ ਰੱਖੇ। ਵਿਧਾਇਕ ਦਿਨੇਸ਼ ਚੱਢਾ ਨੇ ਕਿਹਾ ਕਿ ਪਿੰਡਾਂ ਦੀਆਂ ਅਸਲ ਲੋੜਾਂ ਦਾ ਪਤਾ ਲੋਕਾਂ ਨਾਲ ਸਿੱਧੀ ਗੱਲਬਾਤ ਰਾਹੀਂ ਹੀ ਲੱਗਦਾ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਲੋਕਾਂ ਵੱਲੋਂ ਉਠਾਏ ਗਏ ਮਸਲਿਆਂ ਨੂੰ ਪਹਿਲ ਦੇ ਆਧਾਰ ’ਤੇ ਵਿਚਾਰਨ ਅਤੇ ਜਿੱਥੇ ਲੋੜ ਹੋਵੇ ਉੱਥੇ ਕਾਰਵਾਈ ਅਮਲ ਵਿੱਚ ਲਿਆਉਣ ਲਈ ਕਿਹਾ।

ਇਸ ਮੌਕੇ ਪਿੰਡ ਮਕੋੜੀ ਦੇ ਵਿਕਾਸ ਕਾਰਜਾਂ ਲਈ ਗ੍ਰਾਮ ਪੰਚਾਇਤ ਨੂੰ 8 ਲੱਖ ਰੁਪਏ ਦਾ ਚੈੱਕ ਸੌਂਪਿਆ ਗਿਆ। ਵਿਧਾਇਕ ਨੇ ਕਿਹਾ ਕਿ ਇਹ ਰਾਸ਼ੀ ਪਿੰਡ ਦੀਆਂ ਤਰਜੀਹੀ ਲੋੜਾਂ ਅਨੁਸਾਰ ਵਿਕਾਸ ਕਾਰਜਾਂ ’ਤੇ ਖਰਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਸਰਕਾਰ ਵੱਲੋਂ ਲਗਾਤਾਰ ਵਿਕਾਸ ਕਾਰਜਾਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕ ਮਿਲਣੀਆਂ ਦਾ ਮਕਸਦ ਸਿਰਫ਼ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਾ ਹੀ ਨਹੀਂ, ਸਗੋਂ ਉਨ੍ਹਾਂ ਦੇ ਸੁਝਾਵਾਂ ਨੂੰ ਵਿਕਾਸ ਦੀ ਯੋਜਨਾਬੰਦੀ ਨਾਲ ਜੋੜਨਾ ਵੀ ਹੈ। ਲੋਕਾਂ ਨਾਲ ਨਿਰੰਤਰ ਸੰਪਰਕ ਰਾਹੀਂ ਪਿੰਡਾਂ ਦੀਆਂ ਤਰਜੀਹਾਂ ਨੂੰ ਸਮਝ ਕੇ ਕੰਮ ਕੀਤਾ ਜਾ ਰਿਹਾ ਹੈ।

ਇਸ ਮੌਕੇ ਪਿੰਡ ਦੀ ਪੰਚਾਇਤ ਮੈਂਬਰਾਂ, ਆਮ ਆਦਮੀ ਪਾਰਟੀ ਦੇ ਆਗੂਆਂ, ਪਤਵੰਤੇ ਵਿਅਕਤੀਆਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

ਗਣਪਤੀ ਮਹਾਉਤਸਵ ’ਚ ਨੀਸ਼ਾ ਚੱਢਾ ਨੇ ਭਰੀ ਹਾਜ਼ਰੀ, ਆਰਤੀ ’ਚ ਲਿਆ ਭਾਗ

ਰੂਪਨਗਰ, 25 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਨੋ ਗਜਾਪੀਰ ਸ਼ਿਵ ਮੰਦਿਰ ਰੂਪਨਗਰ ਵਿਖੇ ਛੇਵਾਂ ਗਣਪਤੀ ਮਹਾਉਤਸਵ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕ ਦਿਨੇਸ਼ ਚੱਢਾ ਦੀ ਧਰਮ ਪਤਨੀ ਮੈਡਮ ਨੀਸ਼ਾ ਚੱਢਾ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕਰਦਿਆਂ ਭਗਵਾਨ ਗਣੇਸ਼ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰ ਕੇ ਧਾਰਮਿਕ ਸਮਾਗਮ ਦਾ ਆਨੰਦ ਮਾਣਿਆ।

ਮੈਡਮ ਨੀਸ਼ਾ ਚੱਢਾ ਨੇ ਗਣਪਤੀ ਜੀ ਦੀ ਆਰਤੀ ਵਿੱਚ ਭਾਗ ਲਿਆ ਅਤੇ ਭਗਤੀਮਈ ਮਾਹੌਲ ਵਿੱਚ ਸ਼ਰਧਾ ਪ੍ਰਗਟ ਕੀਤੀ। ਇਸ ਉਪਰੰਤ ਭਜਨ-ਕੀਰਤਨ ਦੌਰਾਨ ਉਨ੍ਹਾਂ ਨੇ ਸ਼ਰਧਾਲੂਆਂ ਨਾਲ ਖੁਸ਼ੀ ਸਾਂਝੀ ਕਰਦਿਆਂ ਭਜਨਾਂ ’ਤੇ ਨੱਚ ਕੇ ਵੀ ਹਾਜ਼ਰੀ ਲਗਵਾਈ। ਇਸ ਦੌਰਾਨ ਮੰਦਰ ਦਾ ਸਮੁੱਚਾ ਵਾਤਾਵਰਨ ਗਣਪਤੀ ਬੱਪਾ ਮੋਰਿਆ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।

ਇਸ ਮੌਕੇ ਨੀਸ਼ਾ ਚੱਢਾ ਨੇ ਕਿਹਾ ਕਿ ਭਗਵਾਨ ਗਣੇਸ਼ ਜੀ ਨੂੰ ਸਮਰਪਿਤ ਗਣਪਤੀ ਮਹਾਉਤਸਵ ਸਾਡੀ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਦਾ ਅਹਿਮ ਹਿੱਸਾ ਹੈ। ਅਜਿਹੇ ਸਮਾਗਮ ਸਾਨੂੰ ਆਪਣੀਆਂ ਧਾਰਮਿਕ ਪਰੰਪਰਾਵਾਂ ਨਾਲ ਜੋੜਨ ਦੇ ਨਾਲ-ਨਾਲ ਆਪਸੀ ਭਾਈਚਾਰਕ ਸਾਂਝ, ਪਿਆਰ ਅਤੇ ਸਦਭਾਵਨਾ ਦਾ ਸੰਦੇਸ਼ ਵੀ ਦਿੰਦੇ ਹਨ।

ਉਨ੍ਹਾਂ ਕਿਹਾ ਕਿ ਭਗਵਾਨ ਗਣੇਸ਼ ਜੀ ਸਾਰਿਆਂ ਦੇ ਜੀਵਨ ਵਿੱਚ ਸੁੱਖ, ਸ਼ਾਂਤੀ ਅਤੇ ਖੁਸ਼ਹਾਲੀ ਲੈ ਕੇ ਆਉਣ ਅਤੇ ਹਰ ਪਰਿਵਾਰ ’ਤੇ ਆਪਣੀ ਕਿਰਪਾ ਬਣਾਈ ਰੱਖਣ।

ਉਨ੍ਹਾਂ ਮਹਾਉਤਸਵ ਦੇ ਪ੍ਰਬੰਧਕਾਂ ਨੂੰ ਸ਼ਾਨਦਾਰ ਪ੍ਰਬੰਧਾਂ ਲਈ ਵਧਾਈ ਦਿੰਦਿਆਂ ਕਿਹਾ ਕਿ ਧਾਰਮਿਕ ਸਮਾਗਮਾਂ ਨੂੰ ਸਫ਼ਲ ਬਣਾਉਣ ਲਈ ਸੰਗਤ ਅਤੇ ਪ੍ਰਬੰਧਕਾਂ ਵੱਲੋਂ ਕੀਤੀ ਜਾਂਦੀ ਸਾਂਝੀ ਸੇਵਾ ਸ਼ਲਾਘਾਯੋਗ ਹੈ।

ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਨੀਸ਼ਾ ਚੱਢਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰਬੰਧਕਾਂ ਨੇ ਵਿਧਾਇਕ ਦਿਨੇਸ਼ ਚੱਢਾ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਇਲਾਕੇ ਦੇ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿੱਚ ਮਿਲ ਰਿਹਾ ਸਹਿਯੋਗ ਸੰਗਤ ਲਈ ਹੌਸਲੇ ਦਾ ਕਾਰਨ ਬਣਦਾ ਹੈ। ਸਮਾਗਮ ਵਿੱਚ ਮੰਦਰ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।

ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀ ਵਿੱਤ ਕਮੇਟੀ ਦੇ ਮੈਂਬਰ ਨਿਯੁਕਤ ਹੋਣ ’ਤੇ ਚੇਅਰਮੈਨ ਸ. ਰਵਿੰਦਰ ਸਿੰਘ ਚੱਕ ਦਾ ਦਸਮੇਸ਼ ਗਰਲਜ਼ ਕਾਲਜ ਵੱਲੋਂ ਸਨਮਾਨ

ਮੁਕੇਰੀਆਂ, 25 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੀ ਸਰਪ੍ਰਸਤੀ ਹੇਠ ਚੱਲ ਰਹੇ ਦਸਮੇਸ਼ ਗਰਲਜ਼ ਕਾਲਜ, ਚੱਕ ਅੱਲ੍ਹਾ ਬਖ਼ਸ਼, ਮੁਕੇਰੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਕਾਲਜ ਟਰੱਸਟ ਦੇ ਚੇਅਰਮੈਨ ਸ. ਰਵਿੰਦਰ ਸਿੰਘ ਚੱਕ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਦੀ ਵਿੱਤ ਕਮੇਟੀ ਦੇ ਮੈਂਬਰ ਵਜੋਂ ਨਿਯੁਕਤ ਕੀਤਾ ਗਿਆ ਹੈ। ਯੂਨੀਵਰਸਿਟੀ ਵੱਲੋਂ ਜਾਰੀ ਪੱਤਰ ਅਨੁਸਾਰ ਉਨ੍ਹਾਂ ਦੀ ਇਹ ਨਿਯੁਕਤੀ 1 ਅਪ੍ਰੈਲ 2026 ਤੋਂ 31 ਮਾਰਚ 2028 ਤੱਕ ਕੀਤੀ ਗਈ ਹੈ।ਇਸ ਮਾਣਮੱਤੀ ਉਪਲੱਬਧੀ ’ਤੇ ਦਸਮੇਸ਼ ਗਰਲਜ਼ ਕਾਲਜ ਵੱਲੋਂ ਸ. ਰਵਿੰਦਰ ਸਿੰਘ ਚੱਕ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਕਾਲਜ ਪ੍ਰਬੰਧਨ ਵੱਲੋਂ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕੀਤਾ ਤੇ ਵਧਾਈ ਦਿੱਤੀ । ਇਸ ਮੌਕੇ ਸ. ਯੁੱਗਪਾਲ ਸਿੰਘ ਹੈਪੀ ਨੇ ਵੀ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕਰਦਿਆਂ ਸ. ਰਵਿੰਦਰ ਸਿੰਘ ਚੱਕ ਨੂੰ ਇਸ ਨਵੀਂ ਜ਼ਿੰਮੇਵਾਰੀ ਲਈ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸ. ਰਵਿੰਦਰ ਸਿੰਘ ਚੱਕ ਲੰਮੇ ਸਮੇਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿਖੇ ਮੈਂਬਰ ਵਜੋਂ ਸੇਵਾ ਨਿਭਾ ਰਹੇ ਹਨ।ਇਸ ਦੌਰਾਨ ਉਨ੍ਹਾਂ ਵੱਲੋਂ ਵੱਖ-ਵੱਖ ਸਮਾਜਿਕ ਅਤੇ ਧਾਰਮਿਕ ਕਾਰਜਾਂ ਵਿੱਚ ਯੋਗਦਾਨ ਪਾਇਆ ਗਿਆ। ਉਨ੍ਹਾਂ ਕਿਹਾ ਕਿ ਸ. ਰਵਿੰਦਰ ਸਿੰਘ ਚੱਕ ਨੂੰ ਯੂਨੀਵਰਸਿਟੀ ਦੀ ਵਿੱਤ ਕਮੇਟੀ ਵਿੱਚ ਮੈਂਬਰ ਵਜੋਂ ਮਿਲੀ ਜ਼ਿੰਮੇਵਾਰੀ ਸੰਸਥਾ ਅਤੇ ਇਲਾਕੇ ਲਈ ਮਾਣ ਵਾਲੀ ਗੱਲ ਹੈ। ਕਾਲਜ ਦੀ ਕਾਰਜਕਾਰੀ ਪ੍ਰਿੰਸੀਪਲ ਡਾ. ਮੀਤੂ ਮਹਾਜਨ ਨੇ ਕਿਹਾ ਕਿ ਸ. ਰਵਿੰਦਰ ਸਿੰਘ ਚੱਕ ਦੀ ਇਹ ਨਿਯੁਕਤੀ ਸਮੁੱਚੀ ਸੰਸਥਾ ਲਈ ਮਾਣ ਅਤੇ ਖੁਸ਼ੀ ਦਾ ਮੌਕਾ ਹੈ।

ਇਸ ਮੌਕੇ ਜਥੇਦਾਰ ਭਾਈ ਕੁਲਦੀਪ ਸਿੰਘ ਮੈਮੋਰੀਅਲ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੇ ਪਿ੍ਰੰਸੀਪਲ ਸ਼੍ਰੀਮਤੀ ਮਨਪ੍ਰੀਤ ਕੌਰ ਸਮੇਤ ਸਮੂਹ ਕਾਲਜ ਸਟਾਫ ਹਾਜ਼ਰ ਸੀ। ਆਪਣੀ ਨਿਯੁਕਤੀ ’ਤੇ ਧੰਨਵਾਦ ਪ੍ਰਗਟ ਕਰਦਿਆਂ ਚੇਅਰਮੈਨ ਸ. ਰਵਿੰਦਰ ਸਿੰਘ ‘ਚੱਕ’ ਨੇ ਕਿਹਾ ਕਿ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਉਨ੍ਹਾਂ ’ਤੇ ਜੋ ਵਿਸ਼ਵਾਸ ਪ੍ਰਗਟਾਇਆ ਗਿਆ ਹੈ, ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਮਿਹਨਤ, ਇਮਾਨਦਾਰੀ ਅਤੇ ਪੂਰੀ ਭਾਵਨਾ ਨਾਲ ਨਿਭਾਉਣਗੇ।

ਗੁਰਦੁਆਰਾ ਰਿਹਾਇਸ਼ ਮਾਮਲੇ ’ਤੇ ਗਿਆਸਪੁਰਾ ਨੇ SGPC ਤੋਂ ਮੰਗਿਆ ਜਵਾਬ, ਪ੍ਰਬੰਧਕੀ ਜ਼ਿੰਮੇਵਾਰੀ ’ਤੇ ਚੁੱਕੇ ਸਵਾਲ

ਅੰਮ੍ਰਿਤਸਰ, 25 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਪਾਇਲ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਗੁਰਦੁਆਰਾ ਸਾਹਿਬ ਦੀ ਰਿਹਾਇਸ਼ ਨਾਲ ਜੁੜੇ ਇੱਕ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੀ ਭੂਮਿਕਾ ’ਤੇ ਸਵਾਲ ਚੁੱਕੇ ਹਨ। ਸੋਸ਼ਲ ਮੀਡੀਆ ’ਤੇ ਕੀਤੀ ਆਪਣੀ ਪੋਸਟ ਵਿੱਚ ਗਿਆਸਪੁਰਾ ਨੇ ਕਿਹਾ ਕਿ ਪਹਿਲਾਂ ਇੱਕ ਮਹਿਲਾ ਨੂੰ ਗੁਰਦੁਆਰਾ ਪਰਿਸਰ ਵਿੱਚ ਰਿਹਾਇਸ਼ ਦੇਣ ਸਬੰਧੀ ਸਤਿਕਾਰ ਅਤੇ ਵਿਵਾਦ ਤੋਂ ਬਚਣ ਦੀ ਗੱਲ ਕੀਤੀ ਗਈ ਸੀ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਅਜਿਹੇ ਮਾਮਲਿਆਂ ਵਿੱਚ ਇਹ ਸਿਧਾਂਤ ਲਾਗੂ ਹੁੰਦਾ ਹੈ ਤਾਂ ਫਿਰ VIP ਵਿਅਕਤੀਆਂ ਅਤੇ ਉਨ੍ਹਾਂ ਦੇ ਸਾਥੀਆਂ ਲਈ ਗੁਰਦੁਆਰਾ ਪਰਿਸਰ ਵਿੱਚ ਰਿਹਾਇਸ਼ ਦੇ ਪ੍ਰਬੰਧ ਕਿਵੇਂ ਕੀਤੇ ਜਾ ਰਹੇ ਹਨ।

ਗਿਆਸਪੁਰਾ ਨੇ ਗੁਰਦੁਆਰਾ ਜਾਇਦਾਦਾਂ ਦੇ ਪ੍ਰਬੰਧ ਅਤੇ ਰਿਹਾਇਸ਼ੀ ਪ੍ਰਬੰਧਾਂ ਦੀ ਦੇਖ-ਰੇਖ ਕਰਨ ਵਾਲੇ ਅਧਿਕਾਰੀਆਂ ਦੀ ਜਵਾਬਦੇਹੀ ਦਾ ਮੁੱਦਾ ਵੀ ਉਠਾਇਆ। ਉਨ੍ਹਾਂ SGPC ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਪ੍ਰਬੰਧਕੀ ਭੂਮਿਕਾ ਦਾ ਹਵਾਲਾ ਦਿੰਦਿਆਂ ਪੁੱਛਿਆ ਕਿ ਅਜਿਹੇ ਮਾਮਲਿਆਂ ਵਿੱਚ ਜ਼ਿੰਮੇਵਾਰੀ ਕਿਸ ਦੀ ਬਣਦੀ ਹੈ। ਵਿਧਾਇਕ ਨੇ ਆਪਣੇ ਬਿਆਨ ਵਿੱਚ ਉਨ੍ਹਾਂ ਲੋਕਾਂ ਦਾ ਬਚਾਅ ਕਰਨ ਦੇ ਯਤਨਾਂ ’ਤੇ ਵੀ ਇਤਰਾਜ਼ ਜਤਾਇਆ, ਜਿਨ੍ਹਾਂ ’ਤੇ ਗੁਰੂ ਸਾਹਿਬ ਦੇ ਸਤਿਕਾਰ ਨਾਲ ਸਬੰਧਤ ਦੋਸ਼ ਲੱਗ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ’ਤੇ ਆਪਣੀ ਗੱਲ ਰੱਖਣ ਤੋਂ ਪਿੱਛੇ ਨਹੀਂ ਹਟਣਗੇ।

ਇਹ ਬਿਆਨ ਗੁਰਦੁਆਰਾ ਪਰਿਸਰ ਵਿੱਚ ਰਿਹਾਇਸ਼ ਦੇ ਪ੍ਰਬੰਧ ਅਤੇ ਕਥਿਤ ਬੇਅਦਬੀ/ਅਣਉਚਿਤ ਵਿਹਾਰ ਨਾਲ ਜੁੜੇ ਵਿਵਾਦ ਦੇ ਦਰਮਿਆਨ ਸਾਹਮਣੇ ਆਇਆ ਹੈ। ਗਿਆਸਪੁਰਾ ਵੱਲੋਂ ਲਗਾਏ ਗਏ ਦੋਸ਼ਾਂ ਦੀ ਸੁਤੰਤਰ ਤੌਰ ’ਤੇ ਪੁਸ਼ਟੀ ਨਹੀਂ ਹੋਈ ਹੈ ਅਤੇ ਇਸ ਖ਼ਬਰ ਦੇ ਪ੍ਰਕਾਸ਼ਨ ਤੱਕ SGPC ਵੱਲੋਂ ਇਨ੍ਹਾਂ ਖਾਸ ਦੋਸ਼ਾਂ ’ਤੇ ਕੋਈ ਵਿਸਥਾਰਤ ਜਵਾਬ ਸਾਹਮਣੇ ਨਹੀਂ ਆਇਆ ਸੀ। SGPC ਵੱਲੋਂ ਅੰਮ੍ਰਿਤਸਰ ਵਿੱਚ ਸ਼ਰਧਾਲੂਆਂ ਲਈ ਵੱਖ-ਵੱਖ ਸਰਾਵਾਂ ਵਿੱਚ ਰਿਹਾਇਸ਼ ਦੀ ਸਹੂਲਤ ਵੀ ਉਪਲਬਧ ਕਰਵਾਈ ਜਾਂਦੀ ਹੈ, ਜਿਸ ਵਿੱਚ ਕਈ ਨਿਵਾਸ ਸਥਾਨਾਂ ਦੀ ਜਾਣਕਾਰੀ ਇਸ ਦੀ ਅਧਿਕਾਰਤ ਵੈੱਬਸਾਈਟ ’ਤੇ ਦਿੱਤੀ ਗਈ ਹੈ।

ਭਾਜਪਾ ਵੱਲੋਂ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਕਢੀ ਗਈ ਨਸ਼ਾ ਮੁਕਤ ਯਾਤਰਾ 23 ਅਤੇ 24 ਤਰੀਕ ਨੂੰ ਰੂਪਨਗਰ ਜ਼ਿਲ੍ਹੇ ਵਿੱਚ ਕਰੇਗੀ ਵਿਸ਼ਾਲ ਪ੍ਰਵੇਸ਼: ਐਡਵੋਕੇਟ ਨਿਪੁੰਨ ਸੋਨੀ ਅਤੇ ਰਮਨ ਜਿੰਦਲ

ਰੂਪਨਗਰ, 25 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਪੰਜਾਬ ਨੂੰ ਨਸ਼ਿਆਂ ਦੇ ਭਿਆਨਕ ਕੋਹੜ ਤੋਂ ਮੁਕਤ ਕਰਵਾਉਣ ਅਤੇ ਸੂਬੇ ਦੀ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਦਿਖਾਉਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਵਿਸ਼ੇਸ਼ ‘ਨਸ਼ਾ ਮੁਕਤ ਯਾਤਰਾ’ ਆਉਣ ਵਾਲੀ 23 ਅਤੇ 24 ਤਰੀਕ ਨੂੰ ਜ਼ਿਲ੍ਹਾ ਰੂਪਨਗਰ ਵਿਖੇ ਪਹੁੰਚ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਜਪਾ ਜ਼ਿਲ੍ਹਾ ਰੂਪਨਗਰ ਦੇ ਜਨਰਲ ਸਕੱਤਰ ਐਡਵੋਕੇਟ ਨਿਪੁੰਨ ਸੋਨੀ ਅਤੇ ਰਮਨ ਜਿੰਦਲ ਨੇ ਦੱਸਿਆ ਕਿ ਇਹ ਯਾਤਰਾ ਪੰਜਾਬ ਦੇ ਸੁਨਹਿਰੀ ਭਵਿੱਖ ਦੀ ਸਿਰਜਣਾ ਲਈ ਪਾਰਟੀ ਵੱਲੋਂ ਚੁੱਕਿਆ ਗਿਆ ਇੱਕ ਅਹਿਮ ਕਦਮ ਹੈ, ਜਿਸ ਵਿੱਚ ਇਲਾਕੇ ਦੇ ਲੋਕਾਂ ਵੱਲੋਂ ਭਰਪੂਰ ਉਤਸ਼ਾਹ ਦਿਖਾਇਆ ਜਾ ਰਿਹਾ ਹੈ।ਉਹਨਾਂ ਦੱਸਿਆ ਕਿ ਇਸ ਵਿਸ਼ਾਲ ਅਤੇ ਇਤਿਹਾਸਕ ਯਾਤਰਾ ਦੀ ਅਗਵਾਈ ਕਰਨ ਅਤੇ ਪੰਜਾਬ ਦੇ ਲੋਕਾਂ ਨੂੰ ਲਾਮਬੰਦ ਕਰਨ ਲਈ ਕੇਂਦਰੀ ਆਗੂ ਅਨੁਰਾਗ ਠਾਕੁਰ ਉਚੇਚੇ ਤੌਰ ’ਤੇ ਪਹੁੰਚ ਰਹੇ ਹਨ।

ਉਹਨਾਂ ਦੇ ਨਾਲ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ, ਸੀਨੀਅਰ ਆਗੂ ਇਕਬਾਲ ਸਿੰਘ ਲਾਲਪੁਰਾ, ਪਰਮਿੰਦਰ ਸਿੰਘ ਬਰਾੜ, ਰਣਜੀਤ ਸਿੰਘ ਗਿੱਲ , ਭਾਜਪਾ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਸਮੇਤ ਪੰਜਾਬ ਦੀ ਹੋਰ ਸਮੁੱਚੀ ਸੀਨੀਅਰ ਲੀਡਰਸ਼ਿਪ ਵੀ ਇਸ ਯਾਤਰਾ ਵਿੱਚ ਸ਼ਿਰਕਤ ਕਰੇਗੀ ਅਤੇ ਲੋਕਾਂ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ ਦੇਵੇਗੀ।ਯਾਤਰਾ ਦੇ ਰੂਟ ਅਤੇ ਸਮਾਂ-ਸਾਰਣੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਦਿਆਂ ਐਡਵੋਕੇਟ ਨਿਪੁੰਨ ਸੋਨੀ ਅਤੇ ਰਮਨ ਜਿੰਦਲ ਨੇ ਦੱਸਿਆ ਕਿ ਮਿਤੀ 23 ਤਰੀਕ ਨੂੰ ਇਹ ਨਸ਼ਾ ਵਿਰੋਧੀ ਯਾਤਰਾ ਸਵੇਰੇ ਠੀਕ 10 ਵਜੇ ਪਵਿੱਤਰ ਧਰਤੀ ਸ਼੍ਰੀ ਚਮਕੌਰ ਸਾਹਿਬ ਵਿਖੇ ਸਥਿਤ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਨਸਮਸਤਕ ਹੋਕੇ ਇਕ ਰੈਲੀ ਕੀਤੀ ਜਾਵੇ । ਇਸ ਉਪਰੰਤ ਲੋਕਾਂ ਦੇ ਭਾਰੀ ਇਕੱਠ ਨਾਲ ਇਹ ਯਾਤਰਾ ਦੁਪਹਿਰ 12 ਵਜੇ ਮੋਰਿੰਡਾ ਦੇ ਗਗਨ ਰਿਜ਼ੋਰਟ ਵਿਖੇ ਪਹੁੰਚੇਗੀ।

ਮੋਰਿੰਡਾ ਤੋਂ ਰਵਾਨਾ ਹੋਣ ਮਗਰੋਂ ਇਹ ਕਾਫ਼ਲਾ ਦੁਪਹਿਰ 1 ਵਜੇ ਰੂਪਨਗਰ ਸ਼ਹਿਰ ਦੇ ਜੀ.ਐਸ. ਅਸਟੇਟ ਵਿਖੇ ਪੁੱਜੇਗਾ, ਜਿੱਥੇ ਪੰਜਾਬ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਯਾਤਰਾ ਦਾ ਸਵਾਗਤ ਕਰੇਗੀ ਅਤੇ ਵਿਸ਼ੇਸ਼ ਤੌਰ ’ਤੇ ਇਸ ਵਿੱਚ ਸ਼ਾਮਲ ਹੋਵੇਗੀ। ਰੂਪਨਗਰ ਵਿਖੇ ਭਾਰੀ ਉਤਸ਼ਾਹ ਤੋਂ ਬਾਅਦ ਇਹ ਯਾਤਰਾ ਬਾਅਦ ਦੁਪਹਿਰ 3 ਵਜੇ ਕੋਹਿਨੂਰ ਪੈਲੇਸ ਵਿਖੇਆਪਣਾ ਅਗਲਾ ਪੜਾਅ ਤੈਅ ਕਰੇਗੀ ਅਤੇ ਫਿਰ ਸ਼ਾਮ ਨੂੰ ਠੀਕ 5 ਵਜੇ ਕੀਰਤਪੁਰ ਸਾਹਿਬ ਦੇ ਸ਼੍ਰੀ ਰਾਮ ਮੰਦਿਰ ਵਿਖੇ ਪਹੁੰਚ ਕੇ ਪਹਿਲੇ ਦਿਨ ਦਾ ਸਫਰ ਮੁਕੰਮਲ ਕਰੇਗੀ।ਅਗਲੇ ਦਿਨ ਯਾਨੀ 24 ਤਰੀਕ ਦੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਯਾਤਰਾ ਦੀ ਸ਼ੁਰੂਆਤ ਸਵੇਰੇ 9 ਵਜੇ ਖਾਲਸਾ ਪੰਥ ਦੀ ਜਨਮ ਸਥਲੀ, ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਅਤੇ ਗੁਰੂ ਸਾਹਿਬਾਨ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਕੀਤੀ ਜਾਵੇਗੀ। ਮੱਥਾ ਟੇਕਣ ਉਪਰੰਤ ਇਹ ਵਿਸ਼ਾਲ ਕਾਫ਼ਲਾ ਸਵੇਰੇ 9:30 ਵਜੇ ਨੰਗਲ ਦੀ ਅੱਡਾ ਮਾਰਕੀਟ ਵਿਖੇ ਪਹੁੰਚੇਗਾ।

ਆਯੁਸ਼ ਡਾਇਰੈਕਟੋਰੇਟ ਵੱਲੋਂ 11ਵੇਂ ਆਯੁਰਵੇਦ ਦਿਵਸ ਦੇ ਮੱਦੇਨਜ਼ਰ ਸਿਹਤ ਅਤੇ ਯੋਗ ਕੈਂਪ ਦਾ ਆਯੋਜਨ

ਚੰਡੀਗੜ੍ਹ, 25 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ, 20 ਸਤੰਬਰ, 2026: ਆਯੁਰਵੇਦ ਦਿਵਸ 2026 ਦੇ ਸਬੰਧ ਵਿੱਚ ਆਯੋਜਿਤ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦੇ ਤਹਿਤ ਚੰਡੀਗੜ੍ਹ ਪ੍ਰਸ਼ਾਸਨ ਦੇ ਆਯੁਸ਼ ਡਾਇਰੈਕਟੋਰੇਟ ਨੇ ‘ਭਾਰਤੀਯ ਯੋਗ ਸੰਸਥਾਨ’ ਦੇ ਸਹਿਯੋਗ ਨਾਲ ਫਰੈਗਰੈਂਸ ਗਾਰਡਨ, ਸੈਕਟਰ 36, ਚੰਡੀਗੜ੍ਹ ਵਿਖੇ ਸਿਹਤ ਅਤੇ ਯੋਗ ਕੈਂਪ ਦਾ ਆਯੋਜਨ ਕੀਤਾ।

11ਵਾਂ ਆਯੁਰਵੇਦ ਦਿਵਸ 23 ਸਤੰਬਰ, 2026 ਨੂੰ ਤੰਦਰੁਸਤ ਕੱਲ੍ਹ ਲਈ ਆਯੁਰਵੇਦ ਵਿਸ਼ੇ ਦੇ ਤਹਿਤ ਮਨਾਇਆ ਜਾਵੇਗਾ। ਇਸ ਮਿਤੀ ਅਤੇ ਵਿਸ਼ੇ ਦੀ ਪੁਸ਼ਟੀ ਅਧਿਕਾਰਿਤ ਸੀਐੱਸਆਈਆਰ ਸੰਚਾਰ ਤੋਂ ਕੀਤੀ ਗਈ ਹੈ।

ਚੰਡੀਗੜ੍ਹ ਪ੍ਰਸ਼ਾਸਨ ਦੇ ਆਯੁਸ਼ ਡਾਇਰੈਕਟਰ, ਡਾ. ਅਤੁਲ ਐੱਨ. ਢਾਕਣੇ ਨੇ ਮੁੱਖ ਮਹਿਮਾਨ ਰੂਪ ਵਿੱਚ ਇਸ ਪ੍ਰੋਗਰਾਮ ਦੀ ਸ਼ੋਭਾ ਵਧਾਈ। ਇਸ ਅਵਸਰ ’ਤੇ ‘ਭਾਰਤੀਯ ਯੋਗ ਸੰਸਥਾਨ’ ਦੇ ਪ੍ਰਦੇਸ਼ ਪ੍ਰਧਾਨ ਸ਼੍ਰੀ ਗੋਪਾਲ ਦਾਸ ਵੀ ਉਪਸਥਿਤ ਰਹੇ।

ਡਾ. ਢਾਕਣੇ ਨੇ ਮੈਡੀਕਲ ਟੀਮਾਂ ਅਤੇ ਪ੍ਰਤੀਭਾਗੀਆਂ ਨਾਲ ਸੰਵਾਦ ਕੀਤਾ ਅਤੇ ਸੰਪੂਰਨ ਤੰਦਰੁਸਤੀ ਅਤੇ ਰੋਗਾਂ ਦੀ ਰੋਕਥਾਮ ਵਿੱਚ ਆਯੁਸ਼ ਚਿਕਿਤਸਾ ਪੱਧਤੀਆਂ ਅਤੇ ਯੋਗ ਦੀ ਮਹੱਤਵਪੂਰਨ ਭੂਮਿਕਾ ’ਤੇ ਪ੍ਰਕਾਸ਼ ਪਾਇਆ।ਕੈਂਪ ਦੇ ਦੌਰਾਨ ਆਯੁਰਵੇਦ, ਹੋਮਿਓਪੈਥੀ ਅਤੇ ਯੂਨਾਨੀ ਚਿਕਿਤਸਾ ਪੱਧਤੀਆਂ ਦੇ ਤਹਿਤ ਮੁਫ਼ਤ ਸਲਾਹ-ਮਸ਼ਵਰਾ ਪ੍ਰਦਾਨ ਕੀਤਾ ਗਿਆ। ‘ਭਾਰਤੀਯ ਯੋਗ ਸੰਸਥਾਨ’ ਦੇ ਸਹਿਯੋਗ ਨਾਲ ਯੋਗ ਸੈਸ਼ਨ ਵੀ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ 500 ਲੋਕਾਂ ਨੇ ਹਿੱਸਾ ਲਿਆ।

ਇਸ ਕੈਂਪ ਵਿੱਚ ਆਮ ਜਨਤਾ ਅਤੇ ਆਯੁਸ਼ ਸਿਹਤ ਸੰਭਾਲ਼ ਪੇਸ਼ੇਵਰਾਂ ਨੇ ਸਰਗਰਮੀ ਨਾਲ ਹਿੱਸਾ ਲਿਆ। ਇਸ ਪਹਿਲ ਦਾ ਉਦੇਸ਼ ਆਯੁਸ਼ ਚਿਕਿਤਸਾ ਪੱਧਤੀਆਂ, ਤੰਦਰੁਸਤ ਜੀਵਨਸ਼ੈਲੀ, ਰੋਗਾਂ ਦੀ ਰੋਕਥਾਮ ਅਤੇ ਯੋਗ ਦੇ ਲਾਭਾਂ ਬਾਰੇ ਜਾਗਰੂਕਤਾ ਵਧਾਉਣਾ ਸੀ।

ਚੰਡੀਗੜ੍ਹ ਪ੍ਰਸ਼ਾਸਨ ਦਾ ਆਯੁਸ਼ ਡਾਇਰੈਕਟੋਰੇਟ, ਆਮ ਜਨਤਾ ਲਈ ਆਯੁਸ਼ ਸਿਹਤ ਸੰਭਾਲ਼ ਦੇ ਪ੍ਰਦੇਸ਼ ਪ੍ਰਧਾਨ ਸ਼੍ਰੀ ਗੋਪਾਲ ਦਾਸ ਵੀ ਉਪਸਥਿਤ ਰਹੇ।ਡਾ. ਢਾਕਣੇ ਨੇ ਮੈਡੀਕਲ ਟੀਮਾਂ ਅਤੇ ਪ੍ਰਤੀਭਾਗੀਆਂ ਨਾਲ ਸੰਵਾਦ ਕੀਤਾ ਅਤੇ ਸੰਪੂਰਨ ਤੰਦਰੁਸਤੀ ਅਤੇ ਰੋਗਾਂ ਦੀ ਰੋਕਥਾਮ ਵਿੱਚ ਆਯੁਸ਼ ਚਿਕਿਤਸਾ ਪੱਧਤੀਆਂ ਅਤੇ ਯੋਗ ਦੀ ਮਹੱਤਵਪੂਰਨ ਭੂਮਿਕਾ ’ਤੇ ਪ੍ਰਕਾਸ਼ ਪਾਇਆ।ਕੈਂਪ ਦੇ ਦੌਰਾਨ ਆਯੁਰਵੇਦ, ਹੋਮਿਓਪੈਥੀ ਅਤੇ ਯੂਨਾਨੀ ਚਿਕਿਤਸਾ ਪੱਧਤੀਆਂ ਦੇ ਤਹਿਤ ਮੁਫ਼ਤ ਸਲਾਹ-ਮਸ਼ਵਰਾ ਪ੍ਰਦਾਨ ਕੀਤਾ ਗਿਆ।

ਭਾਰਤੀਯ ਯੋਗ ਸੰਸਥਾਨ ਦੇ ਸਹਿਯੋਗ ਨਾਲ ਯੋਗ ਸੈਸ਼ਨ ਵੀ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ 500 ਲੋਕਾਂ ਨੇ ਹਿੱਸਾ ਲਿਆ।ਇਸ ਕੈਂਪ ਵਿੱਚ ਆਮ ਜਨਤਾ ਅਤੇ ਆਯੁਸ਼ ਸਿਹਤ ਸੰਭਾਲ਼ ਪੇਸ਼ੇਵਰਾਂ ਨੇ ਸਰਗਰਮੀ ਨਾਲ ਹਿੱਸਾ ਲਿਆ।

ਇਸ ਪਹਿਲ ਦਾ ਉਦੇਸ਼ ਆਯਸੇਵਾਵਾਂ ਨੂੰ ਹੋਰ ਅਧਿਕ ਸੁਲਭ ਬਣਾਉਣ ਹਿਤ ਸਮੁਦਾਇ-ਅਧਾਰਿਤ ਸਿਹਤ ਅਤੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਨਿਰੰਤਰ ਜਾਰੀ ਰੱਖੇਗਾ।

ਹੁਣ 1.80 ਲੱਖ ਰੁਪਏ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨੂੰ ਵੀ ਮਿਲੇਗਾ ਲਾਡੋ ਲਕਸ਼ਮੀ ਯੋਜਨਾ ਦਾ ਲਾਭ: ਮੁੱਖ ਮੰਤਰੀ

➢ ਸਰਕਾਰ ਨੇ ਪਿਛਲੇ 12 ਸਾਲਾਂ ਵਿੱਚ ਸੂਬੇ ਦੇ 2 ਲੱਖ ਨੌਜਵਾਨਾਂ ਨੂੰ ਬਿਨਾਂ ਖਰਚੀ-ਪਰਚੀ ਦਿੱਤੀਆਂ ਸਰਕਾਰੀ ਨੌਕਰੀਆਂ

➢ ਕਾਲੀਰਾਨੋ, ਸੁਲਤਾਨਪੁਰ, ਸੌਂਟੀ ਅਤੇ ਬੀੜ ਸੌਂਟੀ ਪਿੰਡਾਂ ਲਈ 1.12 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਐਲਾਨ ਕੀਤਾ

ਲਾਡਵਾ/ਬਾਬੈਨ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਨਵੰਬਰ ਮਹੀਨੇ ਤੋਂ 1.80 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੀਆਂ ਯੋਗ ਮਹਿਲਾਵਾਂ ਨੂੰ ਲਾਡੋ ਲਕਸ਼ਮੀ ਯੋਜਨਾ ਦਾ ਲਾਭ ਮਿਲੇਗਾ। ਸਰਕਾਰ ਨੇ 'ਦੀਨਦਿਆਲ ਲਾਡੋ ਲਕਸ਼ਮੀ' ਨਾਮ ਦੀ ਮਹੱਤਵਪੂਰਨ ਯੋਜਨਾ ਲਾਗੂ ਕਰਕੇ ਮਹਿਲਾਵਾਂ ਨੂੰ ਹਰ ਮਹੀਨੇ 2100 ਰੁਪਏ ਦੇਣ ਦਾ ਆਪਣਾ ਵਾਅਦਾ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮਦਿਨ ਮੌਕੇ 17 ਸਤੰਬਰ ਨੂੰ ਇਸ ਯੋਜਨਾ ਦਾ ਵਿਸਥਾਰ ਕੀਤਾ ਗਿਆ ਹੈ। ਹੁਣ 1.80 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨੂੰ ਵੀ ਇਸ ਦਾ ਲਾਭ ਦਿੱਤਾ ਜਾਵੇਗਾ। ਯੋਜਨਾ ਦੇ ਵਿਸਥਾਰ ਤੋਂ ਬਾਅਦ ਅਰਜ਼ੀਆਂ ਲਈ ਪੋਰਟਲ ਖੋਲ੍ਹ ਦਿੱਤਾ ਗਿਆ ਹੈ ਅਤੇ ਯੋਗ ਮਹਿਲਾਵਾਂ ਨੂੰ 1 ਨਵੰਬਰ ਤੋਂ ਯੋਜਨਾ ਦਾ ਲਾਭ ਮਿਲਣਾ ਸ਼ੁਰੂ ਹੋ ਜਾਵੇਗਾ। ਇਸ ਤੋਂ ਪਹਿਲਾਂ 1 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੇ ਪਰਿਵਾਰ ਹੀ ਇਸ ਯੋਜਨਾ ਲਈ ਯੋਗ ਸਨ। ਇਸ ਯੋਜਨਾ ਤਹਿਤ ਯੋਗ ਮਹਿਲਾਵਾਂ ਦੇ ਬੈਂਕ ਖਾਤਿਆਂ ਵਿੱਚ ਹੁਣ ਤੱਕ 2000 ਕਰੋੜ ਰੁਪਏ ਤੋਂ ਵੱਧ ਦੀ ਰਕਮ ਆਨਲਾਈਨ ਭੇਜੀ ਜਾ ਚੁੱਕੀ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਐਤਵਾਰ ਨੂੰ ਲਾਡਵਾ ਵਿਧਾਨ ਸਭਾ ਹਲਕੇ ਵਿੱਚ ਕਰਵਾਏ ਗਏ ਜਨ ਸੰਵਾਦ ਪ੍ਰੋਗਰਾਮਾਂ ਦੌਰਾਨ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪਿਛਲੇ 12 ਸਾਲਾਂ ਵਿੱਚ ਸੂਬੇ ਦੇ 2 ਲੱਖ ਨੌਜਵਾਨਾਂ ਨੂੰ ਬਿਨਾਂ ਖਰਚੀ-ਪਰਚੀ ਅਤੇ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਦੇ ਸਮੇਂ ਸਰਕਾਰੀ ਨੌਕਰੀ ਹਾਸਲ ਕਰਨ ਲਈ ਪੈਸੇ ਅਤੇ ਸਿਫ਼ਾਰਸ਼ ਦੀ ਲੋੜ ਪੈਂਦੀ ਸੀ, ਪਰ ਹੁਣ ਗਰੀਬ ਦਾ ਪੁੱਤਰ ਗਰੁੱਪ-ਡੀ ਤੋਂ ਲੈ ਕੇ ਐਚਸੀਐਸ ਤੱਕ ਦੀ ਨੌਕਰੀ ਆਪਣੀ ਯੋਗਤਾ ਦੇ ਆਧਾਰ 'ਤੇ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸੂਬੇ ਵਿੱਚ ਤੇਜ਼ ਰਫ਼ਤਾਰ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਮੁੱਖ ਮੰਤਰੀ ਨੇ ਪਿੰਡ ਕਾਲੀਰਾਨੋ ਵਿੱਚ ਪਿੰਡ ਦੇ ਵਿਕਾਸ ਲਈ 21 ਲੱਖ ਰੁਪਏ ਅਤੇ ਲਾਇਬ੍ਰੇਰੀ ਦੀਆਂ ਕਿਤਾਬਾਂ ਲਈ 2 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸੇ ਤਰ੍ਹਾਂ ਪਿੰਡ ਸੁਲਤਾਨਪੁਰ ਵਿੱਚ ਪਿੰਡ ਦੇ ਵਿਕਾਸ ਲਈ 21 ਲੱਖ ਰੁਪਏ ਅਤੇ ਗੁਰਦੁਆਰਾ ਸਾਹਿਬ ਲਈ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਪਿੰਡ ਸੌਂਟੀ, ਪਿੰਡ ਬੀੜ ਸੌਂਟੀ ਅਤੇ ਪਿੰਡ ਦੇ ਗੁਰਦੁਆਰਾ ਸਾਹਿਬ ਲਈ 21-21 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਗਿਆ। ਮੁੱਖ ਮੰਤਰੀ ਨੇ ਪਿੰਡਾਂ ਦੇ ਸਰਪੰਚਾਂ ਵੱਲੋਂ ਵਿਕਾਸ ਕਾਰਜਾਂ ਸਬੰਧੀ ਰੱਖੀਆਂ ਗਈਆਂ ਮੰਗਾਂ ਨੂੰ ਸਬੰਧਤ ਵਿਭਾਗਾਂ ਕੋਲ ਭੇਜ ਕੇ ਪੂਰਾ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ, ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਕੈਲਾਸ਼ ਸੈਣੀ ਅਤੇ ਮੁੱਖ ਮੰਤਰੀ ਦੇ ਓਐਸਡੀ ਮਹਿੰਦਰ ਸੈਣੀ ਵੀ ਮੌਜੂਦ ਰਹੇ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਹਰਿਆਣਾ ਸਰਕਾਰ ਨੇ ਨਾਗਰਿਕਾਂ ਨਾਲ 217 ਵਾਅਦੇ ਕੀਤੇ ਸਨ, ਜਿਨ੍ਹਾਂ ਵਿੱਚੋਂ ਹੁਣ ਤੱਕ 70 ਵਾਅਦੇ ਪੂਰੇ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਵਾਅਦਿਆਂ 'ਤੇ ਵੀ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਹੁੰ ਚੁੱਕਦੇ ਹੀ ਆਪਣੇ ਵਾਅਦੇ ਪੂਰੇ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਨੈਸ਼ਨਲ ਹਾਈਵੇਅ ਅਤੇ ਹੋਰ ਵੱਡੇ ਮਾਰਗਾਂ ਨਾਲ ਜੋੜਨ ਲਈ ਸੜਕਾਂ ਦਾ ਜਾਲ ਵਿਛਾਇਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਵਿੱਚ ਸਭ ਤੋਂ ਪਹਿਲਾਂ ਹਰਿਆਣਾ ਸਰਕਾਰ ਨੇ ਕਿਸਾਨਾਂ ਦੀਆਂ ਸਾਰੀਆਂ 24 ਫਸਲਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) 'ਤੇ ਖਰੀਦਣ ਦਾ ਕੰਮ ਸ਼ੁਰੂ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਆਗੂ ਸਰਕਾਰ ਤੋਂ 24 ਫਸਲਾਂ ਬਾਰੇ ਜਾਣਕਾਰੀ ਮੰਗ ਰਹੇ ਹਨ, ਜਦਕਿ ਉਨ੍ਹਾਂ ਨੂੰ ਇਹ ਵੀ ਪੂਰਾ ਗਿਆਨ ਨਹੀਂ ਹੈ ਕਿ ਸੂਬੇ ਵਿੱਚ ਕਿਸਾਨ ਕਿੰਨੀ ਕਿਸਮਾਂ ਦੀਆਂ ਫਸਲਾਂ ਪੈਦਾ ਕਰ ਰਹੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਵਿਰੋਧੀ ਧਿਰ ਹੁਣ ਐਮਐਸਪੀ ਦੇ ਨਾਮ 'ਤੇ ਕਿਸਾਨਾਂ ਵਿੱਚ ਭੰਬਲਭੂਸਾ ਪੈਦਾ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਹੁਣ ਸੂਬੇ ਵਿੱਚ ਕੋਈ ਵੀ ਕਿਸਾਨ ਆਪਣੀ ਫਸਲ ਸੜਕ ਦੇ ਵਿਚਕਾਰ ਨਹੀਂ ਸੁੱਟਦਾ, ਕਿਉਂਕਿ ਸਰਕਾਰ ਨੇ ਇਸ ਸਮੱਸਿਆ ਦੇ ਹੱਲ ਲਈ 'ਭਾਵਾਂਤਰ ਭਰਪਾਈ ਯੋਜਨਾ' ਲਾਗੂ ਕੀਤੀ ਹੈ। ਇਸ ਯੋਜਨਾ ਤਹਿਤ ਜੇਕਰ ਕਿਸਾਨਾਂ ਨੂੰ ਮੰਡੀਆਂ ਵਿੱਚ ਫਸਲ ਦਾ ਘੱਟ ਭਾਅ ਮਿਲਦਾ ਹੈ ਤਾਂ ਸਰਕਾਰ ਵੱਲੋਂ ਭਾਅ ਦੇ ਅੰਤਰ ਦੀ ਭਰਪਾਈ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸ਼ਾਸਨਕਾਲ ਦੌਰਾਨ ਕਿਸਾਨਾਂ ਨੂੰ ਫਸਲ ਖਰਾਬੇ ਲਈ 137 ਕਰੋੜ ਰੁਪਏ ਦਿੱਤੇ ਗਏ ਸਨ, ਜਦਕਿ ਮੌਜੂਦਾ ਸਰਕਾਰ ਵੱਲੋਂ ਕਿਸਾਨਾਂ ਨੂੰ ਫਸਲ ਖਰਾਬੇ ਦੇ ਮੁਆਵਜ਼ੇ ਵਜੋਂ 16,500 ਕਰੋੜ ਰੁਪਏ ਦਿੱਤੇ ਜਾ ਚੁੱਕੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ, ਪੁਲਿਸ ਸੁਪਰਡੈਂਟ ਚੰਦਰ ਮੋਹਨ, ਚੇਅਰਮੈਨ ਗੁਰਨਾਮ ਸਿੰਘ ਸੈਣੀ, ਚੇਅਰਮੈਨ ਸੁਭਾਸ਼ ਕਲਸਾਨਾ, ਮੀਡੀਆ ਕੋਆਰਡੀਨੇਟਰ ਤੁਸ਼ਾਰ ਸੈਣੀ, ਚੇਅਰਪਰਸਨ ਕੰਵਲਜੀਤ ਕੌਰ, ਜ਼ਿਲ੍ਹਾ ਪ੍ਰਧਾਨ ਰਮੇਸ਼ ਸੈਣੀ, ਚੇਅਰਮੈਨ ਡਾ. ਗਣੇਸ਼ ਦੱਤ, ਚੇਅਰਪਰਸਨ ਸਾਕਸ਼ੀ ਖੁਰਾਨਾ, ਮੰਡਲ ਪ੍ਰਧਾਨ ਨਰਿੰਦਰ ਦਬਖੇੜਾ, ਮੰਡਲ ਪ੍ਰਧਾਨ ਸ਼ਿਵ ਗੁਪਤਾ, ਵਿਜੈ ਗਾਬਾ, ਕਾਲੀਰਾਨੋ ਦੇ ਸਰਪੰਚ ਰਾਜੀਵ ਕੁਮਾਰ, ਸੁਲਤਾਨਪੁਰ ਦੀ ਸਰਪੰਚ ਮਮਤਾ ਰਾਣੀ, ਸਰਪੰਚ ਸੁਰੇਸ਼, ਸਰਪੰਚ ਸੁਖਵਿੰਦਰ ਸਿੰਘ, ਨਾਇਬ ਸਿੰਘ ਪਟਾਕ ਮਾਜਰਾ ਸਮੇਤ ਹੋਰ ਪਤਵੰਤੇ ਵਿਅਕਤੀ ਮੌਜੂਦ ਸਨ।

ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਰਹੇਗੀ

ਹੁਸ਼ਿਆਰਪੁਰ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੇ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਨੂੰ ਕੇਵਲ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਆਵਾਜਾਈ ਦੀ ਆਗਿਆ ਦੇ ਹੁਕਮ ਜਾਰੀ ਕੀਤੇ ਹਨ ਅਤੇ ਇਸ ਸਮੇਂ ਤੋਂ ਇਲਾਵਾ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ 'ਤੇ ਰੋਕ ਰਹੇਗੀ।

ਜਾਰੀ ਹੁਕਮਾਂ ਅਨੁਸਾਰ ਜ਼ਿਲਾ ਪ੍ਰਸ਼ਾਸਨ ਦੇ ਧਿਆਨ ਵਿਚ ਆਇਆ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੇ ਕਾਰਨ ਸੜਕਾਂ 'ਤੇ ਹਾਦਸੇ ਹੋ ਰਹੇ ਹਨ ਜਿਨ੍ਹਾਂ ਕਾਰਨ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ ਜਿਸ ਕਰਕੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ ਨੂੰ ਸਮਾਂਬੱਧ ਤਰੀਕੇ ਨਾਲ ਚਲਾਉਣ ਦੀ ਜ਼ਰੂਰਤ ਹੈ।

ਡਿਪਟੀ ਕਮਿਸ਼ਨਰ ਵਲੋਂ ਜਾਰੀ ਹੁਕਮਾਂ ਅਨੁਸਾਰ ਉਪ ਪੁਲਿਸ ਕਪਤਾਨ, ਗੜ੍ਹਸ਼ੰਕਰ ਇਹ ਯਕੀਨੀ ਬਣਾਉਣਗੇ ਕਿ ਟ੍ਰੈਫਿਕ ਪੁਲਿਸ ਵਲੋਂ ਟਿੱਪਰ/ਟਰੱਕਾਂ ਦੀ ਓਵਰਸਪੀਡ ਚੈਕ ਕੀਤੀ ਗਈ ਹੈ।

ਰੀਜਨਲ ਟਰਾਂਸਪੋਰਟ ਅਥਾਰਟੀ, ਹੁਸ਼ਿਆਰਪੁਰ ਇਨ੍ਹਾਂ ਹੁਕਮਾਂ ਸਨਮੁੱਖ ਓਵਰਲੋਡਿੰਗ ਅਤੇ ਹੋਰ ਨਿਯਮਾਂ ਦੀ ਉਲੰਘਣਾ ਸਬੰਧੀ ਚੈਕਿੰਗ ਅਤੇ ਲੋੜੀਂਦੀ ਕਾਰਵਾਈ ਯਕੀਨੀ ਬਣਾਉਣਗੇ।

ਕਾਰਜਕਾਰੀ ਇੰਜੀਨੀਅਰ, ਡਰੇਨੇਜ-ਕਮ-ਜ਼ਿਲ੍ਹਾ ਮਾਈਨਿੰਗ ਅਫ਼ਸਰ, ਹੁਸ਼ਿਆਰਪੁਰ ਅੰਤਰ-ਰਾਜੀ ਚੈਕ ਪੋਸਟਾਂ 'ਤਚ 24✓7 ਨਿਗਰਾਨੀ ਯਕੀਨੀ ਬਣਾਉਣਗੇ ਅਤੇ ਇਸ ਦੇ ਨਾਲ ਹੀ ਚੈਕ ਪੋਸਟ 'ਤੇ ਭਾਰ ਤੋਲਣ ਵਾਲੇ ਕੰਡੇ ਦੀ ਵਰਤੋਂ ਕਰਕੇ ਓਵਰਲੋਡਿੰਡ ਟਿੱਪਰਾਂ ਦੀ ਚੈਕਿੰਗ ਕਰਦਿਆਂ ਜ਼ਿਲ੍ਹੇ ਦੇ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ ਅਤੇ ਇਨ੍ਹਾਂ 'ਤੇ ਬਣਦੀ ਕਾਰਵਾਈ ਅਮਲ ਵਿਚ ਲਿਆਉਣਗੇ। ਇਹ ਹੁਕਮ 20 ਨਵੰਬਰ, 2026 ਤੱਕ ਲਾਗੂ ਰਹਿਣਗੇ।

ਗ੍ਰਾਮ ਪੰਚਾਇਤ ਮਾਨੋਚਾਹਲ ਕਲਾਂ ਨੇ ਚਲਾਈ ਵਿਸ਼ੇਸ਼ ਸ.ਫਾਈ ਮੁਹਿੰਮ

ਤਰਨਤਾਰਨ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

'ਸਵੱਛਤਾ ਹੀ ਸੇਵਾ ਮੁਹਿਮ 2026' ਤਹਿਤ 'ਸਵੱਛਤਾ ਵਿੱਚ ਸਹਿਭਾਗ, ਸਵੱਛ ਭਾਰਤ ਵਿਕਸਿਤ ਭਾਰਤ' ਥੀਮ ਅਧੀਨ ਜ਼ਿਲ੍ਹਾ ਤਰਨ ਤਾਰਨ ਦੇ ਬਲਾਕ ਖਡੂਰ ਸਾਹਿਬ ਦੀ ਗ੍ਰਾਮ ਪੰਚਾਇਤ ਮਾਨੋਚਾਹਲ ਕਲਾਂ ਵੱਲੋਂ ਵਿਸ਼ੇਸ਼ ਸਫ਼ਾਈ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।

ਇਸ ਮੌਕੇ ਪਿੰਡ ਦੇ ਵੱਖ-ਵੱਖ ਜਨਤਕ ਸਥਾਨਾਂ, ਗਲ਼ੀਆਂ ਅਤੇ ਆਲੇ-ਦੁਆਲੇ ਦੇ ਖੇਤਰਾਂ ਦੀ ਸਫ਼ਾਈ ਕੀਤੀ ਗਈ ਅਤੇ ਲੋਕਾਂ ਨੂੰ ਸਵੱਛਤਾ ਪ੍ਰਤੀ ਜਾਗਰੂਕ ਕੀਤਾ ਗਿਆ।ਇਸ ਮੌਕੇ ਸਰਪੰਚ ਸਕੱਤਰ ਸਿੰਘ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਵੱਲੋਂ ਪਿੰਡ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ। ਸਫ਼ਾਈ ਮੁਹਿੰਮ ਦੌਰਾਨ ਕੂੜਾ-ਕਰਕਟ ਦੀ ਸਹੀ ਢੰਗ ਨਾਲ ਸੰਭਾਲ, ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣ ਅਤੇ ਜਨਤਕ ਥਾਵਾਂ ਨੂੰ ਸਾਫ਼ ਰੱਖਣ ਸਬੰਧੀ ਪਿੰਡ ਵਾਸੀਆਂ ਨੂੰ ਜਾਗਰੂਕ ਕੀਤਾ ਗਿਆ।

ਇਸ ਦੇ ਨਾਲ ਹੀ ਗ੍ਰਾਮ ਪੰਚਾਇਤ ਮਾਨੋਚਾਹਲ ਕਲਾਂ ਵੱਲੋਂ ਪਿੰਡ ਵਿੱਚ ਸਾਂਝੇ ਪਖਾਨੇ ਦੀ ਉਸਾਰੀ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ। ਇਸ ਉਪਰਾਲੇ ਦਾ ਉਦੇਸ਼ ਪਿੰਡ ਵਾਸੀਆਂ ਨੂੰ ਸਾਫ-ਸੁਥਰੀਆਂ ਅਤੇ ਬਿਹਤਰ ਸੈਨੇਟੇਸ਼ਨ ਸਹੂਲਤਾਂ ਮੁਹੱਈਆ ਕਰਵਾਉਣਾ ਅਤੇ ਪਿੰਡ ਵਿੱਚ ਸਵੱਛਤਾ ਦੇ ਪੱਧਰ ਨੂੰ ਹੋਰ ਉੱਚਾ ਚੁੱਕਣਾ ਹੈ।

ਸਰਪੰਚ ਸਕੱਤਰ ਸਿੰਘ ਨੇ ਕਿਹਾ ਕਿ ਸਵੱਛਤਾ ਸਿਰਫ਼ ਸਰਕਾਰ ਜਾਂ ਗ੍ਰਾਮ ਪੰਚਾਇਤ ਦੀ ਜ਼ਿੰਮੇਵਾਰੀ ਨਹੀਂ, ਸਗੋਂ ਹਰੇਕ ਪਿੰਡ ਵਾਸੀ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਦੇ ਨਾਲ-ਨਾਲ ਗਲੀਆਂ, ਜਨਤਕ ਸਥਾਨਾਂ ਅਤੇ ਪਿੰਡ ਦੇ ਆਲੇ-ਦੁਆਲੇ ਦੀ ਸਫਾਈ ਬਣਾਈ ਰੱਖਣ ਅਤੇ ਸਵੱਛਤਾ ਹੀ ਸੇਵਾ ਮੁਹਿੰਮ ਵਿੱਚ ਸਰਗਰਮ ਭਾਗੀਦਾਰੀ ਯਕੀਨੀ ਬਣਾਉਣ।ਉਨ੍ਹਾਂ ਕਿਹਾ ਕਿ ਗ੍ਰਾਮ ਪੰਚਾਇਤ ਵੱਲੋਂ ਸਫਾਈ, ਸੈਨੀਟੇਸ਼ਨ ਅਤੇ ਲੋਕਾਂ ਦੀ ਸਹੂਲਤ ਲਈ ਅਜਿਹੇ ਹੋਰ ਉਪਰਾਲੇ ਵੀ ਲਗਾਤਾਰ ਕੀਤੇ ਜਾਣਗੇ। ਲੋਕਾਂ ਦੀ ਸਾਂਝੀ ਭਾਗੀਦਾਰੀ ਨਾਲ ਹੀ ਸਾਫ਼-ਸੁਥਰੇ, ਸਿਹਤਮੰਦ ਅਤੇ ਸੁੰਦਰ ਪਿੰਡ ਦਾ ਨਿਰਮਾਣ ਸੰਭਵ ਹੈ। ਇਸ ਮੌਕੇ ਸਮੂਹ ਗ੍ਰਾਮ ਪੰਚਾਇਤ, ਪਿੰਡ ਵਾਸੀ ਅਤੇ ਨੰਦਨੀ ਮਹਿਤਾ ਜੂਨੀਅਰ ਇੰਜੀਨੀਅਰ ਸੈਨੀਟੇਸ਼ਨ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ 2 ਤਰਨ ਤਾਰਨ ਹਾਜਰ ਸਨ।

ਸਵੱਛਤਾ ਹੀ ਸੇਵਾ ਮੁਹਿੰਮ ਜਾਰੀ, ਇਹ ਸਿਰ.ਫ ਮੁਹਿੰਮ ਨਹੀਂ, ਹਰ ਨਾਗਰਿਕ ਦੀ ਜ਼ਿੰਮੇਵਾਰੀ

ਗੁਰਦਾਸਪੁਰ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੁਰਦਾਸਪੁਰ ਜ਼ਿਲ੍ਹੇ ਵਿੱਚ ਸਵੱਛਤਾ ਹੀ ਸੇਵਾ ਮੁਹਿੰਮ ਨਿਗਰਾਨ ਇੰਜੀਨੀਅਰ ਸ਼੍ਰੀ ਅਨੁਜ ਸ਼ਰਮਾ ਅਤੇ ਕਾਰਜ਼ਕਾਰੀ ਇੰਜੀਨਿਅਰ ਵਿਜੈ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਹੇਠ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਕਰਵਾਈ ਗਈ।

ਇਸ ਪ੍ਰੋਗਰਾਮ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਐਸ.ਡੀ.ਓ. ਕੰਵਰਜੀਤ ਸਿੰਘ ਰੱਤੜਾ, ਬਲਾਕ ਕੋਆਰਡੀਨੇਟਰ ਮਨਦੀਪ ਸਿੰਘ ਅਤੇ ਸ ਅਮਨਦੀਪ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਮੁਹਿਮ ਦਾ ਆਗਾਜ਼ ਆਮ ਆਦਮੀ ਪਾਰਟੀ ਦੇ ਮਾਰਕਿਟ ਕਮੇਟੀ ਦੇ ਚੇਅਰਮੈਨ ਅਤੇ ਜ਼ਿਲ੍ਹਾ ਯੂਥ ਵਿੰਗ ਪ੍ਰਧਾਨ ਗਗਨਦੀਪ ਸਿੰਘ, ਜ਼ਿਲ੍ਹਾ ਸਕੱਤਰ ਅਤੇ ਜਿਲ੍ਹਾ ਯੋਜਨਾ ਬੋਰਡ ਮੈਂਬਰ ਸ਼੍ਰੀ ਜਗਜੀਤ ਸਿੰਘ ਪਿੰਟਾ ਜੀ ਵੱਲੋਂ ਮੁੱਖ ਤੌਰ ਤੇ ਕਰਵਾਇਆ ਗਿਆ। ਇਸ ਮੌਕੇ ਸਰਪੰਚ ਪਿੰਡ ਬਰਨਾਲਾ ਤੋਂ ਪਰਸ਼ੋਤਮ ਲਾਲ ਅਤੇ ਪਾਰਟੀ ਦੇ ਹੋਰ ਆਗੂ ਸਹਿਬਾਨ ਅਤੇ ਮੈਂਬਰ ਹਾਜ਼ਰ ਸਨ।ਸਵੱਛਤਾ ਹੀ ਸੇਵਾ ਮੁਹਿਮ 2026 ਦੇ ਆਗਾਜ਼ ਦੇ ਮੌਕੇ ਤੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਵੱਛਤਾ ਹੀ ਸੇਵਾ ਸਿਰਫ਼ ਮੁਹਿੰਮ ਨਹੀਂ, ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਸਾਫ਼-ਸੁਥਰਾ ਪਿੰਡ ਤੇ ਸ਼ਹਿਰ ਹੀ ਸਿਹਤਮੰਦ ਪੰਜਾਬ ਦੀ ਪਹਿਚਾਣ ਹੈ।

ਉਹਨਾਂ ਨੇਂ ਲੋਕਾਂ ਨੂੰ ਇਸ ਮੁਹਿੰਮ 'ਚ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਅਤੇ ਆਪਣਾ ਆਲ਼ਾ ਦੁਆਲਾ ਅਤੇ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਅਤੇ ਸਾਫ਼ ਸੁਥਰਾ ਰੱਖਣ ਲਈ ਆਪਣੇ ਅਨਮੁੱਲੇ ਵਿਚਾਰ ਦਿੱਤੇ ਹਨ।

ਪੁਲੀਸ ਨੇ ਬਣਾਇਆ ਗ੍ਰੀਨ ਕੋਰੀਡੋਰ; ਦਾਨ ਕੀਤੇ ਅੰਗ ਸਮੇਂ ਸਿਰ ਹਵਾਈ ਅੱਡੇ ਪਹੁੰਚਾਏ

ਪੰਚਕੂਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਇੱਕ ਫੌਜੀ ਜਵਾਨ ਦੇ ਪਿਤਾ ਨੂੰ ਬ੍ਰੇਨ ਡੈੱਡ ਐਲਾਨੇ ਜਾਣ ਤੋਂ ਬਾਅਦ ਉਸ ਦੇ ਪਰਿਵਾਰ ਨੇ ਅੰਗ ਦਾਨ ਕਰਨ ਦਾ ਫੈਸਲਾ ਕੀਤਾ, ਜਿਸ ਤੋਂ ਬਾਅਦ ਪੰਚਕੂਲਾ ਪੁਲੀਸ ਨੇ ਅੱਜ ਕਮਾਂਡ ਹਸਪਤਾਲ, ਚੰਡੀਮੰਦਰ ਛਾਉਣੀ ਤੋਂ ਚੰਡੀਗੜ੍ਹ ਹਵਾਈ ਅੱਡੇ ਤੱਕ ਇੱਕ ਗ੍ਰੀਨ ਕੋਰੀਡੋਰ ਬਣਾਇਆ, ਜਿਸ ਨਾਲ ਦਾਨ ਕੀਤੇ ਗਏ ਅੰਗਾਂ ਨੂੰ ਸਮੇਂ ਸਿਰ ਪਹੁੰਚਾਉਣਾ ਯਕੀਨੀ ਬਣਾਇਆ ਜਾ ਸਕਿਆ।ਡੀ ਸੀ ਪੀ (ਕ੍ਰਾਈਮ ਐਂਡ ਟ੍ਰੈਫਿਕ) ਅਮਰਿੰਦਰ ਸਿੰਘ ਅਨੁਸਾਰ, ਐਂਬੂਲੈਂਸ ਨੂੰ ਟਰੈਫਿਕ ਜਾਮ ਤੋਂ ਮੁਕਤ ਰੱਖਣ ਲਈ ਇਸ ਕੋਰੀਡੋਰ ਦਾ ਰਸਤਾ ਓਲਡ ਪੰਚਕੂਲਾ ਤੋਂ ਜ਼ੀਰਕਪੁਰ ਸਰਹੱਦ ਤੱਕ ਤੈਅ ਕੀਤਾ ਗਿਆ ਸੀ। ਇਸ ਤੋਂ ਬਾਅਦ ਦੋ ਗੁਰਦੇ, ਇੱਕ ਲਿਵਰ ਅਤੇ ਦੋ ਅੱਖਾਂ ਹਵਾਈ ਰਸਤੇ ਰਾਹੀਂ ਦਿੱਲੀ ਦੇ ਸਫ਼ਦਰਜੰਗ ਹਸਪਤਾਲ ਅਤੇ ਆਰਮੀ ਹਸਪਤਾਲ ਭੇਜੀਆਂ ਗਈਆਂ।

ਐੱਸ ਐੱਚ ਓ ਟਰੈਫਿਕ ਵਰਿੰਦਰ ਕੁਮਾਰ ਦੀ ਅਗਵਾਈ ਹੇਠ ਟਰੈਫਿਕ ਟੀਮਾਂ ਰੂਟ 'ਤੇ ਤਾਇਨਾਤ ਰਹੀਆਂ, ਜਿਨ੍ਹਾਂ ਨੇ ਐਂਬੂਲੈਂਸ ਨੂੰ ਲੋੜੀਂਦੇ ਸਮੇਂ ਅੰਦਰ ਹਵਾਈ ਅੱਡੇ ਪਹੁੰਚਾਉਣ ਲਈ ਆਵਾਜਾਈ ਦੀ ਬਾਰੀਕੀ ਨਾਲ ਨਿਗਰਾਨੀ ਕੀਤੀ। ਇਸ ਦੌਰਾਨ ਜਿਨ੍ਹਾਂ ਹੋਰ ਜ਼ਿਲ੍ਹਿਆਂ ਵਿੱਚੋਂ ਇਹ ਰਸਤਾ ਲੰਘਦਾ ਸੀ, ਉੱਥੋਂ ਦੀ ਪੁਲੀਸ ਨਾਲ ਵੀ ਤਾਲਮੇਲ ਬਣਾ ਕੇ ਰੱਖਿਆ ਗਿਆ।

ਪੁਲੀਸ ਕਮਿਸ਼ਨਰ ਪੰਕਜ ਨੈਨ ਨੇ ਕਿਹਾ ਕਿ ਆਪਣੇ ਕਿਸੇ ਪਿਆਰੇ ਦੇ ਅੰਗ ਦਾਨ ਕਰਨ ਦਾ ਫ਼ੈਸਲਾ ਕਿਸੇ ਵੀ ਪਰਿਵਾਰ ਲਈ ਬਹੁਤ ਭਾਵੁਕ ਅਤੇ ਦਲੇਰਾਨਾ ਕਦਮ ਹੁੰਦਾ ਹੈ, ਜੋ ਕਈ ਲੋੜਵੰਦ ਲੋਕਾਂ ਨੂੰ ਨਵੀਂ ਜ਼ਿੰਦਗੀ ਦਾ ਮੌਕਾ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਕੋਸ਼ਿਸ਼ ਸਿਰਫ਼ ਟਰੈਫਿਕ ਪ੍ਰਬੰਧਨ ਤੱਕ ਸੀਮਤ ਨਹੀਂ ਸੀ, ਸਗੋਂ ਜਾਨਾਂ ਬਚਾਉਣ ਦੇ ਇੱਕ ਨੇਕ ਕਾਰਜ ਵਿੱਚ ਸਹਿਯੋਗ ਦੇਣਾ ਸੀ।

ਉਨ੍ਹਾਂ ਸਮੇਂ ਸਿਰ ਅੰਗ ਪਹੁੰਚਾਉਣ ਦਾ ਸਿਹਰਾ ਪੁਲੀਸ, ਮੈਡੀਕਲ ਟੀਮਾਂ ਅਤੇ ਹੋਰ ਏਜੰਸੀਆਂ ਵਿਚਕਾਰ ਆਪਸੀ ਮਜ਼ਬੂਤ ਤਾਲਮੇਲ ਨੂੰ ਦਿੱਤਾ। ਉਨ੍ਹਾਂ ਨੇ ਅੰਗ ਦਾਨ ਕਰਨ ਵਾਲੇ ਪਰਿਵਾਰ ਨੂੰ ਸਤਿਕਾਰ ਭੇਟ ਕੀਤਾ ਅਤੇ ਆਮ ਲੋਕਾਂ ਨੂੰ ਅੰਗ ਦਾਨ ਪ੍ਰਤੀ ਹੋਰ ਜਾਗਰੂਕ ਹੋਣ ਦੀ ਅਪੀਲ ਕੀਤੀ।

ਸੜਕ ਹਾਦਸੇ ਵਿੱਚ ਜਾਨ ਗਵਾਉਣ ਵਾਲੇ ਕੁਲਦੀਪ ਸਿੰਘ ਦੇ ਅੰਗਾਂ ਨੇ ਚਾਰ ਲੋਕਾਂ ਨੂੰ ਦਿੱਤਾ ਨਵਾਂ ਜੀਵਨ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਦੇ ਪੀ ਜੀ ਆਈ ਵਿੱਚ ਇਲਾਜ ਅਧੀਨ ਰਹੇ 27 ਸਾਲਾ ਕੁਲਦੀਪ ਸਿੰਘ ਦੇ ਦਿਹਾਂਤ ਤੋਂ ਬਾਅਦ ਉਸ ਦੇ ਪਰਿਵਾਰ ਨੇ ਮਨੁੱਖਤਾ ਦੀ ਭਲਾਈ ਲਈ ਵੱਡਾ ਕਦਮ ਚੁੱਕਿਆ ਹੈ। ਪੁੱਤਰ ਦੇ ਵਿਛੋੜੇ ਦੇ ਗ਼ਮ ਵਿੱਚ ਡੁੱਬੀ ਮਾਂ ਅਤੇ ਪਰਿਵਾਰ ਨੇ ਕੁਲਦੀਪ ਦੇ ਗੁਰਦੇ ਅਤੇ ਕਾਰਨੀਆ ਦਾਨ ਕਰਕੇ ਚਾਰ ਲੋੜਵੰਦ ਮਰੀਜ਼ਾਂ ਨੂੰ ਨਵਾਂ ਜੀਵਨ ਬਖ਼ਸ਼ਿਆ ਹੈ।

ਦਰਅਸਲ ਯਮੁਨਾਨਗਰ ਦੇ ਜਗਾਧਰੀ ਦੇ ਵਸਨੀਕ, ਕੁਲਦੀਪ ਨੂੰ 15 ਸਤੰਬਰ ਨੂੰ ਹਾਦਸੇ ਦੌਰਾਨ ਸਿਰ ਵਿੱਚ ਗੰਭੀਰ ਸੱਟਾਂ ਲੱਗਣ ਤੋਂ ਬਾਅਦ ਚੰਡੀਗੜ੍ਹ ਦੇ ਪੀ ਜੀ ਆਈ ਵਿੱਚ ਦਾਖਲ ਕਰਵਾਇਆ ਗਿਆ ਸੀ। ਜਦੋਂ ਉਹ ਸਕੂਟਰ ਚਲਾ ਰਿਹਾ ਸੀ, ਉਦੋਂ ਉਹ ਸਪੀਡ ਬ੍ਰੇਕਰ 'ਤੇ ਡਿੱਗ ਗਿਆ ਅਤੇ ਉਸ ਦੇ ਗੰਭੀਰ ਸੱਟਾਂ ਲੱਗੀਆਂ ਸਨ।

ਉਸ ਦੀ ਮਾਂ ਬੀਰਾ ਰਾਣੀ ਲਈ ਪੁੱਤਰ ਨੂੰ ਗੁਆਉਣਾ ਕਹਿਰ ਢਾਹੁਣ ਵਾਲਾ ਸੀ। ਉਸ ਦੇ ਛੋਟੇ ਭਰਾ ਪਰਮਿੰਦਰ ਲਈ ਆਪਣੇ ਭਰਾ ਦਾ ਵਿਛੋੜਾ ਇੱਕ ਅਜਿਹਾ ਸਦਮਾ ਸੀ, ਜਿਸ ਨੇ ਪਰਿਵਾਰ ਨੂੰ ਹਮੇਸ਼ਾ ਲਈ ਬਦਲ ਦਿੱਤਾ। ਇਸ ਡੂੰਘੇ ਦੁੱਖ ਦੇ ਵਿਚਕਾਰ ਪਰਿਵਾਰ ਨੂੰ ਅੰਗ ਦਾਨ ਬਾਰੇ ਕਾਉਂਸਲਿੰਗ ਦਿੱਤੀ ਗਈ, ਜਿਸ ਉੱਤੇ ਪਰਿਵਾਰਕ ਮੈਂਬਰਾਂ ਨੇ ਸਹਿਮਤੀ ਦੇ ਦਿੱਤੀ।

ਉਨ੍ਹਾਂ ਦੇ ਇਸ ਫ਼ੈਸਲੇ ਸਦਕਾ ਪੀਜੀਆਈ ਵਿਖੇ ਦੋਵੇਂ ਗੁਰਦੇ ਅਤੇ ਕਾਰਨੀਆ (ਅੱਖਾਂ ਦਾ ਮੂਹਰਲਾ ਪਰਦਾ) ਸਫ਼ਲਤਾਪੂਰਵਕ ਪ੍ਰਾਪਤ ਕਰ ਕੇ ਟਰਾਂਸਪਲਾਂਟ ਕੀਤੇ ਗਏ, ਜਿਸ ਨਾਲ ਗੁਰਦੇ ਫੇਲ੍ਹ ਹੋਣ ਵਾਲੇ ਦੋ ਮਰੀਜ਼ਾਂ ਨੂੰ ਨਵਾਂ ਜੀਵਨ ਮਿਲਿਆ, ਜਦਕਿ ਦੋ ਮਰੀਜ਼ਾਂ ਨੂੰ ਕਾਰਨੀਆ ਟਰਾਂਸਪਲਾਂਟੇਸ਼ਨ ਰਾਹੀਂ ਅੱਖਾਂ ਦੀ ਰੌਸ਼ਨੀ ਮਿਲੀ।

ਪੁੱਤਰ ਦੇ ਵਿਛੋੜੇ ਵਿੱਚ ਡੁੱਬੀ ਮਾਂ ਬੀਰਾ ਰਾਣੀ ਨੇ ਕੁਲਦੀਪ ਨੂੰ ਗੁਆਉਣ ਦੇ ਦਰਦ ਅਤੇ ਅੰਗ ਦਾਨ ਤੋਂ ਮਿਲੇ ਸਕੂਨ ਬਾਰੇ ਦੱਸਿਆ।

ਉਨ੍ਹਾਂ ਕਿਹਾ, ਸਾਡੇ ਲਈ ਇਹ ਮੰਨਣਾ ਅਸੰਭਵ ਹੈ ਕਿ ਕੁਲਦੀਪ ਹੁਣ ਇਸ ਦੁਨੀਆ ਵਿੱਚ ਨਹੀਂ ਹੈ। ਘਰ, ਪਰਿਵਾਰ ਅਤੇ ਸਾਡਾ ਆਲਾ-ਦੁਆਲਾ ਸਭ ਬਦਲਿਆ ਜਿਹਾ ਲੱਗਦਾ ਹੈ। ਪਰ ਜਦੋਂ ਅਸੀਂ ਸੋਚਦੇ ਹਾਂ ਕਿ ਉਸ ਦੇ ਅੰਗਾਂ ਨੇ ਕਿਸੇ ਨੂੰ ਜਿਊਣ ਦਾ ਨਵਾਂ ਮੌਕਾ ਦਿੱਤਾ ਹੈ ਅਤੇ ਉਸ ਦੀਆਂ ਕਾਰਨੀਆ ਕਿਸੇ ਨੂੰ ਦੁਨੀਆ ਦੇਖਣ ਵਿੱਚ ਮਦਦ ਕਰ ਰਹੀਆਂ ਹਨ, ਤਾਂ ਮਹਿਸੂਸ ਹੁੰਦਾ ਹੈ ਕਿ ਕੁਲਦੀਪ ਦਾ ਇੱਕ ਹਿੱਸਾ ਅਜੇ ਵੀ ਸਾਡੇ ਨਾਲ ਹੈ। ਅਸੀਂ ਚਾਹੁੰਦੇ ਹਾਂ ਕਿ ਉਸ ਦਾ ਜੀਵਨ ਦੂਜਿਆਂ ਲਈ ਉਮੀਦ ਦਾ ਸੁਨੇਹਾ ਬਣੇ। ਉੱਥੇ ਹੀ ਕੁਲਦੀਪ ਦੇ ਭਰਾ ਨੇ ਕਿਹਾ, ਜੋ ਮੇਰੇ ਭਰਾ ਨਾਲ ਵਾਪਰਿਆ, ਉਹ ਕਿਸੇ ਨਾਲ ਨਹੀਂ ਵਾਪਰਨਾ ਚਾਹੀਦਾ।

ਹਾਈ ਕੋਰਟ ਵਲੋਂ ਦੋ ਸਰਕਾਰੀ ਤੇ ਦੋ ਬੈਂਕ ਅਧਿਕਾਰੀਆਂ ਦੀ ਤਨਖਾਹ 'ਤੇ ਰੋਕ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਇੱਕ 80 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ ਨੂੰ ਉਸ ਦੇ ਹੱਕੀ ਬਕਾਏ ਲੈਣ ਲਈ ਦਰ-ਦਰ ਭਟਕਣ ਲਈ ਮਜ਼ਬੂਰ ਕਰਨ 'ਤੇ ਪੰਜਾਬ ਸਰਕਾਰ ਨੂੰ ਤਾੜਨਾ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਨਿਰਦੇਸ਼ ਦਿੱਤੇ ਹਨ ਕਿ ਚਾਰ ਸਰਕਾਰੀ ਅਤੇ ਬੈਂਕ ਅਧਿਕਾਰੀ ਅਦਾਲਤ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਆਪਣੀਆਂ ਤਨਖ਼ਾਹਾਂ ਨਹੀਂ ਲੈ ਸਕਣਗੇ। ਜਸਟਿਸ ਕੁਲਦੀਪ ਤਿਵਾੜੀ ਨੇ ਹੁਕਮ ਦਿੱਤਾ ਕਿ ਇਹ ਹੁਕਮ ਉਦੋਂ ਤੱਕ ਲਾਗੂ ਰਹੇਗਾ ਜਦੋਂ ਤੱਕ ਇਹ ਅਧਿਕਾਰੀ ਪਟੀਸ਼ਨਰ ਨੂੰ ਪੈਨਸ਼ਨ ਦੇ ਬਕਾਏ ਦੇ ਭੁਗਤਾਨ ਨਾਲ ਸਬੰਧਤ ਮਾਮਲੇ ਨੂੰ ਹੱਲ ਕਰਨ ਲਈ ਸਾਂਝੇ ਤੌਰ 'ਤੇ ਪ੍ਰਭਾਵਸ਼ਾਲੀ ਕਦਮ ਨਹੀਂ ਚੁੱਕਦੇ।

ਇਹ ਨਿਰਦੇਸ਼ ਜਗਦੀਸ਼ ਰਾਜ ਅਰੋੜਾ ਵੱਲੋਂ ਆਪਣੀ ਮ੍ਰਿਤਕ ਪਤਨੀ ਸੁਦਰਸ਼ਨ ਕੁਮਾਰੀ, ਜੋ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਗੁਰਦਾਸਪੁਰ ਵਜੋਂ ਸੇਵਾਮੁਕਤ ਹੋਈ ਸੀ, ਦੇ ਸਬੰਧ ਵਿੱਚ 2007 ਤੋਂ ਬਕਾਇਆ ਪੈਨਸ਼ਨ ਜਾਰੀ ਕਰਨ ਲਈ ਦਾਇਰ ਪਟੀਸ਼ਨ 'ਤੇ ਆਏ ਹਨ।

ਪਟੀਸ਼ਨਰ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਜੀ.ਐੱਸ. ਬਲ ਨੇ ਵਕੀਲ ਲਕਸ਼ਮਣ ਚੌਧਰੀ ਨਾਲ ਦਲੀਲ ਦਿੱਤੀ ਕਿ ਪਟੀਸ਼ਨਰ ਵੱਲੋਂ ਬਕਾਏ ਜਾਰੀ ਕਰਵਾਉਣ ਲਈ ਹਰ ਸੰਭਵ ਅਤੇ ਗੰਭੀਰ ਯਤਨ ਕਰਨ ਦੇ ਬਾਵਜੂਦ ਬਕਾਇਆ ਲਗਪਗ 2007 ਤੋਂ ਅਣਵੰਡਿਆ ਪਿਆ ਹੈ। ਬਲ ਨੇ ਅੱਗੇ ਕਿਹਾ ਕਿ ਪੈਨਸ਼ਨ ਵੰਡਣ ਵਾਲੀ ਅਥਾਰਟੀ ਅਤੇ ਵੰਡਣ ਵਾਲੀ ਏਜੰਸੀ ਇੱਕ-ਦੂਜੇ 'ਤੇ ਜ਼ਿੰਮੇਵਾਰੀ ਸੁੱਟ ਰਹੇ ਹਨ, ਜਿਸ ਦੇ ਨਤੀਜੇ ਵਜੋਂ ਪ੍ਰਵਾਨਗੀ ਤੋਂ ਬਿਨਾਂ ਆਪਣੀਆਂ ਤਨਖ਼ਾਹਾਂ ਨਹੀਂ ਲੈ ਸਕਣਗੇ। ਜਸਟਿਸ ਕੁਲਦੀਪ ਤਿਵਾੜੀ ਨੇ ਹੁਕਮ ਦਿੱਤਾ ਕਿ ਇਹ ਹੁਕਮ ਉਦੋਂ ਤੱਕ ਲਾਗੂ ਰਹੇਗਾ ਜਦੋਂ ਤੱਕ ਇਹ ਅੱਜ ਤੱਕ ਬਕਾਇਆ ਜਾਰੀ ਨਹੀਂ ਕੀਤਾ ਗਿਆ।

ਦਿਹਾਤੀ ਖੇਤਰਾਂ ਦੇ ਕਾਇਆ ਕਲਪ ਲਈ ਸਵੱਛਤਾ ਹੀ ਸੇਵਾ 2026 ਮੁਹਿੰਮ ਦਾ ਆਗਾਜ਼

ਗੁਰਦਾਸਪੁਰ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਗੁਰਦਾਸਪੁਰ ਦੇ ਦਿਹਾਤੀ ਖੇਤਰਾਂ ਦੀ ਨੁਹਾਰ ਬਦਲਣ ਅਤੇ ਲੋਕਾਂ ਨੂੰ ਸਫਾਈ ਪ੍ਰਤੀ ਜਾਗਰੂਕ ਕਰਨ ਦੇ ਮਕਸਦ ਨਾਲ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਲੋਂ 'ਸਵੱਛਤਾ ਹੀ ਸੇਵਾ' 2026 ਮੁਹਿੰਮ ਦਾ ਸ਼ਾਨਦਾਰ ਆਗਾਜ਼ ਕੀਤਾ ਗਿਆ। ਇਸ ਮੁਹਿੰਮ ਤਹਿਤ 2 ਅਕਤੂਬਰ ਤੱਕ ਰੋਜ਼ਾਨਾ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ ਚਲਾਈਆਂ ਜਾਣਗੀਆਂ, ਤਾਂ ਜੋ ਪਿੰਡਾਂ ਦਾ ਸਵੱਛਤਾ ਪੱਖੋਂ ਕਾਇਆ ਕਲਪ ਕੀਤਾ ਜਾ ਸਕੇ।

ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪਿੰਡ ਸਿੰਘਪੁਰਾ, ਬਲਾਕ ਧਾਰੀਵਾਲ ਵਿਖੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਲੋਂ ਸਫ਼ਾਈ ਮੁਹਿੰਮ ਚਲਾਈ ਗਈ।

ਇਸ ਮੌਕੇ ਜਾਣਕਾਰੀ ਦਿੰਦਿਆਂ ਐਕਸੀਅਨ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਗੁਰਦਾਸਪੁਰ ਵਿਜੇ ਕੁਮਾਰ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਜ਼ਿਲ੍ਹਾ, ਬਲਾਕ ਅਤੇ ਪਿੰਡ ਪੱਧਰ 'ਤੇ ਜਾਗਰੂਕਤਾ ਫੈਲਾਈ ਜਾਵੇਗੀ। ਪਿੰਡਾਂ ਵਿਚ ਠੋਸ ਤੇ ਤਰਲ ਕੂੜਾ ਪ੍ਰਬੰਧਨ, ਸਫਾਈ ਮੁਹਿੰਮਾਂ ਅਤੇ ਕਮਿਊਨਿਟੀ ਸ਼ਮੂਲੀਅਤ ਵਾਲੇ ਪ੍ਰੋਗਰਾਮ ਉਲੀਕੇ ਗਏ ਹਨ।

ਉਨ੍ਹਾਂ ਕਿਹਾ ਕਿ ਮੁਹਿੰਮ ਦਾ ਮੁੱਖ ਉਦੇਸ਼ ਹਰ ਨਾਗਰਿਕ ਨੂੰ ਇਸ ਸਫ਼ਾਈ ਅਭਿਆਨ ਦਾ ਹਿੱਸਾ ਬਣਾ ਕੇ ਪੰਜਾਬ ਦੇ ਪਿੰਡਾਂ ਨੂੰ ਨਰੋਆ, ਹਰਾ-ਭਰਾ ਅਤੇ ਸਵੱਛ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਕੂੜਾ ਪ੍ਰਬੰਧਨ ਅਤੇ ਸਵੱਛਤਾ ਨੂੰ ਯਕੀਨੀ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ, ਅਤੇ ਇਸ ਮਿਸ਼ਨ ਵਿਚ ਆਮ ਲੋਕਾਂ ਦੀ ਭਾਗੀਦਾਰੀ ਸਭ ਤੋਂ ਮਹੱਤਵਪੂਰਨ ਹੈ। ਇਸ ਮੌਕੇ ਐੱਸ.ਡੀ.ਓ ਕੰਵਰਜੀਤ ਰੱਤੜਾ ਤੇ ਹੋਰ ਵਿਭਾਗੀ ਸਟਾਫ ਮੌਜੂਦ ਸਨ।

ਅੰਮ੍ਰਿਤਸਰ ਵਿਖੇ 23 ਸਤੰਬਰ ਨੂੰ ਹੋਵੇਗੀ ਐਨ.ਆਰ.ਆਈ ਮਿਲਣੀ : ਡੀ.ਸੀ ਰਾਹੁਲ

ਤਰਨਤਾਰਨ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਐਨ.ਆਰ.ਆਈ. ਮਾਮਲੇ ਵਿਭਾਗ ਵੱਲੋਂ ਗੈਰ-ਨਿਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਲਈ 23 ਸਤੰਬਰ ਨੂੰ ਅੰਮ੍ਰਿਤਸਰ ਵਿਖੇ 'ਐਨ.ਆਰ.ਆਈ ਮਿਲਣੀ' ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਦੱਸਿਆ ਕਿ ਇਹ ਸਮਾਗਮ ਸਵੇਰੇ 10 ਵਜੇ ਹੋਟਲ ਲੀ ਮੈਰੀਡਨ (ਸਾਹਮਣੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ), ਅੰਮ੍ਰਿਤਸਰ ਵਿਖੇ ਹੋਵੇਗਾ।

ਉਨ੍ਹਾਂ ਦੱਸਿਆ ਕਿ ਇਸ ਮਿਲਣੀ ਵਿੱਚ ਅੰਮ੍ਰਿਤਸਰ, ਤਰਨ ਤਾਰਨ ਅਤੇ ਹੋਰਨਾਂ ਲਾਗਲੇ ਜ਼ਿਲ੍ਹਿਆਂ ਨਾਲ ਸਬੰਧਤ ਐਨ.ਆਰ.ਆਈ ਭਾਗ ਲੈਣਗੇ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਐਨ.ਆਰ.ਆਈ ਮਾਮਲੇ ਵਿਭਾਗ ਅਤੇ ਹੋਰਨਾਂ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਰਹਿਣਗੇ, ਜੋ ਭਾਗੀਦਾਰਾਂ ਦੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਨੂੰ ਸੁਣ ਕੇ ਉਨ੍ਹਾਂ ਦੇ ਜਲਦੀ ਨਿਪਟਾਰੇ ਲਈ ਲੋੜੀਂਦੀ ਕਾਰਵਾਈ ਨੂੰ ਯਕੀਨੀ ਬਣਾਉਣਗੇ।

ਉਨ੍ਹਾਂ ਕਿਹਾ ਕਿ ਐਨ.ਆਰ.ਆਈ ਮਿਲਣੀਆਂ ਦਾ ਮੁੱਖ ਉਦੇਸ਼ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਇਕ ਅਜਿਹਾ ਸਾਂਝਾ ਮੰਚ ਪ੍ਰਦਾਨ ਕਰਨਾ ਹੈ, ਜਿਥੇ ਉਹ ਆਪਣੀਆਂ ਸ਼ਿਕਾਇਤਾਂ ਸਿੱਧੇ ਤੌਰ 'ਤੇ ਸਬੰਧਤ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਸਕਣ ਅਤੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਯਕੀਨੀ ਬਣਾਇਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਤਰਨ ਤਾਰਨ ਜ਼ਿਲ੍ਹੇ ਨਾਲ ਸਬੰਧਤ ਐਨ.ਆਰ.ਆਈਜ਼ ਨੂੰ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਯੋਗ ਐਨ.ਆਰ.ਆਈਜ਼ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਦਾ ਲਾਭ ਉਠਾਉਂਦੇ ਹੋਏ ਸੀਨੀਅਰ ਸਰਕਾਰੀ ਅਧਿਕਾਰੀਆਂ ਨਾਲ ਸਿੱਧਾ ਸੰਵਾਦ ਕਰਨ ਅਤੇ ਆਪਣੀਆਂ ਸਮੱਸਿਆਵਾਂ ਸਬੰਧਤ ਅਥਾਰਟੀਆਂ ਦੇ ਧਿਆਨ ਵਿੱਚ ਲਿਆਉਣ।

ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ

ਜਲੰਧਰ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਵਿੱਢੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਯੁਵਕ ਸੇਵਾਵਾਂ ਵਿਭਾਗ ਵੱਲੋਂ ਯੁਵਕ ਸੇਵਾਵਾਂ ਕਲੱਬ ਕੰਨਿਆਵਾਲੀ ਅਰਬਨ ਅਸਟੇਟ ਫੇਜ਼-1 ਦੇ ਸਹਿਯੋਗ ਨਾਲ ਭਗਵਾਨ ਵਾਲਮੀਕਿ ਮੰਦਰ ਵਿੱਚ ਨਸ਼ਿਆਂ ਵਿਰੋਧੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਯੁਵਕ ਸੇਵਾਵਾਂ ਵਿਭਾਗ ਦੇ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਰਹਿਨੁਮਾਈ ਹੇਠ ਕਰਵਾਏ ਇਸ ਪ੍ਰੋਗਰਾਮ ਦੌਰਾਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰਵੀ ਦਾਰਾ ਨੇ ਆਪਣਾ 'ਟੀਕਾ' ਗੀਤ ਗਾ ਕੇ ਨੌਜਵਾਨਾਂ ਨੂੰ ਚਿੱਟੇ ਦੇ ਨਸ਼ੇ ਦੇ ਮਾਰੂ ਅਸਰ ਤੋਂ ਜਾਣੂ ਕਰਵਾਇਆ। ਉਨ੍ਹਾਂ ਨੌਜਵਾਨਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦਾ ਸੱਦਾ ਦਿੰਦਿਆਂ ਨਸ਼ਿਆਂ ਦੀ ਲਾਹਨਤ ਤੋਂ ਦੂਰ ਰਹਿਣ ਲਈ ਕਿਹਾ।

ਮੰਦਰ ਦੇ ਸੰਚਾਲਕ ਅਸ਼ੋਕ ਲਕੇਸ਼ ਨੇ ਗੀਤ ਰਾਹੀਂ ਨੌਜਵਾਨਾਂ ਨੂੰ ਸ਼ਰਾਬ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਂਦਿਆਂ ਇਸ ਮਾੜੀ ਆਦਤ ਤੋਂ ਦੂਰ ਰਹਿਣ ਲਈ ਪ੍ਰੇਰਿਆ। ਸ਼ਾਇਰ ਮਾਸਟਰ ਬਲਦੇਵ ਸਿੰਘ ਨੇ ਆਪਣੀਆਂ ਨਸ਼ਾ ਵਿਰੋਧੀ ਕਵਿਤਾਵਾਂ ਨਾਲ ਇਸ ਅਲਾਮਤ 'ਤੇ ਚੋਟ ਕੀਤੀ। ਇਸ ਮੌਕੇ ਇਲਾਕੇ ਦੇ ਕੌਂਸਲਰ ਮਿੰਟੂ ਜਨੇਜਾ, ਕਲੱਬ ਦੇ ਪ੍ਰਧਾਨ ਵਿਕਾਸ ਸਿੱਧੂ ਤੋਂ ਇਲਾਵਾ ਰਤੇ ਸਿੱਧੂ, ਅਮਰਦੀਪ ਸਿੱਧੂ, ਰਾਜ ਸਿੱਧੂ ਅਤੇ ਵੱਡੀ ਗਿਣਤੀ ਮੁਹੱਲਾ ਵਾਸੀਆਂ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਅਖੀਰ ਵਿੱਚ ਹਿੱਸਾ ਲੈਣ ਵਾਲੇ ਭਾਗੀਦਾਰਾਂ ਨੂੰ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।

ਵਿਦਿਆਰਥੀਆਂ ਨੂੰ ਹੱਕਾਂ ਬਾਰੇ ਜਾਗਰੂਕ ਕੀਤਾ

ਸ਼ਾਹਬਾਦ ਮਾਰਕੰਡਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਮਹਾਂਵੀਰ ਜੈਨ ਪਬਲਿਕ ਸਕੂਲ ਵਿੱਚ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਤੇ ਉਨ੍ਹਾਂ ਦੇ ਹੱਕਾਂ ਬਾਰੇ ਜਾਗਰੂਕ ਕਰਨ ਲਈ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ। ਸਮਾਗਮ ਵਿੱਚ ਬਤੌਰ ਮੁੱਖ ਬੁਲਾਰੇ ਸ੍ਰੀਨਿਵਾਸ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੋਕਸੋ ਐਕਟ ਦੀਆਂ ਵੱਖ-ਵੱਖ ਧਾਰਾਵਾਂ, ਬੱਚਿਆਂ ਨਾਲ ਬਦਸਲੂਕੀ ਤੋਂ ਸੁਰੱਖਿਆ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਸਥਿਤੀ ਵਿੱਚ ਚੁੱਕੇ ਜਾਣ ਵਾਲੇ ਜ਼ਰੂਰੀ ਕਦਮਾਂ ਬਾਰੇ ਜਾਣਕਾਰੀ ਦਿੱਤੀ। ਸ੍ਰੀ ਨਿਵਾਸ ਨੇ ਕਿਹਾ ਕਿ ਬੱਚਿਆਂ ਲਈ ਆਪਣੇ ਅਧਿਕਾਰਾਂ ਅਤੇ ਸੁਰੱਖਿਆ ਸਬੰਧੀ ਕਾਨੂੰਨਾਂ ਪ੍ਰਤੀ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਾਗਰੂਕਤਾ ਰਾਹੀਂ ਬੱਚਿਆਂ ਨੂੰ ਸ਼ੋਸ਼ਣ ਅਤੇ ਅਪਰਾਧਾਂ ਤੋਂ ਬਚਾਇਆ ਜਾ ਸਕਦਾ ਹੈ ਅਤੇ ਕਿਸੇ ਵੀ ਸ਼ੱਕੀ ਸਥਿਤੀ ਵਿੱਚ ਬਿਨਾਂ ਝਿਜਕ ਆਪਣੇ ਮਾਪਿਆਂ, ਅਧਿਆਪਕਾਂ ਜਾਂ ਸਬੰਧਤ ਅਧਿਕਾਰੀਆਂ ਨਾਲ ਗੱਲ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਪੋਕਸੋ ਐਕਟ ਦੇ ਤਹਿਤ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਕਾਨੂੰਨੀ ਸੁਰੱਖਿਆ ਬਾਰੇ ਵੀ ਵਿਸਤਾਰ ਨਾਲ ਜਾਣਕਾਰੀ ਦਿੱਤੀ। ਸਕੂਲ ਪ੍ਰਿੰਸੀਪਲ ਪੂਜਾ ਸ਼ਰਮਾ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਸਕੂਲ ਲਈ ਸਭ ਤੋਂ ਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਵਾਤਾਵਰਨ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਮੁੱਖ ਬੁਲਾਰੇ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਸਮਾਗਮ ਵਿੱਚ ਦਿੱਤੀ ਗਈ ਜਾਣਕਾਰੀ ਨੂੰ ਗੰਭੀਰਤਾ ਨਾਲ ਲੈਣ ਦੀ ਅਪੀਲ ਕੀਤੀ।

ਪੀ.ਆਈ.ਟੀ. ਨੰਦਗੜ੍ਹ ਦੇ ਵਿਦਿਆਰਥੀਆਂ ਲਈ ਵਿਦਿਅਕ ਅਤੇ ਇਤਿਹਾਸਕ ਟੂਰ ਦਾ ਆਯੋਜਨ; ਇਤਿਹਾਸਕ ਅਸਥਾਨਾਂ ਦੇ ਕੀਤੇ ਦਰਸ਼ਨ

ਨੰਦਗੜ੍ਹ/ਬਠਿੰਡਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ (ਪੀ.ਆਈ.ਟੀ.), ਨੰਦਗੜ੍ਹ ਵੱਲੋਂ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਅਤੇ ਉਨ੍ਹਾਂ ਨੂੰ ਇਤਿਹਾਸਕ ਵਿਰਸੇ ਨਾਲ ਜੋੜਨ ਦੇ ਮਕਸਦ ਨਾਲ ਇੱਕ ਰੋਜ਼ਾ ਵਿਦਿਅਕ ਅਤੇ ਧਾਰਮਿਕ ਟੂਰ ਦਾ ਆਯੋਜਨ ਕੀਤਾ ਗਿਆ। ਇਹ ਟੂਰ ਇਤਿਹਾਸਕ ਸ਼ਹਿਰ ਫ਼ਰੀਦਕੋਟ ਵਿਖੇ ਲਿਜਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੀ ਟੂਰ ਬੱਸ ਨੂੰ ਸੰਸਥਾ ਦੇ ਡਾਇਰੈਕਟਰ ਡਾ. ਦੇਵਾਨੰਦ ਉੱਤਮ ਜੀ ਅਤੇ ਅਸਿਸਟੈਂਟ ਡਾਇਰੈਕਟਰ ਡਾ. ਵਿਨੀਤ ਚਾਵਲਾ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਉਨ੍ਹਾਂ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀ ਜੀਵਨ ਵਿੱਚ ਅਜਿਹੇ ਟੂਰਾਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ।

ਫ਼ਰੀਦਕੋਟ ਪਹੁੰਚਣ 'ਤੇ ਵਿਦਿਆਰਥੀਆਂ ਨੇ ਸਭ ਤੋਂ ਪਹਿਲਾਂ ਸੂਫ਼ੀ ਸੰਤ ਬਾਬਾ ਸ਼ੇਖ਼ ਫ਼ਰੀਦ ਜੀ ਦੇ ਪਵਿੱਤਰ ਅਸਥਾਨ 'ਟਿੱਲਾ ਬਾਬਾ ਫ਼ਰੀਦ ਜੀ' ਦੇ ਦਰਸ਼ਨ ਕੀਤੇ। ਇੱਥੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਬਾਬਾ ਫ਼ਰੀਦ ਜੀ ਦੇ ਇਤਿਹਾਸ ਬਾਰੇ ਦੱਸਿਆ ਕਿ 12ਵੀਂ-13ਵੀਂ ਸਦੀ ਦੇ ਇਸ ਮਹਾਨ ਸੂਫ਼ੀ ਸੰਤ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਦਰਜ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਨੇ ਇਸ ਅਸਥਾਨ ਦੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕੀਤੀ। ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਕਿਵੇਂ 13ਵੀਂ ਸਦੀ ਵਿੱਚ ਰਾਜਾ ਮੋਕਲਸੀ ਵੱਲੋਂ ਕਰਵਾਈ ਜਾ ਰਹੀ ਜ਼ਬਰਦਸਤੀ ਮਜ਼ਦੂਰੀ (ਵੇਗਾਰ) ਦੌਰਾਨ ਬਾਬਾ ਜੀ ਦੇ ਸਿਰ 'ਤੇ ਗਾਰੇ ਦੀ ਟੋਕਰੀ ਹਵਾ ਵਿੱਚ ਉੱਡਣ ਦਾ ਚਮਤਕਾਰ ਦੇਖ ਕੇ ਰਾਜਾ ਚਰਨੀਂ ਪੈ ਗਿਆ ਸੀ ਅਤੇ ਉਸ ਨੇ ਸ਼ਹਿਰ ਦਾ ਨਾਮ 'ਮੋਕਲਹਰ' ਤੋਂ ਬਦਲ ਕੇ 'ਫ਼ਰੀਦਕੋਟ' ਰੱਖ ਦਿੱਤਾ ਸੀ। ਇਸੇ ਟਿੱਲੇ 'ਤੇ ਬਾਬਾ ਜੀ ਨੇ 40 ਦਿਨ ਤਪੱਸਿਆ ਕੀਤੀ ਸੀ। ਇਸ ਤੋਂ ਬਾਅਦ ਸਮੂਹ ਵਿਦਿਆਰਥੀ ਅਤੇ ਸਟਾਫ਼ ਮੈਂਬਰ ਗੁਰਦੁਆਰਾ ਮਾਈ ਗੋਦੜੀ ਸਾਹਿਬ ਵਿਖੇ ਨਤਮਸਤਕ ਹੋਏ। ਇੱਥੇ ਉਨ੍ਹਾਂ ਨੇ ਇਲਾਹੀ ਬਾਣੀ ਦਾ ਆਨੰਦ ਮਾਣਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਅਸਥਾਨ ਦੇ ਪਿਛੋਕੜ ਬਾਰੇ ਜਾਣਦਿਆਂ ਵਿਦਿਆਰਥੀਆਂ ਨੇ ਸਿੱਖਿਆ ਕਿ ਸ਼ਹਿਰ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਬਾਬਾ ਜੀ ਨੇ ਇਸੇ ਜਗ੍ਹਾ ਆਪਣੀ ਫਟੀ ਹੋਈ ਗੋਦੜੀ (ਕੰਬਲੀ) ਨੂੰ ਖੁਦ ਸੂਈ-ਧਾਗੇ ਨਾਲ ਰਫ਼ੂ ਕੀਤਾ ਸੀ, ਜੋ ਕਿ ਉਨ੍ਹਾਂ ਦੇ ਸਾਦਗੀ ਭਰੇ ਜੀਵਨ ਦਾ ਪ੍ਰਤੀਕ ਹੈ।

ਇਸ ਦੌਰਾਨ ਵਿਦਿਆਰਥੀਆਂ ਦੇ ਖਾਣ-ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਸਾਰਿਆਂ ਨੇ ਇਕੱਠੇ ਬੈਠ ਕੇ ਦੁਪਹਿਰ ਦੇ ਖਾਣੇ ਦਾ ਸਵਾਦ ਲਿਆ। ਪੜ੍ਹਾਈ ਦੇ ਰੁਝੇਵਿਆਂ ਤੋਂ ਦੂਰ ਵਿਦਿਆਰਥੀਆਂ ਨੇ ਆਪਸੀ ਸਾਂਝ ਵਧਾਉਂਦਿਆਂ ਖੂਬ ਮਨੋਰੰਜਨ ਕੀਤਾ, ਗੀਤ ਗਾਏ ਅਤੇ ਇਸ ਯਾਦਗਾਰੀ ਸਫ਼ਰ ਦਾ ਪੂਰਾ ਆਨੰਦ ਲਿਆ।

ਇਸ ਟੂਰ ਨੂੰ ਸਫ਼ਲ ਬਣਾਉਣ ਵਿੱਚ ਅਸਿਸਟੈਂਟ ਪ੍ਰੋਫੈਸਰ ਹਰਮਨਦੀਪ ਕੌਰ, ਅਰਸ਼ਦੀਪ ਕੌਰ, ਜਸ਼ਨਦੀਪ ਕੌਰ, ਗਗਨਦੀਪ ਕੌਰ, ਮਨਮੀਤ ਕੌਰ, ਰਾਜਵੰਤ ਕੌਰ, ਦਲਜੀਤ ਕੌਰ, ਇੰਸਟ੍ਰਕਟਰ ਸ਼ਿੰਦਰਪਾਲ ਕੌਰ, ਟੈਕਨੀਸ਼ੀਅਨ ਗੁਰਪ੍ਰਤੀਕ ਸਿੰਘ, ਲੈਬ ਅਟੈਂਡੈਂਟ ਸਵਰਨ ਸਿੰਘ ਅਤੇ ਕਲਰਕ ਅਨਿਲ ਸ਼ਰਮਾ ਨੇ ਅਹਿਮ ਭੂਮਿਕਾ ਨਿਭਾਈ। ਵਿਦਿਆਰਥੀਆਂ ਨੇ ਇਸ ਗਿਆਨਵਰਧਕ ਟੂਰ ਲਈ ਸੰਸਥਾ ਦੀ ਮੈਨੇਜਮੈਂਟ ਅਤੇ ਅਧਿਆਪਕਾਂ ਦਾ ਦਿਲੋਂ ਧੰਨਵਾਦ ਕੀਤਾ।

ਇਸ ਸਫ਼ਲ ਟੂਰ ਦੇ ਆਯੋਜਨ 'ਤੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਬਠਿੰਡਾ ਦੇ ਮਾਨਯੋਗ ਵਾਈਸ ਚਾਂਸਲਰ ਪ੍ਰੋ. (ਡਾ.) ਸੰਜੀਵ ਕੁਮਾਰ ਸ਼ਰਮਾ ਅਤੇ ਰਜਿਸਟਰਾਰ ਪ੍ਰੋ. (ਡਾ.) ਪਰਮਜੀਤ ਸਿੰਘ ਨੇ ਪੀ.ਆਈ.ਟੀ. ਨੰਦਗੜ੍ਹ ਦੀ ਮੈਨੇਜਮੈਂਟ, ਸਟਾਫ਼ ਅਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੇ ਵਿਦਿਅਕ ਅਤੇ ਇਤਿਹਾਸਕ ਟੂਰ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਉਨ੍ਹਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਵਿੱਚ ਬਹੁਤ ਸਹਾਈ ਸਿੱਧ ਹੁੰਦੇ ਹਨ।

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ; ਤਰਨ ਤਾਰਨ ਵਿਖੇ ਹੋਇਆ ਸ਼ਾਨਦਾਰ ਤੇ ਦਿਲਕਸ਼ ਡਰੋਨ ਸ਼ੋਅ

ਤਰਨ ਤਾਰਨ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਰਾਜ ਭਰ ਵਿੱਚ ਕਰਵਾਏ ਜਾ ਰਹੇ ਲੜੀਵਾਰ ਸਮਾਗਮਾਂ ਤਹਿਤ ਅੱਜ ਜ਼ਿਲਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਦੀ ਅਗਵਾਈ ਹੇਠ ਤਰਨ ਤਾਰਨ ਵਿਖੇ ਸ਼ਾਨਦਾਰ ਡਰੋਨ ਸ਼ੋਅ ਕਰਵਾਇਆ ਗਿਆ।

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਦੀ ਗਰਾਊਂਡ ਵਿੱਚ ਹੋਏ ਇਸ ਡਰੋਨ ਸ਼ੋਅ ਦੌਰਾਨ 500 ਡਰੋਨਾਂ ਦੇ ਨਾਲ ਬਣਾਈਆਂ ਆਲੌਕਿਕ ਆਕ੍ਰਿਤੀਆਂ ਰਾਹੀਂ ਰਾਤ ਸਮੇਂ ਆਸਮਾਨ ਨੂੰ ਰੋਸ਼ਨ ਕਰਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਅਤੇ ਫ਼ਲਸਫ਼ੇ ਬਾਰੇ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ। ਸ਼ੋਅ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪੁੱਜੀ ਸੰਗਤ ਨੂੰ ਆਧੁਨਿਕ ਤਕਨੀਕ ਦੇ ਜ਼ਰੀਏ ਗੁਰੂ ਜੀ ਦੇ ਸਮਾਜਿਕ ਬਰਾਬਰੀ, ਦਇਆ, ਸਮਾਜਿਕ ਨਿਆਂ ਅਤੇ ਵਿਸ਼ਵ ਭਾਈਚਾਰੇ ਦੇ ਸੰਦੇਸ਼ਾਂ ਤੋਂ ਜਾਣੂ ਕਰਵਾਇਆ ਗਿਆ।

ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਖੇੜਾ ਵੱਲੋਂ ਉੱਘੀਆਂ ਸ਼ਖਸੀਅਤਾਂ ਸਮੇਤ ਸਮਾਗਮ ਵਿੱਚ ਸ਼ਿਰਕਤ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਤੇ ਮਹਾਨ ਉਪਦੇਸ਼ਾਂ ਨਾਲ ਜੋੜਨ ਦਾ ਇਹ ਇਕ ਵਿਲੱਖਣ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ ਯੋਜਨਾਬੱਧ ਤਰੀਕੇ ਨਾਲ ਕਰਵਾਏ ਜਾ ਰਹੇ 92 ਡਰੋਨ ਸ਼ੋਆਂ ਵਿੱਚੋਂ 2 ਸ਼ੋਅ ਤਰਨ ਤਾਰਨ ਅਤੇ ਪੱਟੀ ਦੇ ਹਿੱਸੇ ਆਏ ਹਨ।

ਅਤਿ-ਆਧੁਨਿਕ ਤਕਨਾਲੋਜੀ ਵਾਲਾ ਇਹ ਵਿਲੱਖਣ ਸ਼ੋਅ ਸੰਗਤਾਂ ਨੂੰ ਅਧਿਆਤਮਕਤਾ ਦੇ ਨੇੜੇ ਲਿਆਉਣ ਵਿੱਚ ਸਫ਼ਲਤਾ ਪੂਰਵਕ ਸੰਪੰਨ ਹੋਇਆ।

ਇਸ ਮੌਕੇ ਐਸ.ਡੀ.ਐਮ ਤਰਨ ਤਾਰਨ ਡਾ. ਕਰਨਵੀਰ ਸਿੰਘ, ਨਾਇਬ ਤਹਿਸੀਲਦਾਰ ਰਤਨਜੀਤ ਖੁੱਲਰ, ਸਰਬਰਿੰਦਰ ਸਿੰਘ ਭਰੋਵਾਲ ਐਮ.ਸੀ, ਜਸਕਰਨ ਸਿੰਘ ਗਿੱਲ ਐਮ.ਸੀ, ਰੁਪਿੰਦਰ ਕੌਰ ਸੰਧੂ ਚੇਅਰਮੈਨ ਮਾਰਕੀਟ ਕਮੇਟੀ, ਸੰਗਠਨ ਸਕੱਤਰ ਅੰਜੂ ਵਰਮਾ, ਜਰਨੈਲ ਸਿੰਘ ਐਮ.ਸੀ, ਯਾਦਵਿੰਦਰ ਸਿੰਘ ਯਾਦੂ ਐਮ.ਸੀ, ਪੁਨੀਤ, ਅਮਰਿੰਦਰ ਸਿੰਘ ਨੀਨਾ, ਗੁਰਚਰਨਪ੍ਰੀਤ ਸਿੰਘ,ਪ੍ਰਿੰਸੀਪਲ ਸਤਵੰਤ ਸਿੰਘ ਬੈਂਸ, ਲੈਕਚਰਾਰ ਕੁਲਵਿੰਦਰ ਸਿੰਘ ਤੋਂ ਇਲਾਵਾ ਹੋਰ ਉੱਘੀਆਂ ਸ਼ਖਸੀਅਤਾਂ ਵੱਲੋਂ ਸ਼ਿਰਕਤ ਕੀਤੀ ਗਈ।

ਡਰੋਨ ਸ਼ੋਅ ਤੋਂ ਪਹਿਲਾਂ ਭਾਈ ਜਸਬੀਰ ਸਿੰਘ ਜਲੰਧਰ ਵਾਲਿਆਂ ਦੇ ਰਾਗੀ ਜਥੇ ਵੱਲੋਂ ਪੇਸ਼ ਕੀਤੇ ਗਏ ਰੂਹਾਨੀ ਕੀਰਤਨ ਨੇ ਮਾਹੌਲ ਨੂੰ ਰੂਹਾਨੀਅਤ ਨਾਲ ਭਰ ਦਿੱਤਾ।

ਸਾਬਕਾ ਮੰਤਰੀ ਚੁਨੀ ਲਾਲ ਭਗਤ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਉਮੜਿਆ ਲੋਕਾਂ ਦਾ ਇਕੱਠ

ਕੈਬਨਿਟ ਮੰਤਰੀ ਅਮਨ ਅਰੋੜਾ, ਹਰਪਾਲ ਚੀਮਾ, ਗੁਰਮੀਤ ਸਿੰਘ ਖੁੱਡੀਆਂ, ਹਰਦੀਪ ਸਿੰਘ ਮੁੰਡੀਆਂ, ਡਾ. ਰਵਜੋਤ ਸਿੰਘ, 'ਆਪ' ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਅਤੇ ਡਾ. ਗੁਰਪ੍ਰੀਤ ਕੌਰ ਮਾਨ ਵੱਲੋਂ ਚੁਨੀ ਲਾਲ ਭਗਤ ਨੂੰ ਪੰਜਾਬ ਦੀ ਸਿਆਸਤ ਦੀ ਵਿਲੱਖਣ ਤੇ ਮਹਾਨ ਸ਼ਖ਼ਸੀਅਤ ਦੱਸਿਆ

ਚੰਡੀਗੜ੍ਹ/ਜਲੰਧਰ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਾਬਕਾ ਮੰਤਰੀ ਚੁਨੀ ਲਾਲ ਭਗਤ ਦੀ ਯਾਦ ਵਿੱਚ ਐਮ.ਐਸ. ਫਾਰਮ, ਬਸਤੀ ਪੀਰਦਾਦ, ਜਲੰਧਰ ਵਿਖੇ ਰੱਖੀ ਗਈ ਸ਼ਰਧਾਂਜਲੀ ਸਭਾ ਦੌਰਾਨ ਲੋਕਾਂ ਦੇ ਭਰਵੇਂ ਇਕੱਠ ਨੇ ਆਪਣੇ ਹਰਮਨਪਿਆਰੇ ਆਗੂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕੀਤੀ।

ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ, ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਮਾਨ, ਕੈਬਨਿਟ ਮੰਤਰੀ ਅਤੇ ਪੰਜਾਬ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ, ਵਿੱਤ ਮੰਤਰੀ ਹਰਪਾਲ ਚੀਮਾ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ, ਡਾ. ਰਵਜੋਤ ਸਿੰਘ, ਪੰਜਾਬ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਸਲਾਹਕਾਰ ਦੀਪਕ ਬਾਲੀ, ਆਮ ਆਦਮੀ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਵਿਧਾਇਕ ਬਲਕਾਰ ਸਿੰਘ, ਬ੍ਰਹਮ ਸ਼ੰਕਰ ਜਿੰਪਾ, ਮੇਅਰ ਵਿਨੀਤ ਧੀਰ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਪੁਲਿਸ ਕਮਿਸ਼ਨਰ ਸਤਿੰਦਰ ਸਿੰਘ, ਐਸ.ਐਸ.ਪੀ. ਹਰਵਿੰਦਰ ਸਿੰਘ ਵਿਰਕ ਅਤੇ ਹੋਰ ਉੱਘੀਆਂ ਸ਼ਖ਼ਸੀਅਤਾਂ, ਆਗੂਆਂ ਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਵੱਲੋਂ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਸਵ. ਚੁਨੀ ਲਾਲ ਭਗਤ ਨੂੰ ਯਾਦ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ, ਹਰਪਾਲ ਚੀਮਾ, ਗੁਰਮੀਤ ਸਿੰਘ ਖੁੱਡੀਆਂ, ਹਰਦੀਪ ਸਿੰਘ ਮੁੰਡੀਆਂ, ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਭਾਰੀ ਮਨੀਸ਼ ਸਿਸੋਦੀਆ ਅਤੇ ਡਾ. ਗੁਰਪ੍ਰੀਤ ਕੌਰ ਮਾਨ ਨੇ ਉਨ੍ਹਾਂ ਨੂੰ ਪੰਜਾਬ ਦੀ ਰਾਜਨੀਤੀ ਦੀ ਇੱਕ ਮਹਾਨ ਤੇ ਵਿਲੱਖਣ ਸ਼ਖ਼ਸੀਅਤ ਕਰਾਰ ਦਿੱਤਾ, ਜਿਨ੍ਹਾਂ ਨੇ ਸਖ਼ਤ ਮਿਹਨਤ ਅਤੇ ਇਮਾਨਦਾਰੀ ਨਾਲ ਮਾਣ-ਸਨਮਾਨ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਪਰਿਵਾਰ ਦੇ ਮੁਖੀ ਦੇ ਵਿਛੋੜੇ ਨਾਲ ਭਗਤ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਦੀ ਅਰਦਾਸ ਕੀਤੀ।

ਸਵਰਗੀ ਚੁਨੀ ਲਾਲ ਭਗਤ ਦੇ ਜੀਵਨ ਸਫ਼ਰ ਨੂੰ ਯਾਦ ਕਰਦਿਆਂ ਉਨ੍ਹਾ ਕਿਹਾ ਕਿ ਦੇਸ਼ ਦੀ ਵੰਡ ਤੋਂ ਬਾਅਦ ਉਹ ਜਲੰਧਰ ਆ ਕੇ ਵੱਸੇ, ਜਿੱਥੇ ਪਰਿਵਾਰ ਨੇ ਖੇਡਾਂ ਦੇ ਸਮਾਨ ਨੂੰ ਨਿਰਯਾਤ ਕਰਨ ਦਾ ਕਾਰੋਬਾਰ ਸਥਾਪਿਤ ਕੀਤਾ ਅਤੇ ਇਸ ਖੇਤਰ ਵਿੱਚ ਨਾਮਣਾ ਖੱਟਿਆ। ਇਸ ਤੋਂ ਬਾਅਦ ਉਹ ਸੂਬੇ ਦੀ ਸਰਗਰਮ ਰਾਜਨੀਤੀ ਵਿੱਚ ਸ਼ਾਮਲ ਹੋਏ ਅਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਬਣੇ।

ਇਸ ਉਪਰੰਤ ਉਨ੍ਹਾਂ ਕੈਬਨਿਟ ਮੰਤਰੀ ਵਜੋਂ ਕਈ ਅਹਿਮ ਵਿਭਾਗਾਂ ਦੀ ਜ਼ਿੰਮੇਵਾਰੀ ਸੰਭਾਲੀ। ਉਨ੍ਹਾਂ ਕਿਹਾ ਕਿ ਸ਼ਰਧਾਂਜਲੀ ਸਭਾ ਵਿੱਚ ਲੋਕਾਂ ਦਾ ਭਾਰੀ ਇਕੱਠ ਭਗਤ ਪਰਿਵਾਰ ਵੱਲੋਂ ਕਮਾਈ ਅਸਲ ਦੌਲਤ ਹੈ, ਜੋ ਚੁਨੀ ਲਾਲ ਭਗਤ ਦੀ ਲੋਕਾਂ ਨਾਲ ਡੂੰਘੀ ਸਾਂਝ ਦਾ ਪ੍ਰਤੀਕ ਹੈ।

ਜ਼ਿਕਰਯੋਗ ਹੈ ਕਿ ਚੁੰਨੀ ਲਾਲ ਭਗਤ ਦਾ ਲੰਬੀ ਬਿਮਾਰੀ ਦੌਰਾਨ ਤੋਂ ਬਾਅਦ 93 ਦੇਹਾਂਤ ਹੋ ਗਿਆ ਸੀ। ਉਨ੍ਹਾ ਨੂੰ ਜਲੰਧਰ ਅਤੇ ਦੋਆਬਾ ਖੇਤਰ ਦੇ ਲੋਕਾਂ ਦੀ ਸੇਵਾ ਪ੍ਰਤੀ ਵਚਨਬੱਧਤਾ ਲਈ ਯਾਦ ਕੀਤਾ ਜਾਵੇਗਾ। ਉਹ ਕਈ ਵਾਰ ਜਲੰਧਰ ਪੱਛਮੀ ਹਲਕੇ ਤੋਂ ਵਿਧਾਇਕ ਚੁਣੇ ਗਏ ਅਤੇ ਕੈਬਨਿਟ ਮੰਤਰੀ ਵਜੋਂ ਸਥਾਨਕ ਸਰਕਾਰਾਂ, ਡਾਕਟਰੀ ਸਿੱਖਿਆ ਅਤੇ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਸਮੇਤ ਕਈ ਅਹਿਮ ਵਿਭਾਗਾਂ ਦੀ ਜ਼ਿੰਮੇਵਾਰੀ ਸੰਭਾਲੀ। ਉਨ੍ਹਾਂ ਨੂੰ ਇਮਾਨਦਾਰੀ, ਪਾਰਦਰਸ਼ਤਾ ਅਤੇ ਲੋਕਾਂ ਦੀ ਸੇਵਾ ਪ੍ਰਤੀ ਸਮਰਪਣ ਲਈ ਵੀ ਯਾਦ ਕੀਤਾ ਜਾਵੇਗਾ।

ਬੁਲਾਰਿਆਂ ਨੇ ਉਨ੍ਹਾਂ ਦੀ ਲੋਕਾਂ ਤੱਕ ਪਹੁੰਚ ਅਤੇ ਕਾਰਜਸ਼ੈਲੀ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਦਰਵਾਜ਼ੇ ਲੋਕਾਂ ਲਈ ਹਮੇਸ਼ਾਂ ਖੁੱਲ੍ਹੇ ਰਹਿੰਦੇ ਸਨ। ਉਨ੍ਹਾਂ ਦੇ ਸਪੁੱਤਰ ਕੈਬਨਿਟ ਮੰਤਰੀ ਮੋਹਿੰਦਰ ਭਗਤ ਵੱਲੋਂ ਪਰਿਵਾਰ ਦੀ ਲੋਕ ਸੇਵਾ ਦੀ ਵਿਰਾਸਤ ਨੂੰ ਅੱਗੇ ਜਾਰੀ ਰੱਖਿਆ ਜਾ ਰਿਹਾ ਹੈ। ਕੈਬਨਿਟ ਮੰਤਰੀਆਂ ਨੇ ਇਹ ਵੀ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਅਤੇ ਸਮੁੱਚੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਇਸ ਦੁੱਖ ਦੀ ਘੜੀ ਵਿੱਚ ਮੋਹਿੰਦਰ ਭਗਤ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।

ਇਸ ਮੌਕੇ ਚੇਅਰਮੈਨ ਪੰਜਾਬ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਪਵਨ ਕੁਮਾਰ ਟੀਨੂੰ, ਉਪ ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਕੀਮਤੀ ਭਗਤ, ਚੇਅਰਮੈਨ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਮੰਗਲ ਬੱਸੀ, ਚੇਅਰਮੈਨ ਜਲੰਧਰ ਇੰਪਰੂਵਮੈਂਟ ਟਰੱਸਟ ਰਮਨੀਕ ਸਿੰਘ ਰੰਧਾਵਾ, ਚੇਅਰਮੈਨ ਮੁਸਲਿਮ ਭਲਾਈ ਬੋਰਡ ਅਬਦੁੱਲ ਬਾਹਰੀ ਸਲਮਾਨੀ, ਡਿਪਟੀ ਮੇਅਰ ਮਲਕੀਤ ਸਿੰਘ, ਹਲਕਾ ਇੰਚਾਰਜ ਨਿਤਿਨ ਕੋਹਲੀ ਅਤੇ ਸੰਤ ਸਮਾਜ ਦੇ ਪ੍ਰਤੀਨਿਧੀਆਂ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਡੇਰਾ ਬਾਬਾ ਨਾਨਕ ਵਿਖੇ ਮੀਟਿੰਗ

ਡੇਰਾ ਬਾਬਾ ਨਾਨਕ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਿੰਡਾਂ ਦੇ ਸਰਪੰਚ ਸਾਹਿਬਾਨ ਨਾਲ ਅਹਿਮ ਮੀਟਿੰਗ ਕੀਤੀ। ਇਸ ਮੌਕੇ ਐੱਸ ਡੀ ਐਮ ਲਛਮਣ ਸਿੰਘ, ਐਸ.ਐਚ.ਓ. ਡੇਰਾ ਬਾਬਾ ਨਾਨਕ ਸਮੇਤ ਪਿੰਡਾਂ ਦੇ ਸਰਪੰਚ ਸਾਹਿਬਾਨ ਹਾਜ਼ਰ ਸਨ।

ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਮੌਕੇ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹ ਤੋਂ ਖਤਮ ਕਰਨ, ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਪਿੰਡ ਪੱਧਰ 'ਤੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਨਸ਼ਿਆਂ ਵਿਰੁੱਧ ਲੜਾਈ ਵਿੱਚ ਪੰਚਾਇਤਾਂ, ਪ੍ਰਸ਼ਾਸਨ ਅਤੇ ਪੁਲਿਸ ਦੇ ਸਾਂਝੇ ਯਤਨਾਂ ਦੀ ਮਹੱਤਤਾ 'ਤੇ ਵੀ ਚਰਚਾ ਹੋਈ। ਉਨ੍ਹਾਂ ਕਿਹਾ ਕਿ ਆਓ, ਸਾਰੇ ਮਿਲ ਕੇ ਨਸ਼ਿਆਂ ਵਿਰੁੱਧ ਇੱਕਜੁੱਟ ਹੋਈਏ ਅਤੇ ਆਪਣੇ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਬਣਾਈਏ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਮੁਕਤੀ ਮੋਰਚਾ ਦੇ ਸਾਰੇ ਵਲੰਟੀਅਰਜ਼, ਵਿਲੇਜ ਅਤੇ ਵਾਰਡ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਵੱਲੋਂ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਬੜੀ ਸਰਗਰਮੀ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਮਾਜਿਕ ਬੁਰਾਈ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਵਚਨਬੱਧ ਹੈ ਅਤੇ ਸਮੂਹਿਕ ਯਤਨਾਂ ਨਾਲ ਇਸ ਬਿਮਾਰੀ ਨੂੰ ਖਤਮ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਨਸ਼ਿਆਂ ਵਿਰੁੱਧ ਹੋਰ ਜਾਗਰੂਕਤਾ ਮੁਹਿੰਮ, ਸੈਮੀਨਾਰ ਅਤੇ ਕੈਂਪ ਵੱਡੇ ਪੱਧਰ ▾ਤੇ ਲਗਾਏ ਜਾਣਗੇ ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਇਸ ਮੁਹਿੰਮ ਨਾਲ ਜੋੜਿਆ ਜਾ ਸਕੇ।

ਹਲਕਾ ਸ਼੍ਰੀ ਅਨੰਦਪੁਰ ਸਾਹਿਬ ਚ' ਗੂੰਜਿਆ ਭਗਵੰਤ ਮਾਨ ਦੁਬਾਰਾ ਦਾ ਨਾਅਰਾ; ਕਾਂਗਰਸੀ ਸਰਪੰਚ ਸਮੇਤ ਦਰਜਨਾਂ ਪਰਿਵਾਰ ਆਮ ਆਦਮੀ ਪਾਰਟੀ ਵਿੱਚ ਹੋਏ ਸ਼ਾਮਲ

ਸ੍ਰੀ ਅਨੰਦਪੁਰ ਸਾਹਿਬ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਅਤੇ ਸੂਬੇ ਸਮੇਤ ਹਲਕਾ ਸ੍ਰੀ ਅਨੰਦਪੁਰ ਸਾਹਿਬ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਪਿੰਡ ਨਾਨੋਵਾਲ ਤੋਂ ਕਾਂਗਰਸ ਪਾਰਟੀ ਨਾਲ ਸਬੰਧਿਤ ਪਿੰਡ ਦੇ ਸਰਪੰਚ ਤੇ ਦਰਜਨਾਂ ਪਰਿਵਾਰਾਂ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।

ਕੈਬਨਿਟ ਮੰਤਰੀ ਅਤੇ ਹਲਕਾ ਵਿਧਾਇਕ ਹਰਜੋਤ ਸਿੰਘ ਬੈਂਸ ਨੇ ਇਨ੍ਹਾਂ ਆਗੂਆਂ ਅਤੇ ਵਰਕਰਾਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਉਨ੍ਹਾਂ ਨੂੰ ਪਾਰਟੀ ਦੀਆਂ ਨੀਤੀਆਂ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਹੋਰ ਮਜ਼ਬੂਤੀ ਨਾਲ ਅੱਗੇ ਵਧਾਉਣ ਲਈ ਪ੍ਰੇਰਿਤ ਕੀਤਾ। ਹਾਲ ਹੀ ਦੇ ਸਮੇਂ ਦੌਰਾਨ ਹਲਕੇ ਵਿੱਚ ਵੱਖ-ਵੱਖ ਪਾਰਟੀਆਂ ਨਾਲ ਸਬੰਧਿਤ ਕਈ ਆਗੂਆਂ ਅਤੇ ਵਰਕਰਾਂ ਨੇ 'ਆਪ' ਪਾਰਟੀ ਵਿੱਚ ਸ਼ਮੂਲੀਅਤ ਕੀਤੀ।

ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਏ ਸਰਪੰਚ ਆਸ਼ਾ ਰਾਣੀ, ਪੰਚ ਦਰਸ਼ਨ ਕੌਰ, ਪੰਚ ਸੰਜੂ, ਪੰਚ ਰਾਕੇਸ਼ ਕੁਮਾਰ, ਭੁਪਿੰਦਰ ਸਿੰਘ ਫੌਜੀ, ਸੁੱਚਾ ਸਿੰਘ, ਜਸਵੀਰ ਸਿੰਘ, ਦੀਪਕ ਕੁਮਾਰ ਕਲੱਬ ਪ੍ਰਧਾਨ, ਹੇਮਰਾਜ, ਰਾਜ ਕੁਮਾਰ, ਤੇਜਪਾਲ, ਹਰਦੀਪ ਸਿੰਘ, ਪਿਆਰੇ ਲਾਲ, ਮੁਕੇਸ਼ ਕੁਮਾਰ, ਰਤਨ ਲਾਲ, ਇੰਦਰਪਾਲ, ਤਰਸੇਮ ਸਿੰਘ ਸਾਬਕਾ ਸਰਪੰਚ, ਕੇਵਲ ਚੰਦ, ਬਾਲ ਕਿਸ਼ਨ, ਧਨੀ ਰਾਮ, ਰਾਮ ਨਾਥ, ਅਨੰਤ ਰਾਮ ਦੀਪਕ, ਜੱਸੂ, ਵਿਕੀ, ਜੋਗਿੰਦਰ ਸਿੰਘ, ਅਨਿਲ ਕੁਮਾਰ ਸੋਨੀ, ਰਾਮ ਕ੍ਰਿਸ਼ਨ, ਰਜਿੰਦਰ ਪਾਲ, ਕਮਲ ਦੇਵ, ਖੁਸ਼ਵੰਤ, ਗੁਰਨੈਬ ਸਿੰਘ, ਸਿੱਧੂ ਰਾਮ, ਰਾਮ ਦਾਸ, ਧਰਮਿੰਦਰ ਸਿੰਘ, ਗੁਰਦਿਆਲ ਚੰਦ, ਕਰਨ ਸਿੰਘ, ਸੰਤੋਸ਼ ਕੁਮਾਰੀ ਪ੍ਰਧਾਨ ਮਹਿਲਾ ਮੋਰਚਾ, ਪਰਮੇਸ਼ਵਰੀ ਦੇਵੀ, ਅੰਜਨਾ ਕੁਮਾਰੀ, ਭੋਲੀ ਦੇਵੀ, ਸ਼ੀਲਾ ਦੇਵੀ, ਗੁਰਸਰਨ ਕੌਰ, ਉਰਮਲਾ ਦੇਵੀ, ਵਰਸ਼ਾ ਦੇਵੀ, ਰਿਚਾ ਸ਼ਰਮਾ, ਭਾਗੋ ਦੇਵੀ, ਸੁਮਨ ਦੇਵੀ, ਪ੍ਰਮਿਲਾ ਦੇਵੀ, ਰਜਨੀ, ਗੁਰਮੀਤ ਕੌਰ, ਰਾਮਪਾਲ ਭਾਗੀ, ਡਾ :ਦੀਦਾਰ ਨੇ ਕਿਹਾ ਕਿ ਕਿਹਾ ਕਿ ਮਾਨ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਪੰਜਾਬ ਅਤੇ ਹਲਕਾ ਸ੍ਰੀ ਅਨੰਦਪੁਰ ਸਾਹਿਬ ਵਿੱਚ ਕਰਵਾਏ ਗਏ ਵਿਕਾਸ ਅਤੇ ਲੋਕ ਭਲਾਈ ਦੇ ਕੰਮਾਂ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਹਲਕੇ ਵਿੱਚ ਲੋਕਾਂ ਨਾਲ ਸਿੱਧਾ ਰਾਬਤਾ ਬਣਾਈ ਰੱਖਣ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਮੌਕੇ 'ਤੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਬੀਤੇ ਦਿਨੀਂ ਪਿੰਡ ਜਿੰਦਵੜੀ ਵਿਖੇ ਹੋਈ ਲੋਕ ਮਿਲਣੀ ਦਾ ਵੀ ਜ਼ਿਕਰ ਕਰਦਿਆਂ ਕਿਹਾ ਕਿ ਇਸ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਆਪਣੀਆਂ ਸਮੱਸਿਆਵਾਂ ਅਤੇ ਮੰਗਾਂ ਸਰਕਾਰ ਦੇ ਸਾਹਮਣੇ ਰੱਖੀਆਂ।

ਸ਼ਾਮਲ ਹੋਏ ਵਰਕਰਾਂ ਨੇ ਕਿਹਾ ਕਿ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਹਲਕੇ ਦੇ ਪਿੰਡਾਂ ਵਿੱਚ ਸੜਕਾਂ, ਪੁਲਾਂ ਅਤੇ ਹੋਰ ਬੁਨਿਆਦੀ ਢਾਂਚੇ ਨਾਲ ਸਬੰਧਿਤ ਕੰਮ ਕੀਤੇ ਜਾ ਰਹੇ ਹਨ। ਚੰਗਰ ਖੇਤਰ ਵਿੱਚ ਸਿੰਚਾਈ ਲਈ ਪਾਣੀ ਦੀ ਵਿਵਸਥਾ, ਨਵੇਂ ਪੁਲਾਂ ਅਤੇ ਪੁਲੀਆਂ ਦੀ ਉਸਾਰੀ ਸਮੇਤ ਕਈ ਵਿਕਾਸ ਪ੍ਰਾਜੈਕਟਾਂ 'ਤੇ ਕੰਮ ਹੋ ਰਿਹਾ ਹੈ। ਹਲਕੇ ਵਿੱਚ ਨੰਗਲ-ਕੀਰਤਪੁਰ ਸਾਹਿਬ ਸੜਕ ਦੇ ਚਾਰ-ਮਾਰਗੀਕਰਨ ਦੀ ਪ੍ਰਕਿਰਿਆ ਵੀ ਅੱਗੇ ਵਧੀ ਹੈ, ਜਿਸ ਨਾਲ ਖੇਤਰ ਦੀ ਆਵਾਜਾਈ ਅਤੇ ਸੰਪਰਕ ਵਿਵਸਥਾ ਨੂੰ ਮਜ਼ਬੂਤੀ ਮਿਲਣ ਦੀ ਉਮੀਦ ਹੈ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਸਰਕਾਰੀ ਯੋਜਨਾਵਾਂ ਅਤੇ ਸਹੂਲਤਾਂ ਦਾ ਲਾਭ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਹਲਕੇ ਵਿੱਚ ਆਪ ਵਲੰਟੀਅਰ ਅਤੇ ਪਾਰਟੀ ਵਰਕਰ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਸਮੱਸਿਆਵਾਂ ਨੂੰ ਸਮਝਣ ਦਾ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਰਾਜਨੀਤੀ ਵਿੱਚ ਬਦਲੇ ਦੀ ਭਾਵਨਾ ਦੀ ਬਜਾਏ ਭਾਈਚਾਰਕ ਸਾਂਝ, ਆਪਸੀ ਸਤਿਕਾਰ ਅਤੇ ਵਿਕਾਸ ਨੂੰ ਤਰਜੀਹ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ ਹਰ ਪਿੰਡ ਅਤੇ ਹਰ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਵਿਕਾਸ ਦੀ ਗਤੀ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਪਾਰਟੀ ਵਿੱਚ ਸ਼ਾਮਲ ਹੋਏ ਨਵੇਂ ਮੈਂਬਰਾਂ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਲੋਕਾਂ ਦੀ ਸੇਵਾ ਲਈ ਸਰਗਰਮੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵਿਕਾਸ ਅਤੇ ਲੋਕ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਉਹ ਆਪਣੀ ਭੂਮਿਕਾ ਨਿਭਾਉਣਗੇ। ਇਸ ਮੌਕੇ ਹਰਜੋਤ ਸਿੰਘ ਬੈਂਸ ਨੇ ਪਾਰਟੀ ਵਿੱਚ ਸ਼ਾਮਲ ਹੋਏ ਸਾਰੇ ਵਰਕਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਹਰ ਨਵੇਂ ਸਾਥੀ ਨੂੰ ਪਾਰਟੀ ਵਿੱਚ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਮਿਲਜੁਲ ਕੇ ਹਲਕੇ ਦੀ ਤਰੱਕੀ ਲਈ ਕੰਮ ਕੀਤਾ ਜਾਵੇਗਾ।

ਤਖਤਗੜ੍ਹ ਤੋਂ ਸਾਲਾਸਰ ਤੇ ਖਾਟੂਸ਼ਾਮ ਲਈ ਬੱਸ ਰਵਾਨਾ, 22 ਸ਼ਰਧਾਲੂ ਪਹਿਲੀ ਵਾਰ ਕਰਨਗੇ ਦਰਸ਼ਨ

ਨੂਰਪੁਰਬੇਦੀ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਵੱਖ-ਵੱਖ ਪਵਿੱਤਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਮੁਹਿੰਮ ਤਹਿਤ ਅੱਜ ਪਿੰਡ ਤਖਤਗੜ੍ਹ ਤੋਂ ਸ੍ਰੀ ਸਾਲਾਸਰ ਧਾਮ ਅਤੇ ਸ੍ਰੀ ਖਾਟੂਸ਼ਾਮ ਜੀ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਨਾਲ ਭਰੀ ਬੱਸ ਰਵਾਨਾ ਹੋਈ। ਬੱਸ ਦੀ ਰਵਾਨਗੀ ਮੌਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਅਤੇ ਸ਼ਰਧਾ ਦਾ ਮਾਹੌਲ ਦੇਖਣ ਨੂੰ ਮਿਲਿਆ। ਯਾਤਰੀਆਂ ਨੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਨੂੰ ਲੈ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਇਸ ਯਾਤਰਾ 'ਤੇ ਜਾਣ ਵਾਲੇ ਕੁੱਲ ਸ਼ਰਧਾਲੂਆਂ ਵਿੱਚੋਂ 22 ਸ਼ਰਧਾਲੂ ਅਜਿਹੇ ਹਨ, ਜੋ ਪਹਿਲੀ ਵਾਰ ਸ੍ਰੀ ਸਾਲਾਸਰ ਧਾਮ ਅਤੇ ਸ੍ਰੀ ਖਾਟੂਸ਼ਾਮ ਜੀ ਦੇ ਦਰਸ਼ਨ ਕਰਨ ਜਾ ਰਹੇ ਹਨ। ਪਹਿਲੀ ਵਾਰ ਇਨ੍ਹਾਂ ਪਵਿੱਤਰ ਧਾਮਾਂ ਦੇ ਦਰਸ਼ਨ ਕਰਨ ਜਾ ਰਹੇ ਸ਼ਰਧਾਲੂਆਂ ਵਿੱਚ ਵਿਸ਼ੇਸ਼ ਉਤਸ਼ਾਹ ਪਾਇਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦੀ ਇਹ ਯਾਤਰਾ ਉਨ੍ਹਾਂ ਲਈ ਯਾਦਗਾਰ ਅਤੇ ਭਾਵਨਾਤਮਕ ਪਲ ਬਣੇਗੀ।

ਇਸ ਮੌਕੇ ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਯਾਤਰਾ 'ਤੇ ਜਾਣ ਵਾਲੀਆਂ ਸੰਗਤਾਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਸੁਖਦ ਅਤੇ ਸਫ਼ਲ ਯਾਤਰਾ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਮੁੱਖ ਮੰਤਰੀ ਤੀਰਥ ਯਾਤਰਾ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਨੂੰ ਯਾਤਰਾ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਯਾਤਰਾ 'ਤੇ ਰਵਾਨਾ ਹੋ ਰਹੀਆਂ ਸੰਗਤਾਂ ਨੇ ਪੰਜਾਬ ਸਰਕਾਰ ਅਤੇ ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਆਮ ਪਰਿਵਾਰਾਂ ਨੂੰ ਵੱਡਾ ਲਾਭ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕਈ ਲੋਕ ਆਰਥਿਕ ਜਾਂ ਹੋਰ ਕਾਰਨਾਂ ਕਰਕੇ ਦੂਰ-ਦੁਰਾਡੇ ਸਥਿਤ ਧਾਰਮਿਕ ਸਥਾਨਾਂ ਦੇ ਦਰਸ਼ਨ ਨਹੀਂ ਕਰ ਪਾਉਂਦੇ, ਪਰ ਇਸ ਯਾਤਰਾ ਰਾਹੀਂ ਉਨ੍ਹਾਂ ਨੂੰ ਪਵਿੱਤਰ ਧਾਮਾਂ ਦੇ ਦਰਸ਼ਨ ਕਰਨ ਦਾ ਸੁਨਹਿਰਾ ਮੌਕਾ ਮਿਲ ਰਿਹਾ ਹੈ। ਸੰਗਤਾਂ ਨੇ ਇਸ ਉਪਰਾਲੇ ਲਈ ਸਰਕਾਰ ਦਾ ਧੰਨਵਾਦ ਕਰਦਿਆਂ ਯਾਤਰਾ ਦੀ ਸਫ਼ਲਤਾ ਲਈ ਅਰਦਾਸ ਕੀਤੀ।

ਪੇਪਰ ਲੀਕ ਤੋਂ ਬੱਚਿਆਂ ਦਾ ਭਵਿੱਖ ਦਾਨ 'ਤੇ, ਨੌਕਰੀ-ਪੜ੍ਹਾਈ ਲੋਕਾਮਤਦਾਤਾ ਸੂਚੀ ਤੱਕ: ਕੁਮਾਰੀ ਸ਼ੈਲਜਾ

- ➢ ਡੇਰਾ ਬਾਬਾ ਭੂਮਣਸ਼ਾਹ ਕੇ ਸਤਸੰਗ ਵਿਚ ਪਹੁੰਚਾਂ ਸੰਸਦ, ਬੋਲੀਆਂ-ਸੰਤ ਸਮਾਜ ਨੂੰ ਜੋੜੀਏ ਦਾ ਸੰਦੇਸ਼ ਬਾਬਾ ਬ੍ਰਹਮਦਾਸ ਮਹਾਰਾਜ
- ➢ ਸਲਜਾ ਨੇ ਪੇਪਰ ਲੀਕ, ਸੂਚੀ ਸੂਚੀ ਅਤੇ ਉਤਪਾਦਨ ਦੇ ਬਿਜਲੀ 'ਤੇ ਸਰਕਾਰ ਨੂੰ ਘੇਰਾ, ਰਾਹੁਲ ਗਾਂਧੀ ਵਿਦਿਆਰਥੀ ਦੀ ਆਵਾਜ਼

ਸਿਰਸਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਿਰਸਾ ਦੀ ਸੰਸਦ, ਸਾਬਕਾ ਕੇਂਦਰੀ ਮੰਤਰੀ, ਅਖਿਲ ਭਾਰਤੀ ਕਾਂਗਰਸ, ਮਹਾਰਾਸ਼ਟਰੀ ਅਤੇ ਸੀਡਬਲਯੂਸੀ ਮੈਂਬਰ ਕੁਮਾਰੀ ਸੈਲਜਾ ਨੇ ਲੀਕ, ਪ੍ਰਗਤੀ, ਸਿੱਖਿਆ, ਮੱਤਦਾਤਾ, ਸਫਾਈ ਅਤੇ ਭੁਗਤਾਨ ਨਿ ਸ਼ਚਤ ਪਾਰਿਸ਼ਟ ਕਾਂਗਰਸ ਕਮਲ ਕੋਮਾ ਸਰਕਾਰ 'ਤੇ ਡਿਜੀਟਲ ਸਵਾਲ ਉਠਾਏ। ਸਿਰਸਾ ਕੀ ਅਨਾਜ ਮੰਡੀ ਵਿਚ ਸਥਿਤ ਡੇਰਾ ਬਾਬਾ ਭੂਮਣਸ਼ਾਹ ਸੰਗਰ ਸਾਧਾ ਕੇ ਸਤਿਸੰਗ ਵਿਚ ਪਹੁੰਚਿਆਂ ਕੁਆਰੀ ਸਲਜਾ ਨੇ ਕਿਹਾ ਕਿ ਬਾਬਾ ਬ੍ਰਹਮਦਾਸ ਮਹਾਰਾਜ 36 ਬਿਰਾਦਰੀ ਕੋ ਭਗਤੀ, ਭਾਈਚਾਰੇ ਅਤੇ ਸਮਾਜਿਕ ਇਕਤਾ ਦਾ ਸੰਦੇਸ਼ ਚੰਗਾ ਦੇ ਰਹੇ ਹਨ। ਸੰਤ-ਮਹਾਪੁਰਸ਼ਾਂ ਦੀ ਸਿੱਖਿਆ ਸਮਾਜ ਨੂੰ ਜੋੜਦੇ ਹਨ ਅਤੇ ਤੁਹਾਡੇ ਸਦਭਾਵਨਾ ਮਜ਼ਬੂਤ ਕਰਨ ਦਾ ਕੰਮ ਕਰਦੇ ਹਨ।

ਮੀਡੀਆ ਨਾਲ ਗੱਲਬਾਤ ਵਿੱਚ ਨੌਜਵਾਨ ਮੀਡੀਆ ਕੁਮਾਰੀ ਸ਼ੈਲਜਾ ਨੇ ਪ੍ਰਤੀਯੋਗੀ ਪ੍ਰੀਖਿਆਵਾਂ ਅਤੇ ਪੇਪਰ ਲੀਕ ਦਾ ਸਵਾਲ ਉਠਾਇਆ ਕਿ ਬਾਰ-ਬਾਰ ਪੇਪਰ ਲੀਕ ਅਤੇ ਭਰਤੀ ਪ੍ਰਕਿਰਿਆਵਾਂ ਵਿੱਚ ਗੜਬਡੀਆਂ ਦੀ ਸ਼ਿਕਾਇਤਾਂ ਤੋਂ ਸਭ ਤੋਂ ਵੱਧ ਨੁਕਸਾਨ ਹੁੰਦਾ ਸੀ। ਉਨ੍ਹਾਂ ਨੇ ਖੋਜ ਕੀਤੀ ਕਿ ਪੇਪਰ ਚੋਰੀ ਅਤੇ ਇਸ ਨੂੰ ਲਿਖਣ ਲਈ ਮਿਹਨਤ ਕਰਨ ਨਾਲ ਬੱਚਿਆਂ ਦਾ ਭਵਿੱਖ ਪ੍ਰਭਾਵਿਤ ਹੋ ਰਿਹਾ ਹੈ। ਸਰਕਾਰ ਦੇ ਬੱਚਿਆਂ ਨੂੰ ਪੜ੍ਹਨਾ, ਵਿਕਾਸ ਅਤੇ ਭਵਿੱਖ ਦੀ ਚਿੰਤਾ ਕਰਨੀ ਚਾਹੀਦੀ ਹੈ, ਪਰ ਨੌਜਵਾਨਾਂ ਦੇ ਸਮੇਂ 'ਤੇ ਨੌਕਰੀਆਂ ਅਤੇ ਪਾਰਦਰਸ਼ੀ ਭਰੀ ਵਿਵਸਥਾ ਨਹੀਂ ਮਿਲ ਰਹੀ। ਉਸ ਨੇ ਕਿਹਾ ਕਿ ਗਾਂਧੀ ਲੋਕ ਵਿੱਚ ਨੇਤਾ ਪ੍ਰਤੀਪੱਖ ਰਾਹੁਲ ਵੰਸ਼ੀਆਂ ਅਤੇ ਪ੍ਰਤੀਯੋਗੀ ਦੀ ਤਿਆਰੀ ਕਰ ਰਹੇ ਹਨ। ਨੌਜਵਾਨਾਂ ਦੀ ਸਮੱਸਿਆ ਨੂੰ ਸੁਣਨਾ ਅਤੇ ਉਨ੍ਹਾਂ ਦੀ ਆਵਾਜ਼ ਨੂੰ ਸਹੀ ਮੰਚ ਤੱਕ ਪਹੁੰਚਾਉਣਾ ਜ਼ਰੂਰੀ ਹੈ। ਉਨ੍ਹਾਂ ਨੇ ਦੱਸਿਆ ਕਿ ਨੌਕਰੀ ਕਿ ਪੜ੍ਹਨਾ ਸ਼ਾਮਲ ਹੈ ਅਤੇ ਕਈ ਸਵਾਲਾਂ ਦੇ ਜਵਾਬ ਵਿੱਚ ਸ਼ਿਕਾਇਤਾਂ ਦੇ ਸਾਹਮਣੇ ਆ ਰਹੇ ਹਨ, ਨਾਲ ਨੌਜਵਾਨਾਂ ਵਿੱਚ ਨਿਰਾਸ਼ਾ ਵਧ ਰਹੀ ਹੈ।

ਮੱਤਦਾਤਾ ਸੂਚੀ ਕੋਈ ਵੀ ਉਠਾਏ

ਸਵਾਲ

ਕੁਮਾਰ ਸੈਲਜਾ ਨੇ ਮੱਤਦਾਤਾ ਸੂਚਕਾਂ ਵਿੱਚ ਨਾਮ ਹਟਾਏ ਜਾਣ ਦੀ ਗੱਲ ਦਾ ਦਾਅਵਾ ਕੀਤਾ ਗਿਆ ਹੈ ਕਿ ਬਹੁਤ ਵੱਡੀ ਗਿਣਤੀ ਵਿੱਚ ਲੋਕਾਂ ਦੇ ਨਾਮ ਮੱਤਦਾਤਾ ਸੂਚੀ ਤੋਂ ਹਟਾਏ ਗਏ ਹਨ ਅਤੇ ਲੋਕ ਆਪਣੇ ਨਾਮ ਜੁੜਵਾਣੇ ਜਾਂ ਸਥਿਤੀ ਸਪੱਸ਼ਟ ਕਰਨ ਲਈ ਦਫ਼ਤਰਾਂ ਨੂੰ ਵੇਖਦੇ ਹਨ। ਉਹ ਕਹਿੰਦੇ ਹਨ ਕਿ ਲੋਕ ਦਾ ਅਧਿਕਾਰ ਲੋਕਤੰਤਰ ਦੀ ਬੁਨੀਆਦ ਹੈ, ਇਸਲਈ ਵੀ ਪਾਤਰ ਮੱਤਾ ਨੂੰ ਉਹ ਵੰਚਿਤ ਨਹੀਂ ਹੋਣਾ ਚਾਹੀਦਾ ਹੈ। ਕੁਮਾਰੀ ਸਲਜਾ ਨੇ ਸਫ਼ਾਈਲਰਾਂ ਦੇ ਮੁੱਦੇ ਉਠਾਏ ਜਾਣ ਦੀ ਗੱਲ ਕਹੀ ਹੈ ਕਿ ਉਨ੍ਹਾਂ ਦੇ ਨਾਲ ਪੇਸ਼ ਕੀਤੇ ਗਏ ਵਿਵਾਦ ਨੂੰ ਪੂਰਾ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਦੱਸਿਆ ਕਿ ਸਫਾਈ ਕਿ ਉਨ੍ਹਾਂ ਦੇ ਨਾਲ ਧੋਖਾ ਹੋਇਆ ਹੈ ਅਤੇ ਉਨ੍ਹਾਂ ਦੀ ਮੰਗਾਂ ਦਾ ਪੱਕਾ ਹੱਲ ਕੱਢਣ ਦੀ ਬਜਾਏ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਕਰਮਚਾਰੀ ਸੰਗਠਨਾਂ ਨਾਲ ਗੱਲਬਾਤ ਕਰਨ ਦੀ ਮੰਗ ਕੀਤੀ ਹੈ।

ਡਿਜੀਟਲ ਭੁਗਤਾਨਾਂ ਤੋਂ ਚੰਦਰਚਨ ਫਾਸਲਾਂ ਵਿੱਚ ਵਪਾਰ ਦੇ ਹਿੱਤਾਂ ਦਾ ਧਿਆਨ ਰੱਖੋ

ਡਿਜੀਟਲ ਭੁਗਤਾਨ ਅਤੇ ਯੂਪੀਆਈ ਤੋਂ ਸਵਾਲ 'ਤੇ ਕੁਮਾਰੀ ਸੈਲਜਾ ਨੇ ਕਿਹਾ ਕਿ ਇਸ ਤਰ੍ਹਾਂ ਦੇ ਕਿਸੇ ਵੀ ਫੈਸਲੇ ਦੇ ਨੁਕਸਾਨ ਛੋਟੇ ਵਪਾਰੀਆਂ, ਦੁਕਾਨਦਾਰਾਂ ਅਤੇ ਆਮ ਲੋਕਾਂ 'ਤੇ ਨਹੀਂ ਹਨ। ਉਨ੍ਹਾਂ ਨੇ ਕਿਹਾ ਕਿ ਡਿਜੀਟਲ ਲੇਨ-ਡੇਨ ਅੱਜ ਛੋਟੇ ਤੋਂ ਛੋਟੇ ਪ੍ਰਭਾਵ ਤਕਸੀਮ ਕਰਦਾ ਹੈ, ਇਸਲਈ ਸੰਬੰਧਿਤ ਨੀਤੀ ਬਣਾਵੇ ਸਮੇਂ ਦਾ ਵਪਾਰ ਅਤੇ ਅਰਥ-ਵਿਵਸਥਾ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਉਹ ਆਸ਼ੰਕਾ ਜਤਾਈ ਕਿ ਜੇਕਰ ਡਿਜੀਟਲ ਵਿਵਸਥਾ ਭੁਗਤਾਨ ਵਾਧੂ ਆਰਥਿਕ ਬੋਝ ਵਧਣ ਦੇ ਨੁਕਸਾਨ ਦੇ ਛੋਟੇ ਕਾਰੋਬਾਰ ਅਤੇ ਆਮ ਉਪਭੋਗਤਾਵਾਂ ਨੂੰ ਵੀ ਮਿਲ ਸਕਦੀ ਹੈ।

ਸਲਜਾ ਨੇ ਪਿੰਡ ਕੁੱਤਾਬੜ੍ਹ ਵਿੱਚ ਸ਼ਹੀਦ ਲਾਂਸ ਸੁਖਚੈਨ ਸਿੰਘ ਦੇ ਆਵਾਸ 'ਤੇ ਪਹੁੰਚ ਕੇ ਉਨ੍ਹਾਂ ਦੇ ਪਰਜਨਾਂ ਤੋਂ ਬੱਚਿਆਂ ਦੀ ਅਤੇ ਭਾਵਨਾਤਮਕ ਸ਼ਰਧਾਂਜਲਿ ਅਰਪਤ ਦੀ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੇ ਰਾਜੌਰੀ ਸੈਕਟਰੀ ਵਿੱਚ ਡਿਊਟੀ ਨਿਭਾਤੇ ਹੋਣ ਵਾਲੇ 30 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਸ਼ਾਹਦਤ ਬਹੁਤ ਜ਼ਿਆਦਾ:ਖਦ ਹੈ। ਮਾਤ੍ਭੂਮਿ ਦੀ ਸੇਵਾ ਵਿੱਚ ਨਿਸ਼ਚਤ ਸਮਰਪਣ, ਹਿੰਮਤ ਅਤੇ ਦ੍ਰਿੜਤਾ ਨਾਲ ਸਦਭਾਵਨਾ ਨਾਲ । ਉਹ ਸ਼ੋਕਤ ਸੰਤ ਪਰਿਵਾਰ ਦੇ ਪ੍ਰਤੀ ਗਹਿਰੀ ਸੰਵੇਦਨਾਵਾਂ ਪ੍ਰਗਟ ਕਰਦੇ ਹਨ।

ਸ਼ੈਲਜਾ ਨੇ ਸਿਰਸਾ ਸਥਿਤ ਗੁਰੂਦੁਆਰੇ ਸਾਹਿਬ ਦਸਵੀਂ ਪਾਤਸ਼ਾਹੀ ਵਿੱਚ ਸ਼੍ਰਿਰੋਮਣੀ ਸ਼ਹੀਦ ਧੰਨ-ਧੰਨ ਬਾਬਾ ਜੀਵਨ ਸਿੰਘ ਜੀ ਦੇ ਪ੍ਰਕਾਸ਼ ਪਰਵ ਸਮਾਗਮ ਵਿੱਚ ਮਾਥਾ ਟੇਕਰ ਆਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਨੇ ਕਿਹਾ ਕਿ ਬਾਬਾ ਜੀਵਨ ਸਿੰਘ ਜੀ ਕਾ ਉਸ, ਵੀਰਤਾ ਅਤੇ ਅਟੁਟ ਸਮਰਪਣ ਮਨੁੱਖਤਾ ਨੂੰ ਸੇਵਾ, ਹਿੰਮਤ ਅਤੇ ਸਮਾਨਤਾ ਦੇ ਮਾਰਗ 'ਤੇ ਚਲਣ ਦੀ ਪ੍ਰੇਰਣਾ ਪ੍ਰਦਾਨਗਾ। ਉਨ੍ਹਾਂ ਨੂੰ ਸਮਸਤ ਸੰਗਤ ਨੂੰ ਪ੍ਰਕਾਸ਼ ਪਰਵ ਦੀਆਂ ਸ਼ੁਭਕਾਮਨਾਵਾਂ।

ਢਾਹਾਂ ਦੇ ਛਿੰਝ ਮੇਲੇ 'ਚ ਵਿਧਾਇਕ ਚੱਢਾ ਨੇ ਮਾਣਿਆ ਜਲੇਬੀਆਂ ਤੇ ਪਕੌੜਿਆਂ ਦਾ ਆਨੰਦ, ਸਾਦਗੀ ਬਣੀ ਖਿੱਚ ਦਾ ਕੇਂਦਰ

ਨੂਰਪੁਰਬੇਦੀ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡਾਂ ਦੇ ਮੇਲੇ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਹੁੰਦੇ, ਸਗੋਂ ਇਹ ਆਪਣੀ ਮਿੱਟੀ, ਸੱਭਿਆਚਾਰ, ਲੋਕ-ਰਵਾਇਤਾਂ ਅਤੇ ਆਪਣੇ ਲੋਕਾਂ ਨਾਲ ਜੁੜਨ ਦਾ ਇੱਕ ਸੁਹਾਵਣਾ ਮੌਕਾ ਵੀ ਹੁੰਦੇ ਹਨ। ਪਿੰਡ ਢਾਹਾਂ ਵਿਖੇ ਕਰਵਾਏ ਗਏ ਛਿੰਝ ਮੇਲੇ ਦੌਰਾਨ ਵੀ ਅਜਿਹਾ ਹੀ ਰੰਗ ਵੇਖਣ ਨੂੰ ਮਿਲਿਆ, ਜਦੋਂ ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਛਿੰਝ ਮੇਲੇ ਵਿੱਚ ਸ਼ਿਰਕਤ ਕਰਨ ਉਪਰੰਤ ਮੇਲੇ ਦੇ ਪੰਡਾਲ ਤੋਂ ਬਾਹਰ ਲੱਗੀਆਂ ਖਾਣ-ਪੀਣ ਦੀਆਂ ਦੁਕਾਨਾਂ 'ਤੇ ਸਾਦਗੀ ਨਾਲ ਸਮਾਂ ਬਿਤਾਇਆ। ਵਿਧਾਇਕ ਆਪਣੇ ਸਾਥੀਆਂ ਸਮੇਤ ਆਮ ਲੋਕਾਂ ਵਾਂਗ ਮੇਲੇ ਦੀਆਂ ਰੌਣਕਾਂ ਵਿੱਚ ਰਲ-ਮਿਲ ਗਏ। ਇਸ ਦੌਰਾਨ ਉਨ੍ਹਾਂ ਨੇ ਇੱਕ ਸਟਾਲ 'ਤੇ ਰੁਕ ਕੇ ਜਲੇਬੀਆਂ ਅਤੇ ਪਕੌੜਿਆਂ ਦਾ ਆਨੰਦ ਮਾਣਿਆ। ਉਨ੍ਹਾਂ ਦਾ ਇਹ ਸਾਦਗੀ ਭਰਿਆ ਅੰਦਾਜ਼ ਮੇਲੇ ਵਿੱਚ ਮੌਜੂਦ ਲੋਕਾਂ ਲਈ ਖਿੱਚ ਦਾ ਕੇਂਦਰ ਬਣਿਆ ਰਿਹਾ।

ਸੁੰਦਰ ਅਤੇ ਨਰਮ ਚਮੜੀ ਦਿੰਦੀ ਹੈ ਆਕਰਸ਼ਕ ਸ਼ਖਸ਼ੀਅਤ

ਤੇਜ਼ ਧੁੱਪ ਚਮੜੀ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਸੂਰਜ ਦੀਆਂ ਪਾਰਵੈਂਗਣੀ ਕਿਰਨਾਂ ਚਮੜੀ ਨੂੰ ਰੁੱਖਾ, ਬੇਜਾਨ ਅਤੇ ਝੁਰੜੀਆਂ ਵਾਲੀ ਬਣਾ ਦਿੰਦੀਆਂ ਹਨ। ਇਸ ਲਈ ਇਨ੍ਹਾਂ ਤੋਂ ਬਚਣ ਲਈ ਸਨਸਕ੍ਰੀਮ ਲੋਸ਼ਣ ਜ਼ਰੂਰ ਲਗਾਉ।

ਤੁਹਾਡੀ ਸ਼ਖ਼ਸੀਅਤ ਦੀ ਖੂਬਸੂਰਤੀ ਸੁੰਦਰ ਚਮੜੀ ਨਾਲ ਹੀ ਨਿਖ਼ਰਦੀ ਹੈ। ਚਮੜੀ ਦਾ ਤੰਦਰੁਸਤ ਅਤੇ ਸੁੰਦਰ ਹੋਣ ਦੇ ਨਾਲ-ਨਾਲ ਉਸ ਦਾ ਸਾਫ਼ ਅਤੇ ਨਰਮ ਹੋਣ ਵੀ ਜ਼ਰੂਰੀ ਹੈ। ਸਹੀ ਢੰਗ ਨਾਲ ਕੀਤੀ ਗਈ ਚਮੜੀ ਦੀ ਦੇਖਭਾਲ ਨਾਲ ਤੁਹਾਡੀ ਸ਼ਖ਼ਸੀਅਤ ਵੀ ਆਕਰਸ਼ਕ ਲੱਗੇਗੀ। ਔਰਤਾਂ ਦੀ ਪੂਰੀ ਸੁੰਦਰਤਾ 'ਚ ਨਰਮ ਚਮਕਦੀ ਹੋਈ ਚਮੜੀ ਦਾ ਖ਼ਾਸ ਯੋਗਦਾਨ ਹੈ ਜੋ ਸਾਹਮਣੇ ਵਾਲੇ ਦਾ ਧਿਆਨ ਖਿੱਚਦਾ ਹੈ ਪਰ ਅੱਜਕੱਲ ਦੀ ਭੱਜ-ਨੌਂੜ ਵਾਲੀ ਜ਼ਿੰਦਗੀ 'ਚ ਚਮਣੀ ਦੀ ਦੇਖਭਾਲ ਲਈ ਸਮਾਂ ਕੱਢਣਾ ਬਹੁਤ ਜ਼ਰੂਰੀ ਹੈ। ਕਿਤੇ ਅਜਿਹਾ ਨਾ ਹੋਵੇ ਕਿ ਸਮਾਂ ਹੱਥਾਂ 'ਚੋਂ ਨਿਕਲ ਜਾਵੇ ਭਾਵ ਤੁਹਾਡੀ ਚਮੜੀ ਤੁਹਾਨੂੰ ਆਪਣੀ ਉਮਰ ਤੋਂ ਕਿਤੇ ਜ਼ਿਆਦਾ ਨਾ ਬਣਾ ਦੇਵੇ। ਇਸ ਲਈ ਆਉ ਜਾਣੀਏ ਕੁਝ ਖਾਸ ਜਾਣਕਾਰੀਜੋ ਕਿ ਤੁਹਾਡੀ ਚਮੜੀ ਦੀ ਦੇਖਭਾਲ 'ਚ ਤੁਹਾਡਾ ਸਹੀ ਮਾਰਗ ਦਰਸ਼ਨ ਕਰੇਗੀ।

☛ ਚਮੜੀ ਨੂੰ ਸਾਫ਼ ਕਰਨ ਲਈ ਉਸ ਨੂੰ ਦਿਨ 'ਚ ਦੋ-ਤਿੰਨ ਵਾਰ ਕਲੀਨਜ਼ਰ ਨਾਲ ਸਾਫ਼ ਕਰੋ, ਜਿਸ ਨਾਲ ਚਿਹਰੇ ਦੀ ਵਾਧੂ ਚਿਕਨਾਈ ਅਤੇ ਗੰਦਗੀ ਚੰਗੀ ਤਰ੍ਹਾਂ ਨਾਲ ਸਾਫ਼ ਹੋ ਜਾਵੇਗੀ। ਰਾਤ ਨੂੰ ਵੀ ਸੋਣ ਤੋਂ ਪਹਿਲਾਂ ਚਿਹਰੇ ਨੂੰ ਕਲੀਨਜ਼ਰ ਲਗਾ ਕੇ ਸਾਫ਼ ਕਰੋਨ ਤੋਂ ਬਾਅਦ ਸਾਫ਼ ਪਾਣੀ ਨਾਲ ਚਿਹਰੇ ਨੂੰ ਧੋਵੋ।

☛ ਚਮੜੀ 'ਤੇ ਜੇ ਕਿੱਲ ਹੋਣ ਤਾਂ ਉਨ੍ਹਾਂ ਨੂੰ ਛਿੱਲੋ ਨਾ ਸਗੋਂ ਉਨ੍ਹਾਂ ਨੂ ਦੂਰ ਕਰਨ ਲਈ ਰਾਤ ਨੂੰ ਸੋਣ ਤੋਂ ਪਹਿਲਾਂ ਨਿਯਮਿਤ ਐਕਨੇ ਕ੍ਰੀਮ ਜਾਂ ਐਂਟੀ ਬਲਮਿਸ਼ ਸਲਿਉਸ਼ਨ ਜਾਂ ਐਂਟੀਸੈਪਟਿਕ ਕ੍ਰੀਮ ਲਗਾਉ।

☛ 25 ਸਾਲ ਦੀ ਉਮਰ ਤੋਂ ਬਾਅਦ ਤੁਹਾਡੀ ਚਮੜੀ ਨੂੰ ਖ਼ਾਸ ਦੇਖਭਾਲ ਦੀ ਜ਼ਰੂਰਤ ਪੈਂਦੀ ਹੈ। ਚਮੜੀ ਦੀ ਸਫ਼ਾਈ 'ਤੇ ਖ਼ਾਸ ਧਿਆਨ ਦਿਉ। ਚਮੜੀ 'ਚ ਕੁਦਰਤੀ ਨਮੀ ਬਣਾਏ ਰੱਖਣ ਲਈ ਹਮੇਸ਼ਾ ਖੁੱਲ੍ਹੇ ਰਹਿਣ ਇਸ ਲਈ ਅਸਟ੍ਰੇਜੈਂਕਟ ਲਗਾਉ। ਚਮੜੀ ਦੀ ਰੋਮਛਿਦਰਾਂ ਰਾਹੀਂ ਆਕਸੀਜਨ ਲੈਂਦੀ ਹੈ। ਇਸ ਲਈ ਰੋਮਛਿਦਰ ਹਮੇਸ਼ਾ ਖੁੱਲ੍ਹੇ ਰਹਿਣ ਇਸ ਲਈ ਅਸਟ੍ਰੇਜੈਂਟ ਲੋਸ਼ਨ ਲਗਾਉ। ਇਸ ਨਾਲ ਚਮੜੀ 'ਚ ਤਾਜ਼ਗੀ ਵੀ ਬਣੀ ਰਹੇਗੀ।

☛ 40 ਸਾਲ ਦੀ ਉਮਰ 'ਚ ਚਮੜੀ 'ਚ ਕੁਦਰਤੀ ਨਮੀ ਅਤੇ ਤੇਲ ਦੀ ਕਮੀ ਹੋਣ ਲੱਗਦੀ ਹੈ, ਜਿਸ ਨਾਲ ਚਮੜੀ 'ਚ ਕੋਮਲਤਾ ਦੀ ਜਗ੍ਹਾ ਰੁੱਖਾਪਣ ਆ ਜਾਂਦਾ ਹੈ। ਇਸ ਲਈ ਚਮੜੀ ਨੂੰ ਫੇਸਵਾਸ਼ ਨਾਲ ਸਾਫ਼ ਕਰਨ ਤੋਂ ਬਾਅਦ ਵਿਟਾਮਿਨ-ਏ ਯੁਕਤ ਕ੍ਰੀਮ ਨਾਲ ਚਮੜੀ ਦੀ ਹਰ ਰੋਜ਼ ਮਾਲਿਸ਼ ਕਰੋ। 15 ਦਿਨ ਦੇ ਫ਼ਰਕ ਨਾਲ ਕ੍ਰੀਮ ਯੁਕਤ ਫ਼ੇਸ਼ੀਅਲ ਵੀ ਜ਼ਰੂਰ ਕਰਾਉ, ਤਾਂ ਜੋ ਚਮੜੀ ਨਰਮ ਅਤੇ ਕਸੀ ਹੋਈ ਬਣੀ ਰਹੇ।

☛ 50 ਸਾਲ ਦੀ ਉਮਰ ਤੋਂ ਬਾਅਦ ਚਮੜੀ 'ਚ ਕੋਲੇਜਨ ਤੱਤ ਘੱਟ ਹੋਣ ਲੱਗਦਾ ਹੈ, ਜਿਸ ਨਾਲ ਚਮੜੀ ਦਾ ਲਚੀਲਾਪਣ ਘੱਟ ਹੋਣ ਲੱਗਦਾ ਹੈ ਅਤੇ ਚਮੜੀ ਢਿੱਲੀ ਪੈ ਜਾਂਦੀ ਹੈ। ਇਸ ਦੇ ਕਾਰਨ ਚਮੜੀ 'ਤੇ ਝੁਰੜੀਆਂ ਪੈ ਜਾਂਦੀਟਾਂ ਹਨ। ਇਸ ਲਈ ਇਸ ਉਮਰ 'ਚ ਚਿਹਰੇ ਨੂੰ ਵਾਧੂ ਟੋਨਿੰਗ ਅਤੇ ਨਰੀਸ਼ਿੰਗ ਦੀ ਜ਼ਰੂਰਤ ਪੈਂਦੀ ਹੈ। ਇਸ ਉਮਰ 'ਚ ਚਮੜੀ ਨੂੰ ਨਰਮ ਅਤੇ ਕਲੀਂਜ਼ਿੰਗ ਜੈਲ ਨਾਲ ਸਾਫ਼ ਕਰੋ। ਨਿਯਮਿਤ ਟੋਨਿੰਗ ਤੋਂ ਇਲਾਵਾ ਚਮੜੀ ਦੀ ਕ੍ਰੀਮ ਲਗਾ ਕੇ ਹਲਕੀ ਜਿਹੀ ਮਾਲਿਸ਼ ਵੀ ਕਰੋ। ਰਾਤ ਨੂੰ ਸੋਣ ਤੋਂ ਪਹਿਲਾਂ ਵਿਟਾਮਿਨ-ਈ ਅਤੇ ਲੈਨੋਲਿਨਯੁਕਤ ਨਰੀਸ਼ਿੰਗ ਕ੍ਰੀਮ ਨਾਲ ਚਿਹਰੇ ਦੀ ਮਾਲਿਸ਼ ਕਰੋ। ਮਾਲਿਸ਼ ਕਰਦੇ ਸਮੇਂ ਆਪਣੇ ਹੱਥਾਂ ਨੂੰ ਉਪਰ ਵੱਲ ਘੁਮਾਉਂਦੇ ਹੋਏ 5-10 ਮਿੰਟ ਤੱਕ ਮਾਲਿਸ਼ ਕਰੋ, ਜਿਸ ਨਾਲ ਚਮੜੀ 'ਚ ਖ਼ੂਨ ਦਾ ਸੰਚਾਰ ਠੀਕ ਤਰ੍ਹਾਂ ਨਾਲ ਹੋਣ ਲੱਗੇਗਾ ਅਤੇ ਚਮੜੀ 'ਚ ਕਸਾਉ ਅਤੇ ਕੋਮਲਤਾ ਵੀ ਆਏਗੀ।

☛ ਮਹੀਨੇ 'ਚ ਇਕ ਵਾਰ ਗਰਮ ਆਇਲ ਥੈਰੇਪੀ ਵੀ ਕਰੋ। ਦੋ-ਦੋ ਛੋਟੇ ਚਮਚ ਬਾਦਾਮ, ਜੈਤੂਨ ਜਾਂ ਨਾਰੀਅਲ ਦੇ ਤੇਲ ਨੂੰ ਮਿਲਾ ਕੇ ਗਰਮ ਕਰੋ। ਆਪਣੇ ਚਿਹਰੇ ਦੇ ਆਕਾਰ ਦੇ ਅਨੁਕੂਲ ਰੂੰ ਦੀ ਪੱਟੀ ਬਣਾ ਲਉ। ਪੱਟੀ ਨੂੰ ਕੋਸੇ ਤੇਲ 'ਚ ਡੁਬੋ ਦਿਉ। ਤੁਹਾਡੀ ਚਮੜੀ ਉਸ ਗਰਮ ਮਾਸਕ ਨੂੰ ਜਿੰਨਾਂ ਸਹਿ ਸਕੇ, ਉਸ ਦੇ ਅਨੁਕੂਲ ਉਸ ਨੂੰ ਚਿਹਰੇ 'ਤੇ ਹਲਕੇ ਦਬਾਅ ਨਾਲ ਉਦੋਂ ਤੱਕ ਰੱਖੋ ਜਦੋਂ ਤੱਕ ਪੱਟੀ ਠੰਡੀ ਨਾ ਹੋ ਜਾਵੇ। ਧਿਆਨ ਰੱਖੋ ਕਿ ਤੇਲ ਅੱਖਾਂ 'ਚ ਨਾ ਜਾਵੇ। ਇਸ ਲਈ ਅੱਖਾਂ ਦੇ ਆਲੇ-ਦੁਆਲੇ ਤੇਲ ਵਾਲੀ ਪੱਟੀ ਨਾ ਰੱਖੋ ਸਗੋਂ ਉਨ੍ਹਾਂ ਦੇ ਉਪਰ ਗੁਲਾਬ ਜਲ 'ਚ ਡੁੱਬੀ ਹੋਈ ਰੂੰ ਦੇ ਫੋਹੇ ਰੱਖੋ। ਬਾਅਦ 'ਚ ਇਸੇ ਤਰ੍ਹਾਂ ਠੰਡੇ ਪਾਣੀ ਦੀ ਪੱਟੀ ਵੀ ਕਰੋ। ਚਮੜੀ 'ਤੇ ਬਰਫ਼ ਦੇ ਟੁੱਕੜੇ ਰਗੜ ਕੇ ਨਹੀਂ ਸਗੋਂ ਬਰਫ਼ ਦੇ ਚੂਰੇ 'ਚ ਰੂੰ ਦੀ ਪੌਂ ਨੂੰ ਗਿੱਲਾ ਕਰੋ ਅਤੇ ਚਿਹਰੇ 'ਤੇ ਹਲਕਾ-ਹਲਕਾ ਦਬਾਅ ਦਿੰਦੇ ਹੋਏ ਰੱਖੋ। 5-10 ਮਿੰਟ ਬਾਅਦ ਪੱਟੀ ਉਤਾਰ ਦਿਉ। ਬਾਅਦ 'ਚ ਕਲੀਨਜ਼ਰ ਨਾਲ ਵਾਧੂ ਤੇਲ ਸਾਫ਼ ਕਰ ਲਉ ਫਿਰ ਚੇਹਰੇ 'ਤੇ ਫੇਸ ਪੈਕ ਲਗਾਉ। 15 ਮਿੰਟ ਸੁੱਕਣ ਤੋਂ ਬਾਅਦ ਚਮੜੀ ਨੂੰ ਪਾਣੀ ਨਾਲ ਸਾਫ਼ ਕਰੋ। ਅਜਿਹਾ ਕਰਨ ਨਾਲ ਤੁਸੀਂ ਕਾਫ਼ੀ ਹੱਦ ਤੱਕ ਚਮੜੀ 'ਤੇ ਪੈਂਦੇ ਉਮਰ ਦੇ ਪ੍ਰਭਾਵ ਨੂੰ ਘੱਟ ਕਰ ਸਕਦੇ ਹੋ।

☛ ਤੇਜ਼ ਧੁੱਪ ਚਮੜੀ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਸੂਰਜ ਦੀਆਂ ਪਾਰਵੈਂਗਣੀ ਕਿਰਨਾਂ ਚਮੜੀ ਨੂੰ ਰੁੱਖਾ, ਬੇਜਾਨ ਅਤੇ ਝੁਰੜੀਆਂ ਵਾਲੀ ਬਣਾ ਦਿੰਦੀਆਂ ਹਨ। ਇਸ ਲਈ ਇਨ੍ਹਾਂ ਤੋਂ ਬਚਣ ਲਈ ਸਨਸਕ੍ਰੀਮ ਲੋਸ਼ਣ ਜ਼ਰੂਰ ਲਗਾਉ। ਇਹ ਸੂਰਜ ਦੀਆਂ ਕਿਰਨਾਂ ਦੇ ਹਾਨੀਕਾਰਕ ਪ੍ਰਭਾਵ ਨੂੰ ਵੀ ਰੋਕਦਾ ਹੈ ਅਤੇ ਚਮੜੀ ਦੀ ਨਮੀ ਵੀ ਬਣਾਏ ਰੱਖਦਾ ਹੈ।

☛ ਚਮੜੀ ਨੂੰ ਕੋਮਲ ਅਤੇ ਕਸੀ ਹੋਈ ਬਣਾਉਣ ਲਈ ਹਫ਼ਤੇ 'ਚ ਦੋ ਵਾਰ ਫੇਸ ਪੈਕ ਅਤੇ ਇਕ ਵਾਰ ਫੇਸ ਸਕਰਬ ਜਾਂ ਫੇਸ ਮਾਸਕ ਲਗਾਉ।

ਤੰਦਰੁਸਤੀ, ਹਰ ਇਨਸਾਨ ਦੀ ਸਭ ਤੋਂ ਪਿਆਰਾ ਸੁਪਨਾ ਹੈ। ਸਭ ਤਰ੍ਹਾਂ ਦੀਆਂ ਪ੍ਰਾਪਤੀਆਂ ਕਰਨ ਲਈ ਵਿਅਕਤੀ ਦਾ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਹੋਣਾ ਬਹੁਤ ਹੀ ਜ਼ਰੂਰੀ ਹੈ। ਚੰਗੀ ਸਿਹਤ ਦੀ ਪ੍ਰਾਪਤੀ ਲਈ, ਮਨੁੱਖੀ ਸਰੀਰ ਅਤੇ ਮਨ ਦੀ ਬਣਤਰ ਅਤੇ ਕੰਮ ਕਰਨ ਦੇ ਢੰਗ ਨੂੰ ਬਰੀਕੀ ਨਾਲ ਸਮਝਣਾ ਜ਼ਰੂਰੀ ਹੈ। ਆਧੁਨਿਕ ਚਕਿਤਸਾ ਪ੍ਰਣਾਲੀ, ਜਿਸ ਨੂੰ ਐਲੋਪੈਥੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਅਨੁਸਾਰ ਮਨੁੱਖੀ ਸਰੀਰ ਨੂੰ ਇਕ ਮਸ਼ੀਨ ਵਾਂਗੂ ਸਮਝਿਆ ਜਾਂਦਾ ਹੈ। ਇਸ ਨੂੰ ਲੱਗਣ ਵਾਲੀਆਂ ਬਿਮਾਰੀਆਂ ਅਤੇ ਪੈਣ ਵਾਲੇ ਨੁਕਸਾਂ ਨੂੰ ਵੀ ਇਕ ਆਮ ਮਸ਼ੀਨ ਵਾਂਗੂ ਪੈਣ ਵਾਗੂ ਪੈਣ ਵਾਲੇ ਨੁਕਸਾਂ ਵਾਂਗ ਦੇਖਿਆ ਜਾਂਦਾ ਹੈ। ਇਸੇ ਸਮਝ 'ਚੋਂ ਨਿਕਲੇ ਇਲਾਜ਼ ਦੇ ਢੰਗ ਵੀ ਉਵੇਂ ਹੀ ਹਨ, ਜਿਵੇਂ ਕਿ ਇਕ ਮਕੈਨਿਕ, ਮਸ਼ੀਨ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਦਾ ਹੈ। ਮਕੈਨਿਕ ਵਾਂਗੂ ਸਰੀਰ 'ਚ ਪਏ ਨੁਕਸਾਂ ਨੂੰ ਠੀਕ ਕਰਨ ਦੀ ਕੋਸ਼ਿਸ਼ ਕਿਤੇ-ਕਿਤੇ ਤਾਂ ਕਾਰਗਰ ਸਾਬਤ ਹੁੰਦੀ ਹੈ, ਜਿਵੇਂ ਕੀ ਟੁੱਟੀਆਂ ਹੱਡੀਆਂ ਨੂੰ ਜੋੜਨ ਦੀ ਵਿਧੀ 'ਤੇ ਆਮ ਤੌਰ 'ਤੇ ਅਜਿਹੇ ਢੰਗ ਗੈਰ-ਕੁਦਰਤੀ, ਆਰਜ਼ੀ ਲਾਭ ਦੇਣ ਵਾਲੇ ਅਤੇ ਸਿਰਫ਼ ਬਿਮਾਰੀ ਦੀਆਂ ਅਲਾਮਤਾਂ ਨੂੰ ਦਬਾਉਣ ਵਾਲੇ ਹਨ। ਇਨ੍ਹਾਂ ਢੰਗਾਂ 'ਚ ਕਿਧਰੇ ਵੀ ਬਿਮਾਰੀ ਨੂੰ ਜੜ੍ਹ ਤੋਂ ਖਤਮ ਕਰਨ ਦੀ ਕੋਈ ਕੋਸ਼ਿਸ਼ ਨਹੀਂ ਹੁੰਦੀ। ਇਲਾਜ ਲਈ ਵਰਤੀਆਂ ਗਈਆਂ ਵਿਧੀਆਂ ਨਾਲ, ਬਿਨਾਂ ਵਜ੍ਹਾ ਸਰੀਰ ਨੂੰ ਅੰਗਾਂ ਦੀ ਚੀਰ-ਫਾੜ ਕਰ ਦਿੱਤੀ ਜਾਂਦੀ ਹੈ। ਤੇਜ਼ ਅਤੇ ਮਾੜੇ ਅਸਰਾਂ ਵਾਲੀਆਂ ਦਵਾਈਆਂ ਖੁਆਈਆਂ ਜਾਂਦੀਆਂ ਹਨ ਅਤੇ ਬੇਲੋੜੇ, ਮਹਿੰਗੇ ਅਤੇ ਮਾੜੇ ਅਸਰਾਂ ਵਾਲੇ ਟੈਸਟ ਕੀਤੇ ਜਾਂਦੇ ਹਨ। ਚਕਿਤਸਾ ਦੇ ਅਜਿਹੇ ਤਰੀਕਿਆਂ ਨਾਲ ਬਹੁਤ ਵਾਰੀ ਲਾਭ ਨਾਲੋਂ ਨੁਕਸਾਨ ਵੱਧ ਹੋ ਜਾਂਦਾ ਹੈ। ਕਈ ਵਾਰੀ ਬਿਮਾਰੀ ਤਾਂ ਇੰਨੀ ਗੰਭੀਰ ਨਹੀਂ ਹੁੰਦੀ, ਪ੍ਰੰਤੂ ਚਕਿਤਸਾ ਦੇ ਨੁਕਸਾਨਦੇਹ ਤਰੀਕਿਆਂ ਕਾਰਨ ਮਰੀਜ਼ ਦੀ ਮੌਤ ਹੋ ਜਾਂਦੀ ਹੈ।

ਅੱਜ ਦੇ ਸਮੇਂ 'ਚ ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਕੁਝ ਲੋਕ ਦਵਾਈਆਂ ਦਾ ਏਨਾ ਸੇਵਨ ਕਰਦੇ ਹਨ ਕਿ ਦਵਾਈ ਖਾਧੇ ਵਗੈਰ ਸਬਰ ਹੀ ਨਹੀਂ ਕਰਦੇ। ਜਦੋਂ ਕਿ ਫਜ਼ੂਲ ਦਵਾਈਆਂ ਲੋਕਾਂ ਨੂੰ ਗੁਲਾਮ ਬਣਾਉਂਦੀਆਂ ਹਨ। ਲੋਕਾਂ ਦੀ ਸੋਚਣ ਸਮਝਣ ਦੀ ਸ਼ਕਤੀ ਜਾਂ ਸਰੀਰ ਕਸ਼ਕਤੀ ਨੂੰ ਘਟਾਉਂਦੀਆਂ ਹਨ। ਅਕਸਰ ਸੁਣਿਆ ਜਾਂਦਾ ਹੈ ਕਿ ਐਲੋਪੈਥੀ ਦਵਾਈਆਂ ਖਾਣ ਨਾਲ ਕਿਸੇ ਦਾ ਕਾਲਜਾ ਮੱਚਣ ਲੱਗ ਪਿਆ ਹੈ, ਗਰਮੀ ਸਰੀਰ 'ਚ ਬਹੁਤ ਵੱਧ ਗਈ ਹੈ, ਕਿਸੇ ਦਾ ਪਿਸ਼ਾਬ ਜਲਣ ਨਾਲ ਆਉਣ ਲੱਗ ਪਿਆ ਹੈ, ਕਿਸੇ ਦਾ ਸਿਰ ਚਕਰਾਉਣ ਲੱਗ ਪੈਂਦਾ ਹੈ ਜਾਂ ਲੀਵਰ, ਗੁਰਦੇ ਖਰਾਬ ਹੋ ਗਏ ਹਨ, ਆਦਿ ਫਿਰ ਵੀ ਪਤਾ ਨਹੀਂ ਕਿਵੂੰ ਲੋਕ ਸਭ ਕੁਝ ਜਾਨਣ ਦੇ ਬਾਵਜੂ ਦਵਾਈਆਂ ਅਪਨਾਉਂਦੇ ਹਨ ਅਤੇ ਆਪਣੀ ਸਿਹਤ ਨੂੰ ਸੁੱਰਖਿਅਤ ਸਮਝਦੇ ਹਨ ਅਤੇ ਜ਼ਿੰਦਗੀ ਨੂੰ ਪ੍ਰਗਤੀਸ਼ੀਲ ਰੱਖਣ ਲਈ ਬਹੁਤ ਲੋਕਾਂ ਦੀ ਆਦਤ ਹੁੰਦੀ ਹੈ ਕਿ ਥੋੜ੍ਹੇ ਜਿਹੇ ਜ਼ੁਕਾਮ, ਖਾਂਸੀ ਜਾਂ ਬੁਖਾਰ ਸਿਰ ਦਰਦ ਹੋਣ 'ਤੇ ਘਰ ਪਈ ਦਵਾਈ ਆਪੇ ਹੀ ਬਿਨਾ ਸੰਕੋਚ ਕੀਤੇ ਖਾ ਜਾਂਦੇ ਹਨ। ਜਦੋਂ ਕਿ ਜ਼ੁਕਾਮ, ਖਾਂਸੀ ਆਪਣੇ ਆਪ 'ਚ ਕੋਈ ਰੋਗ ਲਹੀਂ ਹੁੰਦੇ, ਸਗੋਂ ਸਰੀਰ 'ਚੋਂ ਬਿਮਾਰੀ ਜਾਂ ਵਿਸ਼ੈਲ ਤੱਤ ਕੱਢਣ ਦੇ ਲੱਛਣ ਹੁੰਦੇ ਹਨ। ਪਰ ਲੋਕ ਝੱਟ-ਪੱਟ ਦਵਾਈ ਖਾ ਕੇ ਰੋਗ ਸਰੀਰ 'ਚੋਂ ਕੱਢਣ ਦੀ ਥਾਂ ਅੰਦਰ ਹੀ ਦਬਾ ਜਾਂ ਧੱਕ ਦਿੰਦੇ ਹਨ। ਅਜਿਹਾ ਨਹੀਂ ਕਰਨਾ ਚਾਹੀਦਾ। ਅਜਿਹੀ ਆਦਤ ਲੋਕਾਂ ਨੂੰ ਦਵਾਈਆਂ ਦੇ ਗੁਲਾਮ ਬਣਾ ਦਿੰਦੀ ਹੈ, ਜੋ ਕਿ ਇਨਸਾਨ ਦੇ ਮਰਨ ਤੱਕ ਦਵਾਈਆਂ ਸਾਥ ਨਹੀਂ ਛੱਡਦੀਆਂ ।

ਪੁਰਾਣੇ ਜਮਾਨੇ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਲੋਕ ਬਿਮਾਰ ਘੱਟ ਹੀ ਹੁੰਦੇ ਸਨ। ਜੇਕਰ ਬਿਮਾਰ ਹੁੰਦੇ ਵੀ ਸਨ ਤਾਂ ਘਰੇਲੂ ਉਪਯੋਗ ਜਾਂ ਐਕਯੂਪ੍ਰੈਸ਼ਰ ਨਾਲ ਆਪਣਾ ਰੋਗ ਠੀਕ ਕਰ ਲੈਂਦੇ ਸਨ। ਪਰ ਅਧੁਨਿਕ ਯੁੱਗ 'ਚ ਹਰ ਵਿਅਕਤੀ ਇਕ ਤੋਂ ਵੱਧ ਕੇ ਕਾਹਲਾ ਅਤੇ ਬੇਸਬਰਾ ਹੈ, ਜੋ ਹਰ ਰੋਗ ਇਕ ਦਿਨ ਤਾਂ ਕਿ ਇਕ ਮਿੰਟ 'ਚ ਹੀ ਠੀਕ ਕਰਵਾਉਣਾ ਚਾਹੁੰਦਾ ਹੈ। ਸ਼ੁਰੂਆਤ ਛੋਟੇ ਡਾਕਟਰ ਤੋਂ ਕਰਦਾ ਹੈ, ਫਿਰ ਨਾ ਠੀਕ ਹੋਣ 'ਤੇ ਵੱਡੇ ਡਾਕਟਰ ਕੋਲ ਚਲਾ ਜਾਂਦਾ ਹੈ। ਉਸ ਤੋਂ ਵੀ ਸਬਰ ਨਾ ਆਏ ਤਾਂ ਹੋਰ ਵੱਡੇ ਡਾਕਟਰ ਕੋਲ ਚਲਾ ਜਾਂਦਾ ਹੈ। ਹੌਲੀ-ਹੌਲੀ ਵੱਡੇ ਤੋਂ ਵੱਡਾ ਹਸਪਤਾਲ ਪਹੁੰਚ ਕੇ ਮਹਿੰਗੀਆਂ ਤੋਂ ਮਹਿੰਗੀਆਂ ਦਵਾਈਆਂ ਖਾ ਖਾ ਸਰੀਰ ਨੂੰ ਹੋਰ ਰੋਗੀ ਅਤੇ ਕੰਡਮ ਕਰ ਲੈਂਦਾ ਹੈ, ਪਰ ਦਵਾਈਆਂ ਖਾਣੋਂ ਨਹੀਂ ਥੱਕਦਾ ਅਤੇ ਅਸਲ ਰੋਗ ਨਿਵਾਰਨ ਪੱਧਤੀਆਂ ਐਕਯੂਪ੍ਰੈਸ਼ਰ ਆਯੂਰਵੈਦਿਕ ਵੱਲ ਸੋਚਦਾ ਹੈ। ਜੇਕਰ ਥੱਕ ਹਾਰ ਕੇ ਐਕਯੂਪ੍ਰੈਸ਼ਰ ਜਾਂ ਆਯੂਰਵੈਦਿਕ ਅਪਨਾ ਵੀ ਲਵੇ ਤਾਂ ਕੰਡਮ ਸਰੀਰ ਨੂੰ 2-4 ਦਿਨਾਂ 'ਚ ਠੀਕ ਕਰ ਲੈਣਾ ਚਾਹੁੰਦਾ ਹੈ।

ਕਿਉਂ ਹੁੰਦੀ ਹੈ ਬੱਚਿਆਂ ਵਿਚ ਹਕਲਾਹਟ

ਹਕਲਾਉਣ ਦੀ ਸਮੱਸਿਆ ਤਿੰਨ ਤਰ੍ਹਾਂ ਦੀ ਹੋ ਸਕਦੀ ਹੈ ਇਕ ਤਾਂ ਇਹ ਕਿ ਬੱਚਾ ਕਿਸੇ ਵਾਕ ਦਾ ਪਹਿਲਾ ਸ਼ਬਦ ਬੋਲਣ 'ਤੇ ਹਕਲਾਉਂਦਾ ਹੈ। ਦੂਜੀ ਕਿਸਮ ਦੀ ਹਕਲਾਹਟ ਵਿਚ ਬੱਚਾ ਵਾਕ ਬੋਲਣ ਵੇਲੇ ਪਹਿਲਾ ਸ਼ਬਦ ਤਾਂ ਠੀਕ ਤਰ੍ਹਾਂ ਬੋਲ ਲੈਂਦਾ ਹੈ ਪਰ ਵਿਚਲੇ ਸ਼ਬਦਾਂ 'ਤੇ ਅੜ ਜਾਂਦਾ ਹੈ ਅਤੇ ਤੀਜੀ ਸਥਿਤੀ ਇਹ ਹੁੰਦੀ ਹੈ ਕਿ ਜਬਾੜੇ ਤੇ ਬੁੱਲ੍ਹ ਤਾਂ ਹਿੱਲਦੇ ਹਨ ਪਰ ਮੂੰਹ ਵਿਚੋਂ ਆਵਾਜ਼ ਨਹੀਂ ਨਿਕਲਦੀ। ਇਹ ਆਮ ਤੌਰ 'ਤੇ ਕਿਸੇ ਵੱਡੇ ਵਿਅਕਤੀ ਜਾਂ ਅਜਨਬੀ ਨਾਲ ਗੱਲ ਕਰਨ ਵੇਲੇ ਹੋ ਸਕਦੀ ਹੈ।

ਹਕਲਾਹਟ ਮੁੰਡੇ-ਕੁੜੀ ਕਿਸੇ ਨੂੰ ਵੀ ਹੋ ਸਕਦੀ ਹੈ ਪਰ ਕੁੜੀਆਂ ਦੇ ਮੁਕਾਬਲੇ ਇਹ ਮੁੰਡਿਆਂ ਵਿਚ ਵਧੇਰੇ ਪਾਈ ਜਾਂਦੀ ਹੈ। ਅੱਧੇ ਬੱਚਿਆਂ ਦੀ ਹਕਲਾਹਟ 16 ਸਾਲ ਦੀ ਉਮਰ ਪੂਰੀ ਹੋਣ ਤੱਕ ਦੂਰ ਹੋ ਜਾਂਦੀ ਹੈ। ਜੇਕਰ ਵੱਡੇ ਹੋਣ 'ਤੇ ਵੀ ਬੱਚਿਆਂ ਦੀ ਹਕਲਾਹਟ ਦੂਰ ਨਹੀਂ ਹੁੰਦੀ ਤਾਂ ਇਸਦਾ ਅਸਰ ਉਨ੍ਹਾਂ ਦੇ ਕੈਰੀਅਰ 'ਤੇ ਪੈਂਦਾ ਹੈ। ਹਕਲਾਉਣ ਵਾਲੇ ਅੱਲ੍ਹੜ ਅਤੇ ਜਵਾਨ ਉਹ ਕੈਰੀਅਰ ਨਹੀਂ ਚੁਣ ਸਕਦੇ ਜਿਸ ਵਿਚ ਉਨ੍ਹਾਂ ਨੂੰ ਬੋਲਣਾ ਪੈਂਦਾ ਹੈ। ਉਹ ਦੂਜਿਆਂ ਨਾਲ ਗੱਲ ਕਰਨੋਂ ਕਤਰਾਉਂਦੇ ਹਨ। ਸਮਾਜ ਦੀ ਮੁੱਖ ਧਾਰਾ ਤੋਂ ਟੁੱਟੇ ਅਤੇ ਜੁਦਾ ਜਿਹੇ ਹੋ ਜਾਂਦੇ ਹਨ। 3-4 ਸਾਲ ਦੀ ਉਮਰ ਤੋਂ ਬਾਅਦ ਵੀ ਜੇਕਰ ਬੱਚਾ ਤੋਤਲ ਬੋਲੇ ਜਾਂ ਹਕਲਾਅ ਕੇ ਬੋਲੇ ਤਾਂ ਇਸ ਨੂੰ ਨਜ਼ਰ ਅੰਦਾਜ਼ ਨਾ ਕਰੋ। ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕਿਸੇ ਮਨੋਵਿਗਿਆਨੀ ਦੀ ਸਲਾਹ ਲਓ ਅਤੇ ਫਿਰ ਕਿਸੇ ਮਸ਼ਹੂਰ ਸਪੀਚ ਥੈਰੇਪਿਸਟ ਤੋਂ ਪੂਰੀ ਜਾਂਚ ਕਰਵਾਓ। ਡਾਕਟਰ ਇਸ ਗੱਲ ਦੀ ਜਾਂਚ ਕਰੇਗਾ ਕਿ ਬੱਚੇ ਵਿਚ ਕੋਈ ਸਰੀਰਕ ਅਸਮਰੱਥਾ ਜਾਂ ਨੁਕਸ ਤਾਂ ਨਹੀਂ। ਜੇਕਰ ਹਕਲਾਉਣਾ ਪੀੜ੍ਹੀ ਦਰ ਪੀੜ੍ਹੀ ਚੱਲਿਆ ਆ ਰਿਹਾ ਹੈ ਤਾਂ ਬੱਚੇ ਦੇ ਜਨਮ ਪਿੱਛੋਂ ਜਦੋਂ ਉਹ ਬੋਲਣਾ ਸਿੱਖਦਾ ਹੈ ਤਾਂ ਉਸਨੂੰ ਵੱਖਰੇ ਮਾਹੌਲ ਵਿਚ ਰੱਖੋ, ਜਿਥੇ ਕੋਈ ਨਾ ਹਕਲਾਉਂਦਾ ਹੋਵੇ।

ਬੱਚੇ ਨੂੰ ਮਾਨਸਿਕ ਤਣਾਅ ਤੋਂ ਮੁਕਤ ਰੱਖਣ ਦੀ ਕੋਸ਼ਿਸ਼ ਕਰੋ। ਉਸਨੂੰ ਵਾਰ-ਵਾਰ ਟੋਕਣਾ ਜਾਂ ਜ਼ਲੀਲ ਕਰਨਾ ਠੀਕ ਨਹੀਂ ਸਗੋਂ ਉਸ ਦਾ ਮਨੋਬਲ ਉੱਚਾ ਕਰੋ ਕਿ ਉਹ ਕੋਸ਼ਿਸ਼ ਕਰੇ ਸਹੀ ਬੋਲ ਸਕਦਾ ਹੈ।

ਬੱਚਿਆਂ ਦੀ ਭਾਸ਼ਾ, ਵਿਕਾਸ ਅਤੇ ਉਚਾਰਨ ਵਿਚ ਪ੍ਰੇਰਨਾ ਦਾ ਅਹਿਮ ਸਥਾਨ ਹੈ। ਹਕਲਾਉਣ ਵਾਲੇ ਬੱਚੇ ਜੇਕਰ ਸ਼ੁੱਧ ਬੋਲਣ ਦੀ ਕੋਸ਼ਿਸ਼ ਕਰਨ ਤਾਂ ਉਨ੍ਹਾਂ ਦੀ ਤਾਰੀਫ ਕਰਨੀ ਚਾਹੀਦੀ ਹੈ।

ਜੇਕਰ ਬੱਚਾ ਹਕਲਾਉਂਦਾ ਹੈ ਤਾਂ ਉਸਨੂੰ ਤੁਹਾਡੀ ਮਦਦ ਦੀ ਲੋੜ ਹੈ। ਉਸਦੇ ਹਕਲਾਉਣ 'ਤੇ ਉਸਦੀ ਕੁੱਟਮਾਰ ਕਰਨੀ, ਸਜ਼ਾ ਆਦਿ ਦੇਣ ਦਾ ਵਤੀਰਾ ਸਮੱਸਿਆ ਨੂੰ ਹੋਰ ਉਲਝਾ ਸਕਦਾ ਹੈ। ਮਾਤਾ-ਪਿਤਾ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ।

ਡਰ ਕਾਰਨ ਵੀ ਬੱਚੇ ਹਕਲਾਅ ਸਕਦੇ ਹਨ। ਜੇਕਰ ਕਿਸੇ ਵਿਦਿਆਰਥੀ ਦਾ ਕਲਾਸ ਵਿਚ ਧਿਆਨ ਨਹੀਂ ਹੈ ਅਤੇ ਟੀਚਰ ਅਚਾਨਕ ਉਸ ਤੋਂ ਸਵਾਲ ਪੁੱਛ ਲਵੇ ਤਾਂ ਉਹ ਹਕਲਾਉਣ ਲੱਗਦਾ ਹੈ, ਜਦਕਿ ਸਧਾਰਨ ਤੌਰ 'ਤੇ ਉਹ ਹਕਲਾਉਂਦਾ ਨਹੀਂ।

ਮਾਨਸਿਕ ਤੌਰ 'ਤੇ ਤਣਾਅਗ੍ਰਸਤ ਬੱਚੇ ਵੀ ਹਕਲਾਉਂਦੇ ਦੇਖੇ ਗਏ ਹਨ, ਜਦੋਂ ਉਹ ਤਣਾਅ ਵਿਚ ਹੁੰਦੇ ਹਨ ਤਾਂ ਚਾਹ ਕੇ ਵੀ ਸਧਾਰਨ ਰੂਪ ਵਿਚ ਨਹੀਂ ਬੋਲ ਸਕਦੇ।

ਹਕਲਾਹਟ ਵੰਸ਼ਕ ਰੂਪ ਵਿਚ ਵੀ ਹੋ ਸਕਦੀ ਹੈ। ਜੇਕਰ ਮਾਂ ਜਾਂ ਪਿਤਾ ਹਕਲਾਉਂਦੇ ਹਨ ਤਾਂ ਇਸ ਦਾ ਅਸਰ ਬੱਚੇ 'ਚ ਵੀ ਦੇਖਣ ਨੂੰ ਮਿਲ ਸਕਦਾ ਹੈ। ਦਾਦਾ, ਚਾਚਾ, ਤਾਇਆ, ਭੂਆ ਜਾਂ ਨਾਨਾ, ਮਾਮਾ, ਮਾਸੀ ਆਦਿ ਵਿਚੋਂ ਵੀ ਕੋਈ ਹਕਲਾਉਂਦਾ ਹੈ ਤਾਂ ਇਹ ਔਗੁਣ ਬੱਚਿਆਂ ਵਿਚ ਵੀ ਆ ਸਕਦਾ ਹੈ।

ਹਕਲਾਉਣ ਦਾ ਸਭ ਤੋਂ ਵੱਡਾ ਕਾਰਨ ਹੈ ਕਿ ਸੁਰ ਯੰਤਰ ਵਿਚ ਗੜਬੜੀ। ਦਿਮਾਗ ਵਿਚ ਅਸੰਤੁਲਨ, ਖ਼ੂਨ ਵਿਚ ਸ਼ੱਕਰ ਜਾਂ ਕੈਲਸ਼ੀਅਮ ਦੀ ਜ਼ਿਆਦਾ ਮਾਤਰਾ ਆਦਿ ਪ੍ਰੋਟੀਨ ਤੇ ਪੋਟਾਸ਼ੀਅਮ ਦੀ ਕਮੀ ਹੋਣ ਨਾਲ ਵੀ ਬੱਚੇ ਹਕਲਾਉਂਦੇ ਹਨ। ਹਕਲਾਉਣ ਵਾਲੇ ਨੂੰ ਅੱਗੇ ਬੋਲਣ ਵਾਲੇ ਸ਼ਬਦ ਪ੍ਰਤੀ ਭਰਮ-ਭੁਲੇਖਾ ਹੁੰਦਾ ਹੈ। ਜੇਕਰ ਉਸਨੂੰ ਭੁਲੇਖਾ ਨਾ ਹੋਵੇ ਤਾਂ ਉਹ ਬੋਲਦਾ ਹੋਇਆ ਰੁਕੇਗਾ ਨਹੀਂ।

ਦਹੀਂ ਖਾਉ ਬਿਮਾਰੀਆਂ ਭਜਾਓ

ਹਾਂ ਇਹ ਸੱਚ ਹੈ। ਸੰਸਾਰ ਵਿਚ ਦਿਲ ਦੀਆਂ ਬਿਮਾਰੀਆਂ ਤੋਂ ਗ੍ਰਸਤ ਕਰੋੜਾਂ ਹੀ ਲੋਕ ਹਨ, ਜਿਹੜੇ ਇਸ ਬਿਮਾਰੀ ਨਾਲ ਆਪਣੀ ਜਾਨ ਤੋਂ ਹੱਥ ਧੋ ਬੈਠਦੇ ਹਨ। ਕਿਹਾ ਜਾਂਦਾ ਹੈ ਕਿ ਬਚਾਅ ਵੀ ਵੱਡਾ ਇਲਾਜ ਹੈ। ਦਹੀਂ ਨੂੰ ਬਹੁਤ ਪੁਰਾਣੇ ਸਮੇਂ ਤੋਂ ਇਕ ਔਸ਼ਧੀ ਦੇ ਰੂਪ ਵਿਚ ਵਰਤਿਆ ਜਾਂਦਾ ਰਿਹਾ ਹੈ। ਐਲਾਈ ਮੈਟਨੀਕੋਫ਼ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਦਹੀਂ ਜਾਂ ਹੋਰ ਖ਼ਮੀਰ ਕੀਤੀਆਂ ਖਾਧ ਵਸਤਾਂ ਖਾਣ ਨਾਲ ਜ਼ਿੰਦਗੀ ਲੰਬੀ ਹੁੰਦੀ ਹੈ। ਵਿਗਿਆਨਕ ਤੌਰ 'ਤੇ ਜੇ ਇਸ ਸਬੰਧੀ ਸ਼ੁਰੂਆਤੀ ਖੋਜ ਦੇਖੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਭ ਤੋਂ ਪਹਿਲਾਂ 1974 ਵਿਚ ਮਾਨ ਅਤੇ ਸਪੋਇਰੀ ਨੇ ਇਹ ਪਰਖ ਕੀਤੀ ਕਿ ਦਹੀਂ ਖਾਣ ਨਾਲ ਬਲੱਡ ਕਲੈਸਟਰੋਲ ਘੱਟਦਾ ਹੈ। ਇਹ ਪਾਇਆ ਗਿਆ ਹੈ ਕਿ 1 ਫੀਸਦੀ ਬਲੱਡ ਕਲੈਸਟਰੋਲ ਘਟਣ ਨਾਲ 2 ਤੋਂ 3 ਫੀਸਦੀ ਦਿਲ ਦੀਆਂ ਬਿਮਾਰੀਆਂ ਘੱਟ ਹੁੰਦੀਆਂ ਹਨ। ਅਸਲ ਵਿਚ ਦਹੀਂ ਵਿਚ ਸੂਖਮ ਜੀਵ ਲੈਕਟੋਬੈਸੀਲਸ ਹੁੰਦੇ ਹਨ, ਜਿਨ੍ਹਾਂ ਨੂੰ ਪ੍ਰੋਬਾਇਓਟਿਕ ਵੀ ਕਿਹਾ ਜਾਂਦਾ ਹੈ।

ਇਹ ਸੂਖਮ ਜੀਵ ਮਨੁੱਖੀ ਸਰੀਰ ਦੇ ਅੰਦਰ, ਬਿਨਾ ਕੋਈ ਨੁਸਕਾਨ ਪਹੁੰਚਾਏ, ਰਹਿੰਦੇ ਹਨ ਅਤੇ ਸਰੀਰ ਨੂੰ ਕਈ ਤਰ੍ਹਾਂ ਨਾਲ ਤੰਦਰੁਸਤ ਰੱਖਣ ਵਿਚ ਸਹਾਈ ਹੁੰਦੇ ਹਨ। ਮਨੁੱਖ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਾਉਣ ਲਈ ਸੰਸਾਰ ਭਰ ਵਿਚ ਵਿਗਿਆਨੀ ਇਸ ਵਿਸ਼ੇ 'ਤੇ ਅਣਥੱਕ ਮਿਹਨਤ ਕਰ ਰਹੇ ਹਨ ਤਾਂ ਜੋ ਇਸ ਤੋਂ ਵੀ ਵਧੀਆ ਸੂਖਮ ਜੀਵ ਲੱਭਿਆ ਜਾ ਸਕੇ ਜੋ ਮਨੁੱਖੀ ਸਰੀਰ ਨੂੰ ਹੋਰ ਵੀ ਜ਼ਿਆਦਾ ਲਾਭ ਪਹੁੰਚਾਉਣ ਦੇ ਕਾਬਲ ਹੋਵੇ।

ਅਲੱਗ-ਲਅੱਲ ਖੋਜਾਂ ਦੇ ਸਰਵੇਖਣ ਤੋਂ ਬਾਅਦ ਅਧਿਐਨ ਵਿਚ ਇੱਥੋਂ ਤੱਕ ਕਿਹਾ ਗਿਆ ਹੈ ਕਿ ਦਹੀਂ ਖਾਣ ਨਾਲ ਸਰੀਰ ਦੀ ਰੋਗਾਣੂ ਪ੍ਰਤੀਰੋਧਮ ਸਮਰੱਥਾ ਵੀ ਵੱਧ ਜਾਂਦੀ ਹੈ। ਇਸ ਨਾਲ ਕੈਂਸਰ ਵੀ ਘੱਟ ਹੁੰਦਾ ਹੈ। ਇਸ ਖੋਜ ਦੇ ਮੱਦੇਨਜ਼ਰ ਅੱਜ ਬਾਜ਼ਾਰ ਵਿਚ ਪ੍ਰੋਬਾਇਓਟਿਕ ਦੁੱਧ ਜਾਂ ਦਹੀਂ ਆਮ ਹੀ ਮਿਲ ਜਾਂਦਾ ਹੈ।

ਆਮ ਕਹਾਵਤ ਹੈ, "ਇਕ ਅਨਾਰ ਸੌ ਬਿਮਾਰ"। ਅਨਾਰ ਬਿਮਾਰਾਂ ਲਈ ਬਹੁਤ ਪੌਸ਼ਟਿਕ ਅਤੇ ਗੁਣਕਾਰੀ ਫੱਲ ਹੈ। ਮਹਿੰਗਾ ਹੋਣ ਕਾਰਨ ਘੱਟ ਹੀ ਪ੍ਰਯੋਗ 'ਚ ਲਿਆਇਆ ਜਾਂਦਾ ਹੈ। ਅਕਸਰ ਬਿਮਾਰ ਹੋਣ 'ਤੇ ਹੀ ਲੋਕ ਅਨਾਰ ਨੂੰ ਇਕ ਦਵਾਈ ਦੇ ਰੂਪ ਵਿਚ ਇਸਤੇਮਾਲ ਕਰਦੇ ਹਨ। ਬਿਮਾਰੀ ਹੋਣ 'ਤੇ ਸਰੀਰਕ ਕਮਜ਼ੋਰੀ, ਲਹੂ ਦੀ ਕਮੀ 'ਚ ਅਨਾਰ ਖਾਣਾ ਬਹੁਤ ਫ਼ਾਇਦੇਮੰਦ ਹੈ। ਅਨਾਰ ਤਿੰਨ ਤਰ੍ਹਾਂ ਦਾ ਹੁੰਦਾ ਹੈ। 1. ਬਹੁਤ ਮਿੱਠਾ 2. ਖਟਮਿੱਠਾ 3. ਖੱਟਾ।

ਇਨ੍ਹਾਂ ਵਿਚ ਵੱਖ,-ਵੱਖ ਔਸ਼ਧੀ ਗੁਣ ਹੁੰਦੇ ਹਨ। ਅਨਾਰ ਸਾਰੇ ਭਾਰਤ ਵਿਚ ਪਾਇਆ ਜਾਂਦਾ ਹੈ ਪਰ ਵਿਸ਼ੇਸ਼ ਕਰ ਕੇ ਅਫ਼ਗਾਨਿਸਤਾਨ, ਬਲੋਚਿਸਤਾਨ ਅਤੇ ਇਰਾਕ 'ਚ ਹੁੰਦਾ ਹੈ। ਕਾਬਲੀ ਅਨਾਰ ਸਭ ਤੋਂ ਉੱਤਮ ਹੁੰਦਾ ਹੈ। ਪਟਨਾ (ਬਿਹਾਰ) ਦਾ ਅਨਾਰ ਵੀ ਚੰਗੀ ਕਿਸਮ ਦਾ ਹੁੰਦਾ ਹੈ।

ਮਿੱਠਾ ਅਨਾਰ ਲਹੂ ਪੈਦਾ ਕਰਨ ਵਾਲਾ ਅਤੇ ਜਿਗਰ ਨੂੰ ਤਾਕਤ ਦੇਣ ਵਾਲਾ ਹੁੰਦਾ ਹੈ। ਪੇਟ ਦੇ ਵਿਕਾਰਾਂ ਅਤੇ ਪੇਟ ਦੇ ਕੀੜਿਆਂ ਨੂੰ ਨਸ਼ਟ ਕਰਨ ਲਈ ਬਹੁਤ ਗੁਣਕਾਰੀ ਹੈ। ਕਬਜ਼, ਪੀਲੀਆ ਤੇ ਸੁੱਕੀ ਖਾਂਸੀ ਦੂਰ ਕਰਦਾ ਹੈ। ਨਵੀਂ ਖੋਜ ਅਨੁਸਾਰ ਅਨਾਰ ਦੀ ਛਿੱਲ ਪੁਰਾਣੇ ਡਾਇਉਰੀਆ (ਅਤਿਸਾਰ) ਅਤੇ ਪੁਰਾਣੀ ਡਾਇਮੈਂਟਰੀ (ਪੇਚਸ਼) ਨੂੰ ਠੀਕ ਕਰਦਾ ਹੈ। ਐਸੇਡਿਟੀ (ਅਮਲਪਿੱਤ) ਦੇ ਰੋਗੀ ਲਈ ਉਪਯੋਗ ਹੈ।

ਪ੍ਰਦਰ, ਯੋਨੀ ਸੋਜ : ਅਨਾਰ ਦੀ ਜੜ੍ਹ ਦੀ ਛਿੱਲ 50 ਗ੍ਰਾਮ ਲੈ ਕੇ ਕੁਟ ਲਵੋ ਅਤੇ ਇਕ ਕਿਲੋ ਪਾਣੀ ਵਿਚ ਉਬਾਲੋ। ਜਦ ਪਾਣੀ ਅੱਧਾ ਰਹਿ ਜਾਵੇ ਤਾਂ ਉਤਾਰ ਕੇ ਠੰਢਾ ਕਰ ਕੇ ਪੁਣ ਛਾਣ ਲਵੋ। ਫਿਰ ਅੱਧਾ ਚਮਚ ਪੀਸੀ ਹੋਈ ਫਟਕੜੀ ਮਿਲਾ ਲਵੋ। ਇਸ ਪਾਣੀ ਨਾਲ ਯੋਨੀ ਨੂੰ ਧੋਵੋ ਜਾਂ ਪਿਚਕਾਰੀ ਨਾਲ ਯੋਨੀ ਨੂੰ ਧੋਵੋ। ਇਸ ਨਾਲ ਯੋਨੀ ਦਾ ਢਿੱਲਾਪਣ, ਯੋਨੀਸੋਜ, ਯੋਨੀ 'ਚੋਂ ਸਫ਼ੈਦ ਪਾਣੀ ਆਉਣਾ ਬੰਦ ਹੋ ਜਾਂਦਾ ਹੈ।

ਛਾਤੀਆਂ (ਸਤਨਾਂ) ਦਾ ਢਿਲਕਣਾ : ਛਿਲਕਾ ਅਨਾਰ, ਫੁੱਲ ਅਨਾਰ, ਪੱਤੇ ਅਨਾਰ, ਜੜ੍ਹ ਅਨਾਰ ਬਰਾਬਰ ਮਾਤਰਾ ਵਿਚ ਲੈ ਕੇ ਛਾਂਵੇਂ ਸੁਕਾ ਲਵੋ। 250 ਗ੍ਰਾਮ ਦੀ ਮਾਤਰਾ ਵਿਚ ਇਨ੍ਹਾਂ ਚੀਜ਼ਾਂ ਦਾ ਚੂਰਨ ਲੈ ਕੇ 2 ਕਿਲੋ ਪਾਣੀ ਵਿਚ ਚੰਗੀ ਤਰ੍ਹਾਂ ਉਬਾਲੋ। ਜਦ ਪਾਣੀ 250 ਗ੍ਰਾਮ ਰਹਿ ਜਾਵੇ ਤਾਂ ਛਾਣ ਕੇ 125 ਗ੍ਰਾਮ ਤੇਲ ਸਰ੍ਹੋਂ ਮਿਲਾ ਕੇ ਫਿਰ ਅੱਗ 'ਤੇ ਪਕਾਵੋ।

ਜਦ ਪਾਣੀ ਸੁੱਕ ਜਾਵੇ ਅਤੇ ਕੇਵਲ ਤੇਲ ਹੀ ਰਹਿ ਜਾਵੇ ਤਾਂ ਉਤਾਰ ਲਵੋ। ਪੁਣ ਛਾਣ ਕੇ ਕਿਸੇ ਸ਼ੀਸ਼ੀ ਵਿਚ ਪਾ ਲਵੋ। ਔਰਤ ਦੀਆਂ ਛਾਤੀਆਂ ਢਿੱਡੀਆਂ ਹੋਣ ਤਾਂ ਉਨ੍ਹਾਂ 'ਤੇ ਕੋਸਾ-ਕੋਸਾ ਤੇਲ ਦਿਨ 'ਚ ਦੋ ਵਾਰੀ ਮਲ ਕੇ ਛਾਤੀਆਂ ਬੰਨ੍ਹ ਲੈਣੀਆਂ ਚਾਹੀਦੀਆਂ ਹਨ। ਕੁਝ ਦਿਨਾਂ ਦੇ ਪ੍ਰਯੋਗ ਨਾਲ ਛਾਤੀਆਂ 'ਚ ਮਜ਼ਬੂਤੀ ਆ ਜਾਵੇਗੀ ਅਤੇ ਢਿੱਲਾਪਣ ਦੂਰ ਹੋ ਜਾਵੇਗਾ।

ਪੇਟ ਦੇ ਕੀੜੇ : ਅਨਾਰ ਜੜ੍ਹ ਦੀ ਛਿੱਲ 50 ਗ੍ਰਾਮ ਲੈ ਕੇ ਕੁੱਟ ਲਵੋ ਅਤੇ 2 ਕਿਲੋ ਪਾਣੀ 'ਚ 24 ਘੰਟੇ ਲਈ ਭਿੱਜੀ ਰਹਿਣ ਦਿਉ। ਫਿਰ ਚੰਗੀ ਤਰ੍ਹਾਂ ਮਸਲ ਲਵੋ ਅਤੇ ਅੱਗ 'ਤੇ ਉਬਾਲ ਲਵੋ। ਜਦ ਪਾਣੀ ਇਕ ਕਿਲੋ ਰਹਿ ਜਾਵੇ ਤਾਂ ਉਤਾਰ ਲਵੋ। ਠੰਢਾ ਹੋਣ ਉਪਰੰਤ ਇਸ ਪਾਣੀ ਦੇ ਤਿੰਨ ਹਿੱਸੇ ਕਰ ਲਵੋ। ਸਵੇਰ, ਦੁਪਹਿਰ ਅਤੇ ਸ਼ਾਮ ਨੂੰ ਪੇਟ ਦੇ ਕੀੜਿਆਂ ਦੇ ਰੋਗੀ ਨੂੰ ਪਿਲਾ ਦਿਉ। ਉਸ ਦਿਨ ਵਰਤ ਹੀ ਰੱਖੋ ਭਾਵ ਕੁਝ ਖਾਣ ਨੂੰ ਨਾ ਦਿਉ। ਦੂਸਰੇ ਦਿਨ ਕੈਸਟਰ ਆਇਲ 2 ਚਮਚ ਪਿਲਾ ਦਿਉ। ਦੁਪਹਿਰ ਤੱਕ ਕੁਝ ਵੀ ਖਾਣ ਨੂੰ ਨਾ ਦਿਉ। ਫਿਰ ਖਿਚੜੀ ਖਵਾ ਦਿਉ। ਇਸ ਪ੍ਰਯੋਗ ਨਾਲ ਸਾਰੇ ਕੀੜ ਮਰ ਕੇ ਬਾਹਰ ਨਿਕਲ ਜਾਣਗੇ।

ਮੂੰਹ ਦੀ ਬਦਬੂ : ਅਨਾਰ ਦੇ ਛਿਲਕਿਆਂ ਨੂੰ ਪਾਣੀ 'ਚ ਉਬਾਲ ਕੇ ਕੁਰਲੀਆਂ ਕਰਨ ਨਾਲ ਮੂੰਹ ਦੀ ਬਦਬੂ ਦੂਰ ਹੋ ਜਾਂਦੀ ਹੈ।

ਪੇਟ ਦਰਦ : ਅਨਾਰ ਦੇ ਮਿੱਠੇ ਦਾਣਿਆਂ 'ਤੇ ਕਾਲੀ ਮਿਰਚ ਅਤੇ ਸੇਂਧਾ ਨਮਕ ਛਿੜਕ ਕੇ ਖਾਣ ਨਾਲ ਪੇਟ ਦਰਦ ਦੂਰ ਹੋ ਜਾਂਦੀ ਹੈ।

ਖ਼ੂਨੀ ਪ੍ਰਦਰ : ਅਨਾਰ ਦੇ ਛਿਲਕਿਆਂ ਨੂੰ ਛਾਂਵੇਂ ਸੁਕਾ ਲਵੋ। ਫਿਰ ਕੁਟ ਪੀਸ ਕੇ ਕੱਪੜ ਛਾਣ ਚੂਰਨ ਬਣਾ ਲਵੋ। ਇਕ ਚਮਚ ਇਹ ਚੂਰਨ ਠੰਢੇ ਪਾਣੀ ਨਾਲ ਖਾਣ ਨਾਲ ਖ਼ੂਨੀ ਪ੍ਰਦਰ ਨੂੰ ਲਾਭ ਹੁੰਦਾ ਹੈ।

ਗਮਾਡਾ ਦਫ਼ਤਰ ’ਚ 2 ਦਿਨ ਛਾਪੇਮਾਰੀ ਤੋਂ ਬਾਅਦ 30 ਬੈਗ ਲੈ ਕੇ ਨਿਕਲੇ ED ਅਧਿਕਾਰੀ

ਜ਼ਬਤ ਦਸਤਾਵੇਜ਼ਾਂ ਦੇ ਆਧਾਰ ’ਤੇ ਆਉਣ ਵਾਲੇ ਦਿਨਾਂ ’ਚ ਗਮਾਡਾ ਅਧਿਕਾਰੀਆਂ ਨੂੰ ਸੰਮਨ ਭੇਜੇ ਜਾ ਸਕਦੇ ਹਨ

ਮੁਹਾਲੀ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੇ ਦਫ਼ਤਰ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਚਲਾਈ ਗਈ 2 ਦਿਨ ਦੀ ਤਲਾਸ਼ੀ ਅਤੇ ਨਿਗਰਾਨੀ ਦੀ ਕਾਰਵਾਈ ਵੀਰਵਾਰ ਸਵੇਰੇ ਖ਼ਤਮ ਹੋ ਗਈ। ਆਮ ਆਦਮੀ ਪਾਰਟੀ (ਆਪ) ਦੇ ਵਰਕਰਾਂ ਦੇ ਰੋਸ਼ ਪ੍ਰਦਰਸ਼ਨ ਵਿਚਾਲੇ ਪੁਲੀਸ ਟੀਮ ਨੂੰ ਈਡੀ ਦੀਆਂ ਟੀਮਾਂ ਨੂੰ ਗਮਾਡਾ ਦਫ਼ਤਰ ਤੋਂ ਚੰਡੀਗੜ੍ਹ ਸਰਹੱਦ ਤੱਕ ਸੁਰੱਖਿਅਤ ਬਾਹਰ ਕੱਢਣਾ ਪਿਆ।

ਸੂਤਰਾਂ ਅਨੁਸਾਰ ਈਡੀ ਦੀਆਂ ਟੀਮਾਂ ਜ਼ਬਤ ਕੀਤੇ ਦਸਤਾਵੇਜ਼ਾਂ ਦੇ 30 ਤੋਂ ਵੱਧ ਬੈਗਾਂ ਤੋਂ ਇਲਾਵਾ ਸਕੈਨ ਕੀਤੇ ਦਸਤਾਵੇਜ਼ਾਂ ਦੀਆਂ ਹਾਰਡ ਡਿਸਕਾਂ ਵੀ ਆਪਣੇ ਨਾਲ ਲੈ ਗਈਆਂ ਹਨ। ਜਾਣਕਾਰੀ ਮੁਤਾਬਿਕ ਕੇਂਦਰੀ ਏਜੰਸੀ ਨੇ ਅੱਗੇ ਦੀ ਕਾਰਵਾਈ ਕਰਨ ਲਈ ਕਾਫ਼ੀ ਮਹੱਤਵਪੂਰਨ ਸਮੱਗਰੀ ਇਕੱਠੀ ਕਰ ਲਈ ਹੈ।

ਸੂਤਰਾਂ ਨੇ ਦੱਸਿਆ ਕਿ ਈਡੀ ਦੀਆਂ ਟੀਮਾਂ ਵੱਲੋਂ ਗਮਾਡਾ ਦੇ ਕਿਸੇ ਵੀ ਅਧਿਕਾਰੀ ਨੂੰ ਹਿਰਾਸਤ ਵਿੱਚ ਨਹੀਂ ਲਿਆ ਗਿਆ ਹੈ। ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਸਕੱਤਰ ਵਿਕਾਸ ਗਰਗ ਸਮੇਤ ਗਮਾਡਾ ਦੇ ਉੱਚ ਅਧਿਕਾਰੀ ਵਾਪਸ ਆਪਣੇ ਕੰਮ ’ਤੇ ਪਰਤ ਆਏ ਹਨ। ਇਹ ਵੀ ਜਾਣਕਾਰੀ ਹੈ ਕਿ ਜ਼ਬਤ ਕੀਤੇ ਗਏ ਦਸਤਾਵੇਜ਼ਾਂ ਦੇ ਆਧਾਰ ’ਤੇ ਈਡੀ ਆਉਣ ਵਾਲੇ ਦਿਨਾਂ ਵਿੱਚ ਅਧਿਕਾਰੀਆਂ ਨੂੰ ਸੰਮਨ ਜਾਰੀ ਕਰਕੇ ਪੁੱਛਗਿੱਛ ਲਈ ਬੁਲਾ ਸਕਦੀ ਹੈ।

ਮਹਿਲਾ ਕਮਿਸ਼ਨ ਵੱਲੋਂ ਵਿਰਸਾ ਸਿੰਘ ਵਲਟੋਹਾ ਨੂੰ ਨੋਟਿਸ

ਜਬਰ ਜਨਾਹ ਪੀੜਤਾ ਦੀ ਪਛਾਣ ਜਨਤਕ ਕਰਨ ਦਾ ਮਾਮਲਾ; ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਪੁਲੀਸ ਨੂੰ ਜਾਂਚ ਦੇ ਹੁਕਮ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਜਬਰ ਜਨਾਹ ਪੀੜਤ ਔਰਤ ਬਾਰੇ ਕਥਿਤ ਤੌਰ ’ਤੇ ਇਤਰਾਜ਼ਯੋਗ ਟਿੱਪਣੀਆਂ ਕਰਨ ਅਤੇ ਉਸ ਦੀ ਪਛਾਣ ਉਜਾਗਰ ਕਰਨ ਦੇ ਮਾਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੂੰ ਨੋਟਿਸ ਜਾਰੀ ਕੀਤਾ ਹੈ। ਕਮਿਸ਼ਨ ਨੇ ਮੀਡੀਆ ਰਿਪੋਰਟਾਂ ਦਾ ਖ਼ੁਦ ਨੋਟਿਸ ਲੈਂਦਿਆਂ ਪੰਜਾਬ ਪੁਲੀਸ ਨੂੰ ਇਸ ਮਾਮਲੇ ਦੀ ਪੂਰੀ ਜਾਂਚ ਕਰਕੇ 26 ਸਤੰਬਰ ਤੱਕ ਆਪਣੀ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ।

ਪੰਜਾਬ ਰਾਜ ਮਹਿਲਾ ਕਮਿਸ਼ਨ ਐਕਟ, 2001 ਦੀ ਧਾਰਾ 12 ਤੱਕ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਸੂਬੇ ਵਿੱਚ ਔਰਤਾਂ ਦੇ ਅਧਿਕਾਰਾਂ, ਮਾਣ-ਸਨਮਾਨ ਅਤੇ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਕਮਿਸ਼ਨ ਅਨੁਸਾਰ ਮੀਡੀਆ ਵਿੱਚ ਆਈਆਂ ਖ਼ਬਰਾਂ ਅਤੇ ਵੀਡੀਓਜ਼ ਵਿੱਚ

ਵਿਰਸਾ ਸਿੰਘ ਵਲਟੋਹਾ ਵੱਲੋਂ ਪੀੜਤ ਔਰਤ ਖ਼ਿਲਾਫ਼ ਅਪਮਾਨਜਨਕ ਸ਼ਬਦਾਵਲੀ ਵਰਤਣ ਦੀ ਜਾਣਕਾਰੀ ਸਾਹਮਣੇ ਆਈ ਹੈ।

ਮਹਿਲਾ ਕਮਿਸ਼ਨ ਨੇ ਪੰਜਾਬ ਦੇ ਡੀ ਜੀ ਪੀ ਅਤੇ ਡਾਇਰੈਕਟਰ, ਬਿਊਰੋ ਆਫ਼ ਇਨਵੈਸਟੀਗੇਸ਼ਨ ਨੂੰ ਹੁਕਮ ਦਿੱਤੇ ਹਨ ਕਿ ਉਹ ਇਸ ਮਾਮਲੇ ਦੀ ਤੱਥਾਂ ਦੇ ਆਧਾਰ ’ਤੇ ਡੂੰਘਾਈ ਨਾਲ ਪੜਤਾਲ ਕਰਨ। ਪੁਲੀਸ ਅਧਿਕਾਰੀਆਂ ਨੂੰ ਇਹ ਪਤਾ ਲਗਾਉਣ ਲਈ ਕਿਹਾ ਗਿਆ ਹੈ ਕਿ ਇਸ ਮਾਮਲੇ ਵਿੱਚ ਕਾਨੂੰਨੀ ਵਿਵਸਥਾਵਾਂ ਦੀ ਕੋਈ ਉਲੰਘਣਾ ਹੋਈ ਹੈ ਜਾਂ ਨਹੀਂ।

ਜੇਕਰ ਕਿਸੇ ਵੀ ਕਾਨੂੰਨ ਦੀ ਉਲੰਘਣਾ ਪਾਈ ਜਾਂਦੀ ਹੈ, ਤਾਂ ਨਿਯਮਾਂ ਤਹਿਤ ਕੀਤੀ ਗਈ ਕਾਰਵਾਈ ਦਾ ਪੂਰਾ ਵੇਰਵਾ ਤਿਆਰ ਕਰਕੇ 26 ਸਤੰਬਰ ਤੱਕ ਕਮਿਸ਼ਨ ਦੇ ਦਫ਼ਤਰ ਵਿੱਚ ਰਿਪੋਰਟ ਜਮ੍ਹਾਂ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਆਪਣੇ ਉੱਪਰ ਲੱਗੇ ਦੋਸ਼ਾਂ ਅਤੇ ਵਿਵਾਦ ਤੋਂ ਬਾਅਦ ਸੋਸ਼ਲ ਮੀਡੀਆ ਰਾਹੀਂ ਆਪਣਾ ਪੱਖ ਰੱਖਿਆ ਹੈ। ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਜਿਸ ਮਹਿਲਾ ਵੱਲੋਂ ਅਮਰਜੀਤ ਸਿੰਘ ਚਾਵਲਾ ਖ਼ਿਲਾਫ਼ ਮਾਮਲਾ ਦਰਜ ਕਰਵਾਇਆ ਗਿਆ ਹੈ, ਉਹ ਪਹਿਲਾਂ ਵੀ ਧੋਖਾਧੜੀ ਵਰਗੇ ਮਾਮਲਿਆਂ ਵਿੱਚ ਸ਼ਾਮਲ ਰਹੀ ਹੈ। ਵਲਟੋਹਾ ਨੇ ਇਲਜ਼ਾਮ ਲਾਇਆ ਕਿ ਉਸ ਮਹਿਲਾ ਖ਼ਿਲਾਫ਼ ਧੋਖਾਧੜੀ ਦਾ ਕੇਸ ਨਾਭਾ ਦੀ ਅਦਾਲਤ ਵਿੱਚ ਵਿਚਾਰ ਅਧੀਨ ਹੈ ਅਤੇ ਉਹ ਪਹਿਲਾਂ ਜੇਲ੍ਹ ਵੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮਹਿਲਾ ਵੱਲੋਂ ਲਾਏ ਗਏ ਦੋਸ਼ ਬੇਬੁਨਿਆਦ ਹਨ।

ਪਰਾਲੀ ਦੇ ਸੁਚੱਜੇ ਪ੍ਰਬੰਧ ਲਈ ਖ਼ਰੀਦੀਆਂ 16 ਹਜ਼ਾਰ ਤੋਂ ਵੱਧ ਮਸ਼ੀਨਾਂ; ਪੰਜਾਬ ਦੇ ਕਿਸਾਨਾਂ ਨੂੰ 183 ਕਰੋੜ ਰੁਪਏ ਦੀ ਸਬਸਿਡੀ ਜਾਰੀ: ਗੁਰਮੀਤ ਸਿੰਘ ਖੁੱਡੀਆਂ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਦੱਸਿਆ ਕਿ ਸੂਬੇ ਦੇ ਕਿਸਾਨਾਂ ਨੇ ਚੱਲ ਰਹੇ ਸਾਉਣੀ ਸੀਜ਼ਨ ਦੌਰਾਨ ਹੁਣ ਤੱਕ 16,227 ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀਆਰਐਮ) ਮਸ਼ੀਨਾਂ ਖ਼ਰੀਦੀਆਂ ਹਨ। ਇਸ

ਬਦਲਾਅ ਵਿੱਚ ਸੁਹਿਰਦ ਸਹਿਯੋਗ ਦਿੰਦਿਆਂ ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ 10,000 ਤੋਂ ਵੱਧ ਸੀਆਰਐਮ ਮਸ਼ੀਨਾਂ ਦੀ ਖ਼ਰੀਦ ਕਰਨ ਵਾਲੇ ਕਿਸਾਨਾਂ ਨੂੰ 183 ਕਰੋੜ ਰੁਪਏ ਦੀ ਸਬਸਿਡੀ ਜਾਰੀ ਕੀਤੀ ਹੈ।

ਅੱਜ ਇੱਥੇ ਮੀਟਿੰਗ ਦੌਰਾਨ ਸ. ਗੁਰਮੀਤ ਸਿੰਘ ਖੁੱਡੀਆਂ ਨੇ ਵਧੀਕ ਮੁੱਖ ਸਕੱਤਰ (ਖੇਤੀਬਾੜੀ) ਸ੍ਰੀ ਅਨੁਰਾਗ ਵਰਮਾ ਦੇ ਨਾਲ, ਆਗਾਮੀ ਹਾੜ੍ਹੀ ਦੇ ਬਿਜਾਈ ਸੀਜ਼ਨ ਲਈ ਵਿਭਾਗ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਵਾਤਾਵਰਣ-ਪੱਖੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸੀਆਰਐਮ ਮਸ਼ੀਨਾਂ ਦੀ ਖ਼ਰੀਦ ਲਈ ਵਿਅਕਤੀਗਤ ਤੌਰ ’ਤੇ ਕਿਸਾਨਾਂ ਨੂੰ 50 ਫੀਸਦੀ ਅਤੇ ਕਸਟਮ ਹਾਇਰਿੰਗ ਸੈਂਟਰਾਂ (ਸੀਐਚਸੀ), ਐਫਪੀਓਜ਼, ਸਹਿਕਾਰੀ ਸਭਾਵਾਂ ਅਤੇ ਗ੍ਰਾਮ ਪੰਚਾਇਤਾਂ ਨੂੰ 80 ਫ਼ੀਸਦੀ ਸਬਸਿਡੀ ਦਿੱਤੀ ਜਾ ਰਹੀ ਹੈ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸਾਲ 2026-27 ਲਈ 576 ਕਰੋੜ ਰੁਪਏ ਦੀ ਮਜ਼ਬੂਤ ਕਾਰਜ-ਯੋਜਨਾ ਤੋਂ ਇਲਾਵਾ ਇਨ੍ਹਾਂ ਠੋਸ ਯਤਨਾਂ ਸਦਕਾ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ 90 ਫ਼ੀਸਦੀ ਦੀ ਕਮੀ ਆਈ ਸੀ। ਜਿਕਰਯੋਗ ਹੈ ਕਿ ਸਾਲ 2022 ਵਿੱਚ ਪਰਾਲੀ ਸਾੜਨ ਦੀਆਂ 49,922 ਦਰਜ ਕੀਤੀਆਂ ਗਈਆਂ ਸਨ ਅਤੇ ਜਦਕਿ 2025 ਵਿੱਚ ਇਹ ਘਟ ਕੇ ਸਿਰਫ਼ 5,114 ਰਹਿ ਗਈਆਂ, ਜਿਸ ਨਾਲ ਪੰਜਾਬ ਨੂੰ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਰਣਨੀਤੀ ਲਈ ਰਾਸ਼ਟਰੀ ਪੱਧਰ ’ਤੇ ਮਾਨਤਾ ਮਿਲੀ ਹੈ।

ਕਿਸਾਨ ਭਾਈਚਾਰੇ ਨੂੰ ਫ਼ਸਲਾਂ ਦੀ ਰਹਿੰਦ-ਖੂੰਹਦ ਸਾੜਨ ਤੋਂ ਗੁਰੇਜ਼ ਕਰਨ ਦੀ ਅਪੀਲ ਕਰਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਸਾਨਾਂ ਨੂੰ ਵਾਤਾਵਰਣ ਦੀ ਰੱਖਿਆ, ਮਿੱਟੀ ਦੀ ਉਪਜਾਊ ਸ਼ਕਤੀ ਨੂੰ ਸੁਰੱਖਿਅਤ ਰੱਖਣ ਅਤੇ ਖੇਤੀਬਾੜੀ ਦੀ ਲੰਬੇ ਸਮੇਂ ਦੀ ਸਥਿਰਤਾ ਯਕੀਨੀ ਬਣਾਉਣ ਲਈ ਸੀਆਰਐਮ ਮਸ਼ੀਨਾਂ ਦੀ ਵਰਤੋਂ ਕਰਕੇ ਵਿਗਿਆਨਕ ਰਹਿੰਦ-ਖੂੰਹਦ ਪ੍ਰਬੰਧਨ ਅਪਣਾਉਣ ਦੀ ਅਪੀਲ ਕੀਤੀ।

ਖਾਦ ਸਪਲਾਈ ਸਥਿਤੀ ਦਾ ਜਾਇਜ਼ਾ ਲੈਂਦਿਆਂ ਸ. ਖੁੱਡੀਆਂ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਸੂਬੇ ਭਰ ਵਿੱਚ ਖਾਦਾਂ ਦੀ ਸਮੇਂ ਸਿਰ ਅਤੇ ਸੁਚਾਰੂ ਉਪਲਬਧਤਾ ਅਤੇ ਖਾਦਾਂ ਨਾਲ ਟੈਗਿੰਗ ਦੇ ਅਭਿਆਸ ਨੂੰ ਸਖ਼ਤੀ ਨਾਲ ਰੋਕਣ ਦੇ ਨਿਰਦੇਸ਼ ਦਿੱਤੇ ਅਤੇ ਨਾਲ ਹੀ ਸਾਰੇ ਕਿਸਾਨਾਂ ਲਈ ਗੁਣਵੱਤਾ ਭਰਪੂਰ ਖੇਤੀ ਉਤਪਾਦਾਂ ਤੱਕ ਨਿਰਵਿਘਨ ਪਹੁੰਚ ਨੂੰ ਯਕੀਨੀ ਬਣਾਉਣ ਲਈ ਕਿਹਾ।

ਯੂਥ ਕਾਂਗਰਸ ਵੱਲੋਂ CEC ਗਿਆਨੇਸ਼ ਕੁਮਾਰ ਨੂੰ ਹਟਾਉਣ ਦੀ ਮੰਗ, ਆਨਲਾਈਨ ਪਟੀਸ਼ਨ ਸ਼ੁਰੂ ਕੀਤੀ

ਨਵੀਂ ਦਿੱਲੀ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਇੰਡੀਅਨ ਯੂਥ ਕਾਂਗਰਸ(ਨੇ ਅੱਜ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਿਰੁੱਧ ਕਾਰਵਾਈ ਦੀ ਮੰਗ ਕਰਦੇ ਹੋਏ ਇੱਕ ਦੇਸ਼ ਵਿਆਪੀ ਆਨਲਾਈਨ ਨਾਗਰਿਕ ਪਟੀਸ਼ਨ ਸ਼ੁਰੂ ਕੀਤੀ ਹੈ। ਇਸ ਦੌਰਾਨ ਯੂਥ ਕਾਂਗਰਸ ਨੇ ਦੇਸ਼ ਦੇ ਨਾਗਰਿਕਾਂ, ਖਾਸ ਕਰਕੇ ਨੌਜਵਾਨਾਂ ਨੂੰ ਚੋਣ ਪਾਰਦਰਸ਼ਤਾ, ਜਵਾਬਦੇਹੀ ਅਤੇ ਲੋਕਤੰਤਰੀ ਸੰਸਥਾਵਾਂ ਦੀ ਰੱਖਿਆ ਲਈ ਇੱਕਜੁੱਟ ਹੋਣ ਦਾ ਸੱਦਾ ਦਿੱਤਾ।

ਇਹ ਪਟੀਸ਼ਨ ਚੋਣ ਕਮਿਸ਼ਨ ਦੇ ਕੰਮਕਾਜ ਅਤੇ ਅੰਦਰੂਨੀ ਫੈਸਲਾ ਲੈਣ ਦੀਆਂ ਪ੍ਰਕਿਰਿਆਵਾਂ ’ਤੇ ਸਵਾਲ ਉਠਾਉਣ ਵਾਲੀਆਂ ਹਾਲੀਆ ਰਿਪੋਰਟਾਂ ਦੇ ਵਿਚਕਾਰ ਸ਼ੁਰੂ ਕੀਤੀ ਗਈ ਹੈ। ਯੂਥ ਕਾਂਗਰਸ ਨੇ ਕਿਹਾ ਕਿ ਜਦੋਂ ਸੰਸਥਾ ਦੇ ਕੰਮਕਾਜ ਬਾਰੇ ਸਵਾਲ ਉੱਠਦੇ ਹਨ ਜੋ ਹਰ ਨਾਗਰਿਕ ਦੇ ਵੋਟ ਪਾਉਣ ਦੇ ਅਧਿਕਾਰ ਦੀ ਰੱਖਿਆ ਕਰਦੀ ਹੈ ਤਾਂ ਪੂਰੀ ਪਾਰਦਰਸ਼ਤਾ ਅਤੇ ਜਨਤਕ ਜਵਾਬਦੇਹੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

ਨਾਗਰਿਕ ਪਟੀਸ਼ਨ ਰਾਹੀਂ, ਭਾਰਤੀ ਯੁਵਾ ਕਾਂਗਰਸ ਨੇ ਪੰਜ ਮੰਗਾਂ ਰੱਖੀਆਂ ਹਨ ਜਿਨ੍ਹਾਂ ਵਿੱਚ ਗਿਆਨੇਸ਼ ਕੁਮਾਰ ਨੂੰ ਮੁੱਖ ਚੋਣ ਕਮਿਸ਼ਨਰ ਦੇ ਅਹੁਦੇ ਤੋਂ ਹਟਾਉਣ ,ਗਿਆਨੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕਰਨ ਅਤੇ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਗਈ ਹੈ। ਵੋਟਰ ਸੂਚੀ ਅਤੇ ਸੰਬੰਧਿਤ ਪ੍ਰਕਿਰਿਆਵਾਂ ਸਮੇਤ ਪੂਰੀ ਵੋਟਿੰਗ ਲੜੀ ਅਤੇ ਚੋਣ ਪ੍ਰਕਿਰਿਆ ਦੀ ਵਿਆਪਕ ਜਾਂਚ ਕੀਤੀ ਜਾਣੀ ਚਾਹੀਦੀ ਹੈ। ਰਿਪੋਰਟਾਂ ਅਨੁਸਾਰ ਕਥਿਤ ਮੋਦੀ-ਸ਼ਾਹ-ਭਾਜਪਾ ਗੱਠਜੋੜ, ਜਿਸਦਾ ਇਸ ਮੁਹਿੰਮ ਵਿੱਚ ਜ਼ਿਕਰ ਕੀਤਾ ਗਿਆ ਹੈ, ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਪੰਜਵੀਂ ਮੰਗ ਅਨੁਸਾਰ ਸਾਰੇ ਚੋਣ ਰਿਕਾਰਡ ਅਤੇ ਅੰਦਰੂਨੀ ਇਤਰਾਜ਼ ਜਨਤਕ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਨਾਗਰਿਕ ਚੋਣ ਕਮਿਸ਼ਨ ਦੀ ਫੈਸਲਾ ਲੈਣ ਦੀ ਪ੍ਰਕਿਰਿਆ ਅਤੇ ਇਸਦੇ ਕੰਮਕਾਜ ਨੂੰ ਸਮਝ ਸਕਣ।

ਯੂਥ ਕਾਂਗਰਸ ਦੇ ਕੌਮੀ ਇੰਚਾਰਜ ਮਨੀਸ਼ ਸ਼ਰਮਾ ਨੇ ਕਿਹਾ ਕਿ ਵੋਟ ਪਾਉਣ ਦਾ ਅਧਿਕਾਰ ਸਾਡੇ ਲੋਕਤੰਤਰ ਦੀ ਨੀਂਹ ਹੈ। ਚੋਣ ਕਮਿਸ਼ਨ ਕਿਸੇ ਸਰਕਾਰ ਜਾਂ ਵਿਅਕਤੀ ਦੀ ਜਾਇਦਾਦ ਨਹੀਂ ਹੈ। ਇਹ ਭਾਰਤ ਦੇ ਲੋਕਾਂ ਦਾ ਇੱਕ ਸੰਸਥਾ ਹੈ। ਜਦੋਂ ਇਸ ਸੰਸਥਾ ਦੇ ਕੰਮਕਾਜ ਬਾਰੇ ਸਵਾਲ ਉੱਠਦੇ ਹਨ, ਤਾਂ ਨਾਗਰਿਕਾਂ ਨੂੰ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਮੰਗ ਕਰਨ ਦਾ ਪੂਰਾ ਅਧਿਕਾਰ ਹੈ।

ਥਰਡ ਵੇਵ ਕੌਫੀ ਜਲੰਧਰ ਵਿੱਚ ਆਪਣਾ ਸਿਗਨੇਚਰ ਕੈਫੇ ਅਨੁਭਵ ਲੈ ਕੇ ਆਇਆ

ਜਲੰਧਰ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਭਾਰਤ ਦੇ ਪਸੰਦੀਦਾ ਕੌਫੀ ਅਤੇ ਭੋਜਨ QSR ਬ੍ਰਾਂਡ, ਥਰਡ ਵੇਵ ਕੌਫੀ ਨੇ ਪੰਜਾਬ ਦੇ ਜਲੰਧਰ ਵਿੱਚ ਲੀਓ ਫੋਰਟ, ਜੀਟੀ ਰੋਡ, ਸ਼ਾਸਤਰੀ ਨਗਰ ਵਿਖੇ ਆਪਣਾ ਪਹਿਲਾ ਕੈਫੇ ਖੋਲ੍ਹ ਕੇ ਉੱਤਰੀ ਭਾਰਤ ਵਿੱਚ ਆਪਣੀ ਮੌਜੂਦਗੀ ਨੂੰ ਹੋਰ ਮਜ਼ਬੂਤ ਕੀਤਾ ਹੈ। ਬ੍ਰਾਂਡ ਦੀ ਸ਼ੁਰੂਆਤ ਰਾਜ ਅਤੇ ਉੱਤਰੀ ਖੇਤਰ ਵਿੱਚ ਇਸਦੀਆਂ ਵਿਸਥਾਰ ਯੋਜਨਾਵਾਂ ਦੇ ਹਿੱਸੇ ਵਜੋਂ ਹੋਈ ਹੈ, ਜਿਸ ਨਾਲ ਉੱਤਰੀ ਭਾਰਤ ਵਿੱਚ ਇਸ ਦੇ ਕੈਫੇ ਦੀ ਗਿਣਤੀ 68 ਹੋ ਗਈ ਹੈ। ਕੌਫੀ-ਪਹਿਲੇ QSR ਬ੍ਰਾਂਡ ਨੇ ਜਲੰਧਰ ਵਿੱਚ ਆਪਣਾ ਪਹਿਲਾ ਕੈਫੇ ਖੋਲ੍ਹ ਕੇ ਪੰਜਾਬ ਵਿੱਚ ਆਪਣੀ ਮੌਜੂਦਗੀ ਨੂੰ ਮਜ਼ਬੂਤ ਕੀਤਾ ਹੈ, ਜਿਸ ਨਾਲ ਉੱਤਰੀ ਭਾਰਤ ਵਿੱਚ ਬ੍ਰਾਂਡ ਦੀ ਕੈਫੇ ਦੀ ਗਿਣਤੀ 68 ਹੋ ਗਈ ਹੈ। ਜਲੰਧਰ ਵਿੱਚ ਲਾਂਚ ਦੇ ਨਾਲ, ਥਰਡ ਵੇਵ ਕੌਫੀ ਹੁਣ ਪੰਜਾਬ ਵਿੱਚ ਛੇ ਅਤੇ ਦੇਸ਼ ਭਰ ਵਿੱਚ 245 ਤੋਂ ਵੱਧ ਕੈਫੇ ਚਲਾਉਂਦੀ ਹੈ, ਜਿਸ ਨਾਲ ਭਾਰਤ ਵਿੱਚ ਆਪਣੀ ਮੌਜੂਦਗੀ ਹੋਰ ਮਜ਼ਬੂਤ ਹੁੰਦੀ ਹੈ। ਟੀਅਰ-2 ਬਾਜ਼ਾਰਾਂ ਵਿੱਚ ਆਪਣੀ ਪਹੁੰਚ ਨੂੰ ਵਧਾਉਣ ਦੀਆਂ ਆਪਣੀਆਂ ਯੋਜਨਾਵਾਂ ਦੇ ਹਿੱਸੇ ਵਜੋਂ, ਬ੍ਰਾਂਡ ਨੇ ਜਲੰਧਰ ਵਿੱਚ ਵਿਸਤਾਰ ਕੀਤਾ ਹੈ, ਜਿੱਥੇ ਬਦਲਦੀਆਂ ਖਪਤਕਾਰਾਂ ਦੀਆਂ ਤਰਜੀਹਾਂ ਅਤੇ ਵਧ ਰਹੇ ਕੈਫੇ ਸੱਭਿਆਚਾਰ ਨੇ ਵਿਸ਼ੇਸ਼ ਕੌਫੀ ਅਤੇ ਆਧੁਨਿਕ ਭੋਜਨ ਫਾਰਮੈਟਾਂ ਲਈ ਨਵੇਂ ਮੌਕੇ ਪੈਦਾ ਕੀਤੇ ਹਨ। ਪਿਛਲੇ ਕੁਝ ਸਾਲਾਂ ਵਿੱਚ, ਜਲੰਧਰ ਇੱਕ ਜੀਵੰਤ ਵਪਾਰਕ ਅਤੇ ਜੀਵਨ ਸ਼ੈਲੀ ਦੇ ਕੇਂਦਰ ਵਜੋਂ ਉਭਰਿਆ ਹੈ। ਤੇਜ਼ੀ ਨਾਲ ਵਧਦੀ ਸ਼ਹਿਰੀ ਆਬਾਦੀ ਵੀ ਭੋਜਨ ਅਤੇ ਖਾਣ-ਪੀਣ ਦੇ ਸੱਭਿਆਚਾਰ ਦੇ ਵਾਧੇ ਨੂੰ ਵਧਾ ਰਹੀ ਹੈ, ਜਿਸ ਕਾਰਨ ਵਸਨੀਕ ਖਾਣ-ਪੀਣ ਅਤੇ ਆਰਾਮ ਕਰਨ ਲਈ ਇਨ੍ਹਾਂ ਆਧੁਨਿਕ ਥਾਵਾਂ ਨੂੰ ਤੇਜ਼ੀ ਨਾਲ ਅਪਣਾ ਰਹੇ ਹਨ। ਸ਼ਾਸਤਰੀ ਨਗਰ ਵਿੱਚ ਜੀ.ਟੀ.ਰੋਡ ’ਤੇ ਸਥਿਤ, ਇਸ ਨਵੇਂ ਕੈਫੇ ਨੂੰ ਸ਼ਹਿਰ ਦੇ ਐਫ ਐਂਡ ਬੀ ਸੱਭਿਆਚਾਰ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ, ਜੋ ਵਿਦਿਆਰਥੀਆਂ, ਨੌਜਵਾਨ ਪੇਸ਼ੇਵਰਾਂ, ਉੱਦਮੀਆਂ, ਵਪਾਰਕ ਭਾਈਚਾਰੇ ਅਤੇ ਪਰਿਵਾਰਾਂ ਦੀਆਂ ਉਮੀਦਾਂ ਨੂੰ ਪੂਰਾ ਕਰਦਾ ਹੈ। ਕੈਫੇ ਦੇ ਮੀਨੂ ਵਿੱਚ ਥਰਡ ਵੇਵ ਕੌਫੀ ਦੇ ਸਿਗਨੇਚਰ ਬਰੂ ਅਤੇ ਵਿਸ਼ੇਸ਼ ਸਿੰਗਲ-ਓਰੀਜਨ ਕੌਫੀ ਦੇ ਨਾਲ-ਨਾਲ ਕਾਰੀਗਰ ਬੇਕ, ਤੇਜ਼ ਚੱਕ ਅਤੇ ਕਿਉਰੇਟਿਡ ਭੋਜਨ ਦੀਆਂ ਚੀਜ਼ਾਂ ਸ਼ਾਮਲ ਹਨ। ਅੱਜ ਲੋਕ ਸਮਾਜਿਕ ਅਤੇ ਗੈਰ-ਰਸਮੀ ਮੀਟਿੰਗਾਂ ਲਈ, ਕੰਮ ਲਈ ਜਾਂ ਆਰਾਮ ਕਰਨ ਲਈ ਕੈਫੇ ਜਾਣਾ ਪਸੰਦ ਕਰਦੇ ਹਨ, ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਜਲੰਧਰ ਜਿਪਟਕ ਏਐਮ ਬੀਵੀਐਮਐਮ ਨੂੰ ਗਾਹਕਾਂ ਦੀਆਂ ਬਦਲਦੀਆਂ ਪਸੰਦਾਂ ਅਨੁਸਾਰ ਸੇਵਾਵਾਂ ਪ੍ਰਦਾਨ ਕਰਨ ਦਾ ਮੌਕਾ ਦੇਵੇਗਾ। ਇਸ ਮੌਕੇ ’ਤੇ ਬੋਲਦਿਆਂ, ਥਰਡ ਵੇਵ ਕੌਫੀ ਦੇ ਸੀਈਓ, ਰਜਤ ਲੂਥਰਾ ਨੇ ਕਿਹਾ, ਉੱਤਰੀ ਭਾਰਤ ਸਾਡੇ ਲਈ ਇੱਕ ਮਹੱਤਵਪੂਰਨ ਖੇਤਰ ਹੈ। ਪਿਛਲੇ ਕੁਝ ਸਾਲਾਂ ਵਿੱਚ, ਅਸੀਂ ਦਿੱਲੀ-ਐਨਸੀਆਰ, ਆਗਰਾ, ਚੰਡੀਗੜ੍ਹ ਅਤੇ ਖੇਤਰ ਦੇ ਹੋਰ ਬਾਜ਼ਾਰਾਂ ਵਿੱਚ ਆਪਣੀ ਮੌਜੂਦਗੀ ਸਥਾਪਿਤ ਕੀਤੀ ਹੈ। ਜਲੰਧਰ ਦਾ ਭੋਜਨ ਸੱਭਿਆਚਾਰ, ਉੱਦਮੀ ਊਰਜਾ, ਅਤੇ ਵਿਕਸਤ ਹੋ ਰਹੇ ਕੈਫੇ ਦ੍ਰਿਸ਼ ਮਹੱਤਵਪੂਰਨ ਮੌਕੇ ਪ੍ਰਦਾਨ ਕਰਦੇ ਹਨ।

ਅੰਤਰਰਾਸ਼ਟਰੀ ਗੀਤਾ ਮਹੋਤਸਵ ਦੀਆਂ ਤਿਆਰੀਆਂ ਨੂੰ ਲੈ ਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਧਾਰਮਿਕ-ਸਮਾਜਿਕ ਸੰਸਥਾਵਾਂ ਨਾਲ ਕੀਤਾ ਮੰਥਨ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਵੀਰਵਾਰ ਨੂੰ ਗੀਤਾ ਗਿਆਨ ਸੰਸਥਾਨਮ, ਕੁਰੂਕਸ਼ੇਤਰ ਵਿਖੇ ਅੰਤਰਰਾਸ਼ਟਰੀ ਗੀਤਾ ਮਹੋਤਸਵ-2026 ਦੇ ਆਯੋਜਨ ਨੂੰ ਲੈ ਕੇ ਕੁਰੂਕਸ਼ੇਤਰ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਹੋਈ। ਮੀਟਿੰਗ ਵਿੱਚ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਮਹੋਤਸਵ ਦੇ ਆਯੋਜਨ ਨੂੰ ਲੈ ਕੇ ਆਪਣੇ ਸੁਝਾਅ ਅਤੇ ਵਿਚਾਰ ਮੁੱਖ ਮੰਤਰੀ ਦੇ ਸਾਹਮਣੇ ਰੱਖੇ। ਮੁੱਖ ਮੰਤਰੀ ਨੇ ਸਾਰੀਆਂ ਸੰਸਥਾਵਾਂ ਨੂੰ ਮਿਲ ਕੇ ਮਹੋਤਸਵ ਨੂੰ ਸ਼ਾਨਦਾਰ, ਗੌਰਵਮਈ ਅਤੇ ਜਨ-ਭਾਗੀਦਾਰੀ ਨਾਲ ਬਣਾਉਣ ਦੀ ਅਪੀਲ ਕੀਤੀ।

ਗੀਤਾ ਜੀਵਨ ਦੇ ਸੰਘਰਸ਼ਾਂ ਵਿੱਚ ਚਾਨਣ ਪਾਉਣ ਵਾਲਾ ਗ੍ਰੰਥ - ਮੁੱਖ ਮੰਤਰੀ

ਮੁੱਖ ਮੰਤਰੀ ਨੇ ਕਿਹਾ ਕਿ ਗੀਤਾ ਸਿਰਫ ਇੱਕ ਧਾਰਮਿਕ ਗ੍ਰੰਥ ਨਹੀਂ, ਸਗੋਂ ਜੀਵਨ ਨੂੰ ਦਿਸ਼ਾ ਦੇਣ ਵਾਲਾ ਸੰਦੇਸ਼ ਹੈ। ਮਹਾਤਮਾ ਗਾਂਧੀ ਦੇ ਗੀਤਾ ਸਬੰਧੀ ਵਿਚਾਰਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਗਾਂਧੀ ਜੀ ਗੀਤਾ ਨੂੰ ਜੀਵਨ ਦੀਆਂ ਔਖੇ ਹਾਲਾਤਾਂ ਅਤੇ ਸੰਘਰਸ਼ਾਂ ਵਿੱਚ ਮਾਰਗਦਰਸ਼ਨ ਅਤੇ ਹੌਸਲਾ ਦੇਣ ਵਾਲਾ ਗ੍ਰੰਥ ਮੰਨਦੇ ਸਨ। ਇਸੇ ਤਰ੍ਹਾਂ ਲੋਕਮਾਨਿਆ ਬਾਲ ਗੰਗਾਧਰ ਤਿਲਕ ਨੇ ਗੀਤਾ ਦੇ ਕਰਮਯੋਗ ’ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਫਰਜ਼ ਪ੍ਰਤੀ ਨਿਸ਼ਠਾ ਅਤੇ ਕਰਮ ਕਰਦੇ ਰਹਿਣ ਦਾ ਸੰਦੇਸ਼ ਦਿੱਤਾ। ਸ਼੍ਰੀ ਅਰਵਿੰਦ ਦੇ ਵਿਚਾਰਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਗੀਤਾ ਦਾ ਸੰਦੇਸ਼ ਜੀਵਨ ਤੋਂ ਮੂੰਹ ਮੋੜਨ ਦਾ ਨਹੀਂ, ਸਗੋਂ ਕਰਮ ਅਤੇ ਅਧਿਆਤਮਿਕ ਚੇਤਨਾ ਰਾਹੀਂ ਜੀਵਨ ਨੂੰ ਬਿਹਤਰ ਦਿਸ਼ਾ ਦੇਣ ਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅੰਤਰਰਾਸ਼ਟਰੀ ਗੀਤਾ ਮਹੋਤਸਵ ਰਾਹੀਂ ਗੀਤਾ ਦੇ ਇਸੇ ਸੰਦੇਸ਼ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਯਤਨ ਹੋਣਾ ਚਾਹੀਦਾ ਹੈ। ਮਹੋਤਸਵ ਦੀ ਹਰੇਕ ਗਤੀਵਿਧੀ ਵਿੱਚ ਗੀਤਾ ਦਾ ਸੰਦੇਸ਼ ਕੇਂਦਰ ਵਿੱਚ ਰਹੇ ਅਤੇ ਇੱਥੇ ਆਉਣ ਵਾਲਾ ਹਰ ਵਿਅਕਤੀ ਕੁਰੂਕਸ਼ੇਤਰ ਦੀ ਸੰਸਕ੍ਰਿਤੀ ਅਤੇ ਗੀਤਾ ਦੇ ਸੰਦੇਸ਼ ਨੂੰ ਆਪਣੇ ਨਾਲ ਲੈ ਕੇ ਪਰਤੇ।

‘ਸਵੱਛ ਕੁਰੂਕਸ਼ੇਤਰ, ਪਵਿੱਤਰ ਕੁਰੂਕਸ਼ੇਤਰ’ ਬਣੇ ਸਾਂਝਾ ਸੰਕਲਪ

ਮੁੱਖ ਮੰਤਰੀ ਨੇ ਕਿਹਾ ਕਿ ਕੁਰੂਕਸ਼ੇਤਰ ਦਾ ਵਾਤਾਵਰਣ ਗੀਤਾ ਦੀ ਧਰਤੀ ਦੀ ਗਰਿਮਾ ਦੇ ਅਨੁਕੂਲ ਸਾਫ਼, ਸੁੰਦਰ ਅਤੇ ਵਿਵਸਥਿਤ ਰਹੇ, ਇਸ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਉਨ੍ਹਾਂ ’ਸਵੱਛ ਕੁਰੂਕਸ਼ੇਤਰ, ਪਵਿੱਤਰ ਕੁਰੂਕਸ਼ੇਤਰ’ ਨੂੰ ਸਾਂਝਾ ਸੰਕਲਪ ਬਣਾਉਣ ਦੀ ਅਪੀਲ ਕੀਤੀ। ਮੰਦਰਾਂ, ਆਸ਼ਰਮਾਂ, ਧਰਮਸ਼ਾਲਾਵਾਂ, ਬਾਜ਼ਾਰਾਂ ਅਤੇ ਜਨਤਕ ਥਾਵਾਂ ’ਤੇ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਪਲਾਸਟਿਕ ਮੁਕਤ ਵਾਤਾਵਰਣ ਬਣਾਉਣ ਵਿੱਚ ਸਹਿਯੋਗ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਅਤੇ ਸੈਲਾਨੀਆਂ ਦਾ ਸਵਾਗਤ ‘ਅਤਿਥੀ ਦੇਵੋ ਭਵ’ ਦੀ ਭਾਵਨਾ ਨਾਲ ਕੀਤਾ ਜਾਵੇ, ਤਾਂ ਜੋ ਹਰੇਕ ਆਉਣ ਵਾਲੇ ਨੂੰ ਕੁਰੂਕਸ਼ੇਤਰ ਵਿੱਚ ਆਪਣਾਪਣ ਅਤੇ ਸਤਿਕਾਰ ਮਹਿਸੂਸ ਹੋਵੇ।

ਮੁੱਖ ਮੰਤਰੀ ਨੇ ਕਿਹਾ ਕਿ ਕੁਰੂਕਸ਼ੇਤਰ ਦੇ ਸਾਰੇ ਪ੍ਰਮੁੱਖ ਚੌਕਾਂ ਨੂੰ ਮਹਾਭਾਰਤ ਕਾਲੀਨ ਥੀਮ ’ਤੇ ਵਿਕਸਿਤ ਕੀਤਾ ਜਾਵੇਗਾ। ਇਸ ਨਾਲ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਕੁਰੂਕਸ਼ੇਤਰ ਦੀ ਇਤਿਹਾਸਕ ਅਤੇ ਸੱਭਿਆਚਾਰਕ ਪਛਾਣ ਨੂੰ ਦਰਸਾਇਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਯਤਨ ਹੈ ਕਿ ਪੂਰੀ ਕੁਰੂਕਸ਼ੇਤਰ ਨਗਰੀ ਗੀਤਾ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਨਗਰੀ ਦੇ ਭਾਵ ਨੂੰ ਪ੍ਰਗਟ ਕਰੇ। ਮੁੱਖ ਮੰਤਰੀ ਨੇ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਨੂੰ ਆਪਣੇ-ਆਪਣੇ ਪੱਧਰ ’ਤੇ ਮਹੋਤਸਵ ਦੀਆਂ ਤਿਆਰੀਆਂ ਵਿੱਚ ਸਹਿਯੋਗ ਕਰਨ ਅਤੇ ਆਪਣੇ ਸੁਝਾਅ ਪ੍ਰਸ਼ਾਸਨ ਨਾਲ ਸਾਂਝੇ ਕਰਨ ਦਾ ਸੱਦਾ ਦਿੱਤਾ।

ਹਰਿਆਣਾ ਵਿਖੇ ਸੜਕ ਹਾਦਸੇ ਵਿੱਚ ਤਿੰਨ ਦੀ ਮੌਤ, 15 ਜ਼ਖਮੀ

ਮਜ਼ਦੂਰਾਂ ਨਾਲ ਭਰੀ ਟਰਾਲੀ ਨੂੰ ਟਰੱਕ ਨੇ ਮਾਰੀ ਟੱਕਰ

ਏਲਨਾਬਾਦ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਸਿਰਸਾ-ਏਲਨਾਬਾਦ ਸੜਕ ਤੇ ਅੱਜ ਸਵੇਰੇ ਕਰੀਬ 9 ਵਜੇ ਪਿੰਡ ਮੱਲੇਕਾ ਨਜ਼ਦੀਕ ਇੱਕ ਟਰਾਲੇ ਅਤੇ ਟਰੈਕਟਰ ਟਰਾਲੀ ਵਿਚਕਾਰ ਹੋਈ ਟੱਕਰ ਦੌਰਾਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ 15 ਦੇ ਕਰੀਬ ਲੋਕ ਜ਼ਖ਼ਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਟਰੈਕਟਰ-ਟਰਾਲੀ ਮਾਲਕ ਸੁਰਿੰਦਰ ਕੁਮਾਰ ਪਿੰਡ ਓਟੂ ਤੋਂ ਨਰਮੇ ਦੀ ਚੁਗਾਈ ਲਈ ਚੁਗਾਰਿਆਂ ਨੂੰ ਲੈ ਕੇ ਗੁੜੀਆ ਖੇੜਾ ਪਿੰਡ ਵੱਲ ਜਾ ਰਿਹਾ ਸੀ, ਜਦੋਂ ਪਿੰਡ ਮੱਲੇਕਾ ਨਜ਼ਦੀਕ ਟਰੱਕ ਨੇ ਟਰਾਲੀ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ।

ਟਰਾਲੀ ਵਿੱਚ ਕਰੀਬ 20 ਔਰਤਾਂ ਅਤੇ ਮਰਦ ਮਜ਼ਦੂਰ ਸਵਾਰ ਸਨ। ਹਾਦਸੇ ਦੌਰਾਨ ਟਰੈਕਟਰ-ਟਰਾਲੀ ਸੜਕ ਦੇ ਦੂਜੇ ਪਾਸੇ ਪਲਟ ਗਈ। ਜਿਸ ਕਾਰਨ ਦੋ ਮਜ਼ਦੂਰ ਔਰਤਾਂ ਦੀ ਮੌਕੇ ਤੇ ਹੀ ਮੌਤ ਹੋ ਗਈ, ਜਦਕਿ ਟਰੱਕ ਨੇ ਪਿੱਛੋਂ ਆ ਰਹੇ ਇੱਕ ਮੋਟਰ ਸਾਈਕਲ ਸਵਾਰ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ ਅਤੇ ਉਸਦੀ ਵੀ ਮੌਕੇ ਤੇ ਹੀ ਮੌਤ ਹੋ ਗਈ।

ਹਾਦਸੇ ਵਿੱਚ ਕਰੀਬ 15 ਮਜ਼ਦੂਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਨਾਗਿਰਕ ਹਸਪਤਾਲ ਸਿਰਸਾ ਵਿਖੇ ਦਾਖ਼ਲ ਕਰਵਾਇਆ ਗਿਆ ਹੈ। ਜ਼ਖਮੀਆਂ ਵਿੱਚੋਂ ਪੰਜ ਦੀ ਹਾਲਤ ਗੰਭੀਰ ਬਣੀ ਹੋਈ ਹੈ। ਮ੍ਰਿਤਕਾਂ ਦੀ ਪਹਿਚਾਣ 60 ਸਾਲਾਂ ਬਲਵੀਰ ਕੌਰ ਵਾਸੀ ਓਟੂ, ਕਾਕੀ ਕੌਰ 26 ਸਾਲਾਂ ਵਾਸੀ ਓਟੂ ਅਤੇ ਲਵਪ੍ਰੀਤ ਵਜੋਂ ਹੋਈ ਹੈ। ਜਦਕਿ ਜ਼ਖਮੀਆਂ ਵਿੱਚ ਕੁਲਵੰਤ ਸਿੰਘ, ਰਜਨੀ, ਕੈਲਾਸ਼ੀ, ਮਨਪ੍ਰੀਤ ਕੌਰ, ਕਾਂਤਾ, ਪਰਮਜੀਤ ਕੌਰ, ਸੰਦੀਪ ਕੌਰ, ਸ਼ੀਲਾ ਦੇਵੀ ਸਹਿਤ ਕਰੀਬ 15 ਲੋਕ ਸ਼ਾਮਲ ਹਨ। ਇਨ੍ਹਾਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਤੇਜ਼ ਰਫ਼ਤਾਰ ਟਰੱਕ ਦਰੱਖਤ ਦੀ ਟਾਹਣੀ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹੋਏ ਟਰਾਲੀ ਨਾਲ ਟਕਰਾ ਗਿਆ।

ਸੜਕਾਂ ਤੋਂ ਪਰਿਵਾਰ ਦੀ ਛਾਂ ਤੱਕ: ਪੰਜਾਬ ਸਰਕਾਰ ਨੇ ਬੱਚੀ ਨੂੰ ਦਿੱਤਾ ਨਵਾਂ ਜੀਵਨ; ਡਾ. ਬਲਜੀਤ ਕੌਰ ਨੇ ਬਾਲ ਸੁਰੱਖਿਆ ਪ੍ਰਤੀ ਵਚਨਬੱਧਤਾ ਦੁਹਰਾਈ

ਡਾ. ਬਲਜੀਤ ਕੌਰ ਦਾ ਸੰਦੇਸ਼: ਹਰ ਬੱਚੇ ਨੂੰ ਪਿਆਰ, ਸੁਰੱਖਿਆ, ਸਿੱਖਿਆ ਅਤੇ ਸੁਪਨੇ ਪੂਰੇ ਕਰਨ ਦਾ ਮੌਕਾ ਮਿਲਣਾ ਉਸਦਾ ਅਧਿਕਾਰ

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਸਰਕਾਰ ਦੀ ਬਾਲ-ਕੇਂਦਰਿਤ ਅਤੇ ਸੰਵੇਦਨਸ਼ੀਲ ਸੋਚ ਦਾ ਇੱਕ ਹੋਰ ਪ੍ਰੇਰਨਾਦਾਇਕ ਉਦਾਹਰਨ ਸਾਹਮਣੇ ਆਇਆ ਹੈ, ਜਿੱਥੇ ਸੜਕਾਂ ’ਤੇ ਅਸੁਰੱਖਿਅਤ ਹਾਲਾਤਾਂ ਵਿੱਚ ਜੀਵਨ ਬਤੀਤ ਕਰ ਰਹੀ ਇੱਕ ਨੰਨ੍ਹੀ ਬੱਚੀ ਨੂੰ ਹੁਣ ਇੱਕ ਪਿਆਰ ਭਰੇ ਅਤੇ ਸੁਰੱਖਿਅਤ ਪਰਿਵਾਰ ਦੀ ਛਾਂ ਮਿਲੀ ਹੈ। ਕਾਨੂੰਨੀ ਗੋਦ ਲੈਣ ਦੀ ਪ੍ਰਕਿਰਿਆ ਰਾਹੀਂ ਇਹ ਬੱਚੀ ਹੁਣ ਆਪਣੇ ਜੀਵਨ ਦੇ ਇੱਕ ਨਵੇਂ ਅਧਿਆਇ ਵਿੱਚ ਦਾਖ਼ਲ ਹੋ ਗਈ ਹੈ, ਜਿੱਥੇ ਉਸਨੂੰ ਪਿਆਰ, ਸਨੇਹ, ਸੁਰੱਖਿਆ ਅਤੇ ਬਿਹਤਰ ਭਵਿੱਖ ਦੀਆਂ ਸੰਭਾਵਨਾਵਾਂ ਮਿਲਣਗੀਆਂ।

ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਉਦੇਸ਼ ਕੇਵਲ ਬੱਚਿਆਂ ਨੂੰ ਮੁਸ਼ਕਲ ਹਾਲਾਤਾਂ ਵਿਚੋਂ ਬਾਹਰ ਕੱਢਣਾ ਹੀ ਨਹੀਂ, ਸਗੋਂ ਉਨ੍ਹਾਂ ਨੂੰ ਸਨਮਾਨਪੂਰਨ ਜੀਵਨ, ਸੁਰੱਖਿਅਤ ਭਵਿੱਖ ਅਤੇ ਪਰਿਵਾਰਕ ਪਿਆਰ ਦਾ ਅਹਿਸਾਸ ਕਰਵਾਉਣਾ ਵੀ ਹੈ।

ਉਨ੍ਹਾਂ ਕਿਹਾ ਕਿ ਕੋਈ ਵੀ ਬੱਚਾ ਗਰੀਬੀ, ਬੇਸਹਾਰਾਪਣ ਜਾਂ ਹਾਲਾਤਾਂ ਦਾ ਸ਼ਿਕਾਰ ਹੋ ਕੇ ਆਪਣੇ ਬਚਪਨ ਤੋਂ ਵਾਂਝਾ ਨਾ ਰਹੇ, ਇਹ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ। ਸਰਕਾਰ ਵੱਲੋਂ ਮਜ਼ਬੂਤ ਬਾਲ ਸੁਰੱਖਿਆ ਪ੍ਰਣਾਲੀ ਰਾਹੀਂ ਲੋੜਵੰਦ ਬੱਚਿਆਂ ਨੂੰ ਸੰਭਾਲ, ਪੁਨਰਵਾਸ ਅਤੇ ਜੀਵਨ ਵਿੱਚ ਅੱਗੇ ਵਧਣ ਦੇ ਮੌਕੇ ਮੁਹੱਈਆ ਕਰਵਾਏ ਜਾ ਰਹੇ ਹਨ।

ਮਾਮਲੇ ਦੀ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਾਲ 2019 ਵਿੱਚ ਜਨਮੀ ਇਸ ਬੱਚੀ ਨੂੰ 19 ਨਵੰਬਰ 2024 ਨੂੰ ਪਟਿਆਲਾ ਦੇ ਲੀਲਾ ਭਵਨ ਇਲਾਕੇ ਤੋਂ ‘ਜੀਵਨਜੋਤ 2.0’ ਮੁਹਿੰਮ ਤਹਿਤ ਰੈਸਕਿਊ ਕੀਤਾ ਗਿਆ ਸੀ। ਇਹ ਮੁਹਿੰਮ ਸੜਕਾਂ ’ਤੇ ਭੀਖ ਮੰਗਣ ਵਾਲੇ ਬੱਚਿਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਸੁਰੱਖਿਆ, ਸੰਭਾਲ ਅਤੇ ਯੋਗ ਪੁਨਰਵਾਸ ਮੁਹੱਈਆ ਕਰਵਾਉਣ ਲਈ ਚਲਾਈ ਜਾ ਰਹੀ ਹੈ।

ਰੈਸਕਿਊ ਤੋਂ ਬਾਅਦ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਪਟਿਆਲਾ ਵੱਲੋਂ ਬੱਚੀ ਨੂੰ ਨਿਰਧਾਰਤ ਪ੍ਰਕਿਰਿਆ ਅਨੁਸਾਰ ਬਾਲ ਭਲਾਈ ਕਮੇਟੀ , ਪਟਿਆਲਾ ਦੇ

ਸਾਹਮਣੇ ਪੇਸ਼ ਕੀਤਾ ਗਿਆ। ਕਮੇਟੀ ਦੇ ਹੁਕਮਾਂ ਅਨੁਸਾਰ ਉਸਨੂੰ ਵਿਸ਼ੇਸ਼ ਗੋਦ ਲੈਣ ਵਾਲੀ ਏਜੰਸੀ) ਵਿੱਚ ਦੇਖਭਾਲ ਅਤੇ ਸੁਰੱਖਿਆ ਲਈ ਰੱਖਿਆ ਗਿਆ, ਜਿੱਥੇ ਉਸਨੂੰ ਕੌਂਸਲਿੰਗ, ਸਿੱਖਿਆ, ਸਿਹਤ ਸਹੂਲਤਾਂ, ਭਾਵਨਾਤਮਕ ਸਹਾਰਾ ਅਤੇ ਪਿਆਰ ਭਰਿਆ ਮਾਹੌਲ ਪ੍ਰਦਾਨ ਕੀਤਾ ਗਿਆ।

ਮੰਤਰੀ ਨੇ ਦੱਸਿਆ ਕਿ ਸਮਾਜਿਕ ਜਾਂਚ ਅਤੇ ਕੌਂਸਲਿੰਗ ਦੀ ਪ੍ਰਕਿਰਿਆ ਦੌਰਾਨ ਇਹ ਸਾਹਮਣੇ ਆਇਆ ਕਿ ਬੱਚੀ ਦੀ ਦੇਖਭਾਲ ਅਤੇ ਸੁਰੱਖਿਆ ਲਈ ਕੋਈ ਯੋਗ ਜਨਮਜਾਤ ਰਿਸ਼ਤੇਦਾਰ ਉਪਲਬਧ ਨਹੀਂ ਸੀ। ਇਸ ਉਪਰੰਤ ਕਾਨੂੰਨੀ ਪ੍ਰਕਿਰਿਆ ਪੂਰੀ ਕਰਦਿਆਂ 4 ਜੂਨ 2026 ਨੂੰ ਬਾਲ ਭਲਾਈ ਕਮੇਟੀ ਵੱਲੋਂ ਬੱਚੀ ਨੂੰ ਗੋਦ ਲੈਣ ਲਈ ਕਾਨੂੰਨੀ ਤੌਰ ’ਤੇ ਮੁਕਤ ਘੋਸ਼ਿਤ ਕੀਤਾ ਗਿਆ।

ਇਸ ਤੋਂ ਬਾਅਦ ਨਿਰਧਾਰਤ ਗੋਦ ਲੈਣ ਦੀ ਪ੍ਰਕਿਰਿਆ ਰਾਹੀਂ ਯੋਗ ਗੋਦ ਲੈਣ ਵਾਲੇ ਮਾਤਾ-ਪਿਤਾ ਨਾਲ ਬੱਚੀ ਦਾ ਮੇਲ ਕਰਵਾਇਆ ਗਿਆ ਅਤੇ 27 ਜੁਲਾਈ 2026 ਨੂੰ ਉਸਨੂੰ ਪ੍ਰੀ-ਅਡਾਪਸ਼ਨ ਫੋਸਟਰ ਕੇਅਰ ਵਿੱਚ ਰੱਖਿਆ ਗਿਆ। ਸਾਰੀਆਂ ਕਾਨੂੰਨੀ ਕਾਰਵਾਈਆਂ ਮੁਕੰਮਲ ਹੋਣ ਉਪਰੰਤ 22 ਸਤੰਬਰ 2026 ਨੂੰ ਸਮਰੱਥ ਅਥਾਰਟੀ ਵੱਲੋਂ ਗੋਦ ਲੈਣ ਦੀ ਪ੍ਰਕਿਰਿਆ ਨੂੰ ਅੰਤਿਮ ਮਨਜ਼ੂਰੀ ਦਿੱਤੀ ਗਈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਮਾਮਲਾ ਦਰਸਾਉਂਦਾ ਹੈ ਕਿ ਬੱਚੇ ਨੂੰ ਬਚਾਉਣਾ ਸਿਰਫ਼ ਪਹਿਲਾ ਕਦਮ ਹੈ; ਅਸਲ ਮਕਸਦ ਉਸਦੇ ਬਚਪਨ ਨੂੰ ਮੁੜ ਸਵਾਰਨਾ, ਉਸਦੇ ਸੁਪਨਿਆਂ ਨੂੰ ਨਵੀਂ ਉਡਾਣ ਦੇਣਾ ਅਤੇ ਉਸਨੂੰ ਇੱਕ ਸੁਰੱਖਿਅਤ ਪਰਿਵਾਰਕ ਮਾਹੌਲ ਪ੍ਰਦਾਨ ਕਰਨਾ ਹੈ।

ਉਨ੍ਹਾਂ ਸਟੇਟ ਅਡਾਪਸ਼ਨ ਰਿਸੋਰਸ ਏਜੰਸੀ, ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਬਾਲ ਭਲਾਈ ਕਮੇਟੀ, ਵਿਸ਼ੇਸ਼ ਗੋਦ ਲੈਣ ਵਾਲੀ ਏਜੰਸੀ ਕੌਂਸਲਰਾਂ ਅਤੇ ਗੋਦ ਲੈਣ ਨਾਲ ਜੁੜੀਆਂ ਸਾਰੀਆਂ ਸੰਸਥਾਵਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਦੀ ਸਾਂਝੀ ਮਿਹਨਤ ਨਾਲ ਬੱਚੀ ਨੂੰ ਨਵੀਂ ਜ਼ਿੰਦਗੀ ਮਿਲੀ। ਡਾ. ਬਲਜੀਤ ਕੌਰ ਨੇ ਕਿਹਾ ਕਿ ਵਿਭਾਗ ਵੱਲੋਂ ਬਾਲ ਸੁਰੱਖਿਆ ਸੇਵਾਵਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਹਰ ਲੋੜਵੰਦ ਬੱਚੇ ਨੂੰ ਸਮੇਂ ਸਿਰ ਸੰਭਾਲ, ਸੁਰੱਖਿਆ ਅਤੇ ਪੁਨਰਵਾਸ ਮਿਲ ਸਕੇ।

ਕਿਸੇ ਵੀ ਬੱਚੇ ਦਾ ਭਵਿੱਖ ਉਸਦੀ ਮਜ਼ਬੂਰੀਆਂ ਜਾਂ ਹਾਲਾਤਾਂ ਨਾਲ ਤੈਅ ਨਹੀਂ ਹੋਣਾ ਚਾਹੀਦਾ। ਸਾਡੀ ਜ਼ਿੰਮੇਵਾਰੀ ਸਿਰਫ਼ ਬੱਚੇ ਨੂੰ ਬਚਾਉਣ ਤੱਕ ਸੀਮਿਤ ਨਹੀਂ, ਸਗੋਂ ਉਸਨੂੰ ਪਿਆਰ, ਸੁਰੱਖਿਆ ਅਤੇ ਮੌਕਿਆਂ ਨਾਲ ਭਰਪੂਰ ਜੀਵਨ ਦੇਣਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਉਸ ਬੱਚੇ ਦੇ ਨਾਲ ਖੜ੍ਹੀ ਹੈ, ਜਿਸਨੂੰ ਸਹਾਰੇ ਅਤੇ ਸੰਭਾਲ ਦੀ ਲੋੜ ਹੈ, ਡਾ. ਬਲਜੀਤ ਕੌਰ ਨੇ ਕਿਹਾ।

ਇਹ ਸਫ਼ਲ ਗੋਦ ਲੈਣ ਦੀ ਕਹਾਣੀ ਇਸ ਗੱਲ ਦਾ ਪ੍ਰਤੀਕ ਹੈ ਕਿ ਸੰਵੇਦਨਸ਼ੀਲ ਸੋਚ, ਪ੍ਰਭਾਵਸ਼ਾਲੀ ਪ੍ਰਣਾਲੀ ਅਤੇ ਸਮੇਂ ਸਿਰ ਕੀਤੀ ਦਖ਼ਲਅੰਦਾਜ਼ੀ ਕਿਸੇ ਵੀ ਬੱਚੇ ਦੀ ਜ਼ਿੰਦਗੀ ਨੂੰ ਨਵੀਂ ਦਿਸ਼ਾ ਦੇ ਸਕਦੀ ਹੈ।

ਬੱਚਿਆਂ ਦੀ ਕਲਪਨਾ ਵਿੱਚ ਦਿਖਾਈ ਦਿੰਦਾ ਹੈ ਵਿਕਸਿਤ ਭਾਰਤ ਦਾ ਭਵਿੱਖ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਬੱਚਿਆਂ ਦੀ ਕਲਪਨਾ ਵਿੱਚ ਜੋ ਵਿਕਸਿਤ ਭਾਰਤ ਆਕਾਰ ਲੈਂਦਾ ਹੈ, ਉਹੀ ਆਉਣ ਵਾਲੇ ਸਮੇਂ ਵਿੱਚ ਅਸਲ ਭਾਰਤ ਵਜੋਂ ਸਾਡੇ ਸਾਹਮਣੇ ਆਵੇਗਾ। ਬੱਚਿਆਂ ਦੀ ਪ੍ਰਤਿਭਾ ਨੂੰ ਸਹੀ ਮੰਚ ਅਤੇ ਪ੍ਰੋਤਸਾਹਨ ਦੇ ਕੇ ਉਨ੍ਹਾਂ ਵਿੱਚ ਰਚਨਾਤਮਕਤਾ, ਸੰਸਕਾਰ, ਸੇਵਾ ਭਾਵਨਾ ਅਤੇ ਰਾਸ਼ਟਰ ਨਿਰਮਾਣ ਦਾ ਜਜ਼ਬਾ ਵਿਕਸਿਤ ਕੀਤਾ ਜਾ ਸਕਦਾ ਹੈ। ਮੁੱਖ ਮੰਤਰੀ ਵੀਰਵਾਰ ਨੂੰ ਕੁਰੂਕਸ਼ੇਤਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕਨੀਪਲਾ ਵਿੱਚ ਆਯੋਜਿਤ ‘ਸੇਵਾ ਸੰਕਲਪ ਅਭਿਆਨ’ ਅਤੇ ‘ਨਿਪੁਣ ਚਿੱਤਰਕਲਾ ਪ੍ਰਦਰਸ਼ਨੀ’ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਨੇ ‘ਮਾਧਵ ਆਡੀਟੋਰੀਅਮ’ ਅਤੇ ਪਰਮ ਪੂਜਨੀਯ ਸ੍ਰੀ ਗੁਰੂ ਜੀ ਦੇ ਭਿੱਤ-ਚਿੱਤਰ ਦਾ ਉਦਘਾਟਨ ਕੀਤਾ ਅਤੇ ਚਿੱਤਰਕਲਾ ਪ੍ਰਦਰਸ਼ਨੀ ਦਾ ਜਾਇਜ਼ਾ ਲਿਆ।

ਮੁੱਖ ਮੰਤਰੀ ਨੇ ਇਸ ਮੌਕੇ ਸਕੂਲ ਕੰਪਲੈਕਸ ਵਿੱਚ ਬੂਟੇ ਵੀ ਲਗਾਏ। ਇਸ ਮੌਕੇ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ, ਸਾਬਕਾ ਰਾਜ ਮੰਤਰੀ ਸ੍ਰੀ ਸੁਭਾਸ਼ ਸੁਧਾ, ਡਿਪਟੀ ਕਮਿਸ਼ਨਰ ਸ੍ਰੀ ਵਿਸ਼ਰਾਮ ਮੀਣਾ, ਡਾ. ਓਮ ਪ੍ਰਕਾਸ਼ ਅਰੋੜਾ, ਸ੍ਰੀ ਰਤਨ ਚੰਦ ਸਰਦਾਨਾ, ਡਾ. ਪ੍ਰੀਤਮ ਸਿੰਘ ਸਮੇਤ ਸੀਨੀਅਰ ਅਧਿਕਾਰੀ ਅਤੇ ਪਤਵੰਤੇ ਮੌਜੂਦ ਸਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਨੀਪਲਾ ਦੇ ਇਸ ਸਰਕਾਰੀ ਸਕੂਲ ਵਿੱਚ ਸੋਲਰ ਪੈਨਲ ਲਗਾਉਣ ਲਈ 11 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ, ਕਨੀਪਲਾ ਪਿੰਡ ਦੇ ਵਿਕਾਸ ਕਾਰਜਾਂ ਲਈ 21 ਲੱਖ ਰੁਪਏ ਦੇਣ ਦਾ ਵੀ ਐਲਾਨ ਕੀਤਾ ਗਿਆ।

ਸੇਵਾ ਸੰਕਲਪ ਅਭਿਆਨ ਨਹੀਂ ਬੱਚਿਆਂ ਨੂੰ ਰਾਸ਼ਟਰ ਸੇਵਾ ਦੀ ਪ੍ਰੇਰਣਾ

ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰੋਗਰਾਮ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਜਨਮ ਦਿਨ ਦੇ ਮੌਕੇ ’ਤੇ ਚੱਲ ਰਹੇ ‘ਸੇਵਾ ਸੰਕਲਪ ਮੁਹਿੰਮ’ ਤਹਿਤ ਆਯੋਜਿਤ ਕੀਤਾ ਗਿਆ ਹੈ। ਇਸ ਮੁਹਿੰਮ ਤਹਿਤ 17 ਤੋਂ 21 ਸਤੰਬਰ ਤੱਕ ਤੀਜੀ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਚਿੱਤਰਕਲਾ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚੋਂ ਚੁਣੀਆਂ ਗਈਆਂ ਕਲਾਕ੍ਰਿਤੀਆਂ ਨੂੰ ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ।

ਉਨ੍ਹਾਂ ਪ੍ਰਦਰਸ਼ਨੀ ਵਿੱਚ ਸ਼ਾਮਲ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੱਚਿਆਂ ਦੇ ਹੱਥਾਂ ਵਿੱਚ ਰੰਗ ਹੁੰਦੇ ਹਨ, ਪਰ ਉਨ੍ਹਾਂ ਰੰਗਾਂ ਨੂੰ ਸੁਪਨਿਆਂ ਵਿੱਚ ਬਦਲਣ ਦਾ ਵਿਸ਼ਵਾਸ ਪਰਿਵਾਰ ਅਤੇ ਅਧਿਆਪਕ ਦਿੰਦੇ ਹਨ। ਪ੍ਰਦਰਸ਼ਨੀ ਵਿੱਚ ਸਵੱਛ ਭਾਰਤ, ਆਤਮਨਿਰਭਰ ਭਾਰਤ, ਵਾਤਾਵਰਣ ਸੰਭਾਲ, ਸੇਵਾ ਭਾਵਨਾ ਅਤੇ ਸਾਲ 2047 ਦੇ ਵਿਕਸਿਤ ਭਾਰਤ ਦੀ ਕਲਪਨਾ ਵਰਗੇ ਵਿਸ਼ਿਆਂ ਨੂੰ ਬੱਚਿਆਂ ਨੇ ਆਪਣੀ ਰਚਨਾਤਮਕਤਾ ਰਾਹੀਂ ਪੇਸ਼ ਕੀਤਾ ਹੈ।

25 ਸਾਲਾਂ ਦੀ ਸੇਵਾ ਤੋਂ ਪ੍ਰੇਰਣਾ ਲੈ ਕੇ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਯੋਗਦਾਨ ਦਾ ਸੱਦਾ

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ‘ਸੇਵਾ ਸੰਕਲਪ ਅਭਿਆਨ’ ਸਿਰਫ਼ ਪ੍ਰਾਪਤੀਆਂ ਨੂੰ ਯਾਦ ਕਰਨ ਦਾ ਮੌਕਾ ਨਹੀਂ, ਸਗੋਂ ਸੇਵਾ, ਸਮਰਪਣ ਅਤੇ ਰਾਸ਼ਟਰ ਨਿਰਮਾਣ ਦੀ ਭਾਵਨਾ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਮਾਧਿਅਮ ਹੈ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਜਨਤਕ ਜੀਵਨ ਦੇ 25 ਸਾਲਾਂ ਤੋਂ ਪ੍ਰੇਰਣਾ ਲੈਂਦਿਆਂ ਸਾਨੂੰ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਆਪਣੀ ਭੂਮਿਕਾ ਨਿਭਾਉਣ ਦਾ ਸੰਕਲਪ ਲੈਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਭਾਰਤ ਅੱਜ ਵਿਗਿਆਨ, ਤਕਨੀਕ ਅਤੇ ਨਵਾਚਾਰ ਦੇ ਖੇਤਰ ਵਿੱਚ ਲਗਾਤਾਰ ਅੱਗੇ ਵਧ ਰਿਹਾ ਹੈ। ਦੇਸ਼ ਨੇ ਪੁਲਾੜ ਵਿਗਿਆਨ ਸਮੇਤ ਕਈ ਖੇਤਰਾਂ ਵਿੱਚ ਆਪਣੀ ਸਮਰੱਥਾ ਦਾ ਲੋਹਾ ਮਨਵਾਇਆ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਸੁਪਨਿਆਂ ਨੂੰ ਟੀਚਿਆਂ ਵਿੱਚ ਬਦਲਣ ਅਤੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਲਗਾਤਾਰ ਯਤਨ ਕਰਨ।

ਮਾਧਵ ਆਡੀਟੋਰੀਅਮ ਅਤੇ ਭਿੱਤ-ਚਿੱਤਰ ਨਵੀਂ ਪੀੜ੍ਹੀ ਨੂੰ ਦੇਣਗੇ ਪ੍ਰੇਰਣਾ

ਮੁੱਖ ਮੰਤਰੀ ਨੇ ਕਿਹਾ ਕਿ ਕਨੀਪਲਾ ਦੇ ਇਸ ਸਕੂਲ ਵਿੱਚ ਇੱਕ ਪਾਸੇ ਬੱਚਿਆਂ ਵੱਲੋਂ ਬਣਾਏ ਗਏ ਚਿੱਤਰ ਭਵਿੱਖ ਦੇ ਭਾਰਤ ਦੀ ਕਲਪਨਾ ਨੂੰ ਸਾਹਮਣੇ ਰੱਖਦੇ ਹਨ, ਉੱਥੇ ਹੀ ਦੂਜੇ ਪਾਸੇ ਮਾਧਵ ਆਡੀਟੋਰੀਅਮ ਵਿੱਚ ਪਰਮ ਪੂਜਨੀਯ ਮਾਧਵ ਸਦਾਸ਼ਿਵਰਾਓ ਗੋਲਵਲਕਰ ‘ਸ੍ਰੀ ਗੁਰੂ ਜੀ’ ਦਾ ਭਿੱਤ-ਚਿੱਤਰ ਇਤਿਹਾਸ, ਸੰਸਕਾਰ ਅਤੇ ਕਰਤੱਵ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਸਾਨੂੰ ਜੜ੍ਹਾਂ ਦਿੰਦਾ ਹੈ, ਸਿੱਖਿਆ ਸਾਨੂੰ ਖੰਭ ਦਿੰਦੀ ਹੈ, ਸੰਸਕਾਰ ਸਾਨੂੰ ਦਿਸ਼ਾ ਦਿੰਦੇ ਹਨ ਅਤੇ ਸੁਪਨੇ ਸਾਨੂੰ ਉਡਾਣ ਦਿੰਦੇ ਹਨ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਜੀ ਇੱਕ ਅਸਾਧਾਰਨ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਰਾਸ਼ਟਰ ਲਈ ਸਮਰਪਿਤ ਕਰ ਦਿੱਤਾ। ਉਨ੍ਹਾਂ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਨਾ ਸਰੋਤ ਰਹੇਗਾ। ਬੱਚਿਆਂ ਨੂੰ ਉਨ੍ਹਾਂ ਦੇ ਜੀਵਨ, ਵਿਚਾਰਾਂ ਅਤੇ ਰਾਸ਼ਟਰ ਸੇਵਾ ਦੀ ਭਾਵਨਾ ਤੋਂ ਜਾਣੂ ਕਰਵਾਉਣ ਲਈ ਇਹ ਭਿੱਤ-ਚਿੱਤਰ ਤਿਆਰ ਕੀਤਾ ਗਿਆ ਹੈ।

ਜ਼ਿਲ੍ਹਾ ਅਤੇ ਬਲਾਕ ਪੱਧਰ ’ਤੇ ਤਾਇਨਾਤ ਹੋਣਗੀਆਂ ਵਿਸ਼ੇਸ਼ ਟੀਮਾਂ, ਡਰੋਨ ਕਰੇਗਾ ਨਿਗਰਾਨੀ ਅਤੇ ਦੇਰ ਸ਼ਾਮ ਗਸ਼ਤ ਹੋਵੇਗੀ ਤੇਜ਼

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-
ਹਰਿਆਣਾ ਸਰਕਾਰ ਨੇ ਝੋਨੇ ਦੀ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਲਈ ਜ਼ਿਲ੍ਹਾ ਅਤੇ ਬਲਾਕ ਪੱਧਰ ’ਤੇ ‘ਪਰਾਲੀ ਸੁਰੱਖਿਆ ਬਲ’ ਗਠਿਤ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਬਲ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਨਿਗਰਾਨੀ ਅਤੇ ਰੋਕਥਾਮ ਦੇ ਨਾਲ-ਨਾਲ ਜ਼ਰੂਰੀ ਕਾਰਵਾਈ ਯਕੀਨੀ ਬਣਾਉਣਗੇ। ਇਸ ਤੋਂ ਇਲਾਵਾ, ਦੇਰ ਸ਼ਾਮ ਅਤੇ ਰਾਤ ਦੇ ਸਮੇਂ ਗਸ਼ਤ ਵਧਾਈ ਜਾਵੇਗੀ ਅਤੇ ਖੇਤਾਂ ਵਿੱਚ ਅੱਗ ਦੀਆਂ ਘਟਨਾਵਾਂ ਦੀ ਨਿਗਰਾਨੀ ਲਈ ਡਰੋਨ ਦੀ ਵਰਤੋਂ ਕੀਤੀ ਜਾਵੇਗੀ। ਸਰਕਾਰ ਨੇ ਫ਼ਸਲ ਰਹਿੰਦ ਖੂਹਦ ਪ੍ਰਬੰਧਨ ਮਸ਼ੀਨਰੀ ਦੀ ਬਿਹਤਰ ਵਰਤੋਂ ਲਈ ਕਿਸਾਨਾਂ ਨੂੰ 1,200 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਦੇਣ ਦਾ ਵੀ ਪ੍ਰਬੰਧ ਕੀਤਾ ਹੈ।

ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੋਗੀ ਨੇ ਅੱਜ ਇੱਥੇ ਪਰਾਲੀ ਸਾੜਨ ਦੀਆਂ ਘਟਨਾਵਾਂ ’ਤੇ ਰੋਕ ਲਗਾਉਣ ਅਤੇ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਦੇ ਸੰਬੰਧ ਵਿੱਚ ਰਾਜ ਕਾ ਰਜ ਯੋਜਨਾ ਦੀ ਸਮੀਖਿਆ ਕੀਤੀ। ਮੀਟਿੰਗ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਰਾਜ ਵਿੱਚ ਪਰਾਲੀ ਪ੍ਰਬੰਧਨ ਅਤੇ ਨਿਗਰਾਨੀ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਕਾਰਜ ਯੋਜਨਾ ਤਹਿਤ ਗਠਿਤ ‘ਪਰਾਲੀ ਸੁਰੱਖਿਆ ਬਲ’ ਵਿੱਚ ਪੁਲਿਸ ਕਰਮਚਾਰੀਆਂ ਦੇ ਨਾਲ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ, ਪ੍ਰਸ਼ਾਸਨਿਕ ਅਧਿਕਾਰੀਆਂ, ਨੋਡਲ ਅਤੇ ਕਲੱਸਟਰ ਅਧਿਕਾਰੀਆਂ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਇਹ ਬਲ ਜ਼ਿਲ੍ਹਾ ਅਤੇ ਬਲਾਕ ਪੱਧਰ ’ਤੇ ਕੰਮ ਕਰੇਗਾ ਅਤੇ ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਦੀ ਨਿਗਰਾਨੀ ਕਰਨ ਦੇ ਨਾਲ-ਨਾਲ ਪਰਾਲੀ ਸਾੜਨ ਦੀਆਂ ਘਟਨਾਵਾਂ ’ਤੇ ਤੁਰੰਤ ਕਾਰਵਾਈ ਯਕੀਨੀ ਬਣਾਏਗਾ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ਼੍ਰੀ ਵਿਜੇਂਦਰ ਕੁਮਾਰ ਨੇ ਦੱਸਿਆ ਕਿ ਦੇਰ ਸ਼ਾਮ ਗਸ਼ਤ ਵਧਾਉਣ ਦੇ ਨਿਰਦੇਸ਼ ਦਿੱਤੇ ਗਏ ਹਨ, ਕਿਉਂਕਿ ਕੁਝ ਕਿਸਾਨਾਂ ਵੱਲੋਂ ਉਪਗ੍ਰਹਿਆਂ ਦੀ ਨਿਗਰਾਨੀ ਤੋਂ ਬਚਣ ਲਈ ਹਨ੍ਹੇਰਾ ਹੋਣ ਤੋਂ ਬਾਅਦ ਪਰਾਲੀ ਸਾੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਮਾਨ ਦੇ ਮੁਨਾਫ਼ਿਆਂ' ਨੇ ਪੰਜਾਬ ਵਾਸੀ ਕੀਤੇ ਸੁਖਾਲੇ: ਡਾ. ਬਲਬੀਰ ਸਿੰਘ

➢ ਸਿਹਤ ਮੰਤਰੀ ਨੇ ਅਪਣੇ ਹਲਕੇ 'ਚ ਆਪ ਸਰਕਾਰ ਵੱਲੋਂ ਕੀਤੇ ਕੰਮਾਂ ਨੂੰ 'ਮਾਨ ਦੇ ਮੁਨਾਫ਼ੇ' ਤਹਿਤ ਘਰ-ਘਰ ਪਹੁੰਚਾਉਣ ਦੀ ਸ਼ੁਰੂਆਤ ਕੀਤੀ ➢ ਭਗਵੰਤ ਮਾਨ ਨੇ ਜੋ ਕਿਹਾ ਉਸ ਤੋਂ ਵੀ ਵੱਧ ਕਰਕੇ ਦਿਖਾਇਆ- ਡਾ. ਬਲਬੀਰ ਸਿੰਘ

ਪਟਿਆਲਾ, 25 ਸਤੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਮਾਨ ਦੇ ਮੁਨਾਫ਼ਿਆਂ' ਨੇ ਪੰਜਾਬ ਵਾਸੀ ਹਰ ਪੱਖੋਂ ਸੁਖਾਲੇ ਕਰ ਦਿੱਤੇ ਹਨ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜੋ ਕਿਹਾ ਸੀ ਉਸ ਤੋਂ ਵੀ ਵੱਧ ਕਰਕੇ ਦਿਖਾਇਆ ਹੈ ਜਿਸ ਕਰਕੇ ਵਿਰੋਧੀ ਪਾਰਟੀਆਂ ਕੋਲ ਮਾਨ ਸਰਕਾਰ ਵਿਰੁੱਧ ਬੋਲਣ ਨੂੰ ਹੁਣ ਕੁਝ ਨਹੀਂ ਬਚਿਆ ਹੈ। ਇਹ ਪ੍ਰਗਟਾਵਾ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਅਪਣੇ ਹਲਕੇ ਪਟਿਆਲਾ ਦਿਹਾਤੀ 'ਚ ਆਪ ਸਰਕਾਰ ਵੱਲੋਂ ਕੀਤੇ ਕੰਮਾਂ ਨੂੰ 'ਮਾਨ ਦੇ ਮੁਨਾਫ਼ੇ' ਤਹਿਤ ਘਰ-ਘਰ ਪਹੁੰਚਾਉਣ ਦੀ ਸ਼ੁਰੂਆਤ ਕਰਨ ਮੌਕੇ ਕੀਤਾ।

ਡਾ. ਬਲਬੀਰ ਸਿੰਘ ਸੋਮਵਾਰ ਸਵੇਰੇ ਵਾਰਡ ਨੰਬਰ 8, ਤ੍ਰਿਪੜੀ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਸ਼ਮੀਰੀਆਂ ਅਤੇ ਸਿੱਧ ਸ਼੍ਰੀ ਹਨੂਮਾਨ ਮੰਦਰ ਵਿਖੇ ਨਤਮਸਤਕ ਹੋਣ ਮਗਰੋਂ ਸਥਾਨਕ ਵਾਸੀਆਂ ਦੇ ਘਰ ਪਹੁੰਚੇ। ਉਨ੍ਹਾਂ 'ਮਾਨ ਦੇ ਮੁਨਾਫ਼ੇ' ਗਿਣਾਉਂਦਿਆਂ ਦੱਸਿਆ ਕਿ ਇੱਕ ਆਮ ਪੰਜਾਬੀ ਪਰਿਵਾਰ ਦਾ ਸਾਲਾਨਾ ਮੁਨਾਫ਼ਾ 1,82,000 ਰੁਪਏ ਹੈ, ਜਿਸ ਵਿੱਚ ਮਾਵਾਂ-ਧੀਆਂ ਸਤਿਕਾਰ ਯੋਜਨਾ, ਬਿਜਲੀ ਬਿੱਲ ਜ਼ੀਰੋ, ਮਹਿਲਾਵਾਂ ਨੂੰ ਮੁਫ਼ਤ ਬੱਸ ਸਫ਼ਰ, ਸਰਕਾਰੀ ਸਕੂਲ ਵਿੱਚ ਮੁਫ਼ਤ ਸਿੱਖਿਆ, ਬੁਢਾਪਾ ਪੈਨਸ਼ਨ, ਆਮ ਆਦਮੀ ਕਲੀਨਿਕ ਮੁਫ਼ਤ ਟੈਸਟ ਤੇ ਦਵਾਈਆਂ, ਰਾਸ਼ਨ, ਮੁਫ਼ਤ ਤੀਰਥ ਯਾਤਰਾ ਸਮੇਤ ਖੇਤੀ ਲਈ ਮੁਫ਼ਤ ਬਿਜਲੀ, ਅਸ਼ੀਰਵਾਦ ਸਕੀਮ ਆਦਿ ਨੇ ਹਰ ਪਰਿਵਾਰ ਨੂੰ ਲਾਭ ਪਹੁੰਚਾਇਆ ਹੈ। ਇਸ ਮੌਕੇ ਲੋਕਾਂ ਨੇ ਸਿਹਤ ਮੰਤਰੀ ਦਾ ਭਰਵਾਂ ਸਵਾਗਤ ਕਰਦਿਆਂ ਆਪਣੇ ਪਰਿਵਾਰ ਨੂੰ ਹੋਏ ਫਾਇਦਿਆਂ ਬਾਰੇ ਦੱਸਿਆ ਅਤੇ ਮਾਨ ਸਰਕਾਰ ਦੀ ਸ਼ਲਾਘਾ ਕੀਤੀ।

ਸਿਹਤ ਮੰਤਰੀ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਜਦੋਂ ਕੋਈ ਪਾਰਟੀ ਲੋਕਾਂ ਕੋਲ ਜਾ ਕੇ ਕੀਤੇ ਕੰਮਾਂ ਦਾ ਰਿਪੋਰਟ ਕਾਰਡ ਲੈਕੇ ਘਰ-ਘਰ ਜਾ ਰਹੀ ਹੋਵੇ। ਉਨ੍ਹਾਂ ਕਿਹਾ ਕਿ ਇਹ ਕੇਵਲ ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਸਦਕਾ ਹੀ ਸੰਭਵ ਹੋਇਆ ਹੈ ਉਨ੍ਹਾਂ ਕਿਹਾ ਕਿ ਕੱਲ੍ਹ ਸਾਡੇ ਮੁੱਖ ਮੰਤਰੀ ਭਗਵੰਤ ਮਾਨ ਲੋਕਾਂ ਕੋਲ ਗਏ ਸਨ, ਅੱਜ ਸਾਰੇ ਮੰਤਰੀਆਂ ਨੇ ਲੋਕਾਂ ਤੱਕ ਪਹੁੰਚ ਕੀਤੀ ਹੈ ਤੇ ਕੱਲ੍ਹ ਨੂੰ ਸਾਰੇ ਆਪ ਵਿਧਾਇਕਾਂ ਤੇ ਹਲਕਾ ਇੰਚਾਰਜਾਂ ਨੇ ਲੋਕਾਂ ਕੋਲ ਜਾਣਾ ਹੈ ਅਤੇ ਫੇਰ ਸਾਡੇ ਬਲਾਕ ਪ੍ਰਧਾਨ, ਚੇਅਰਮੈਨ, ਸਾਰੇ ਅਹੁਦੇਦਾਰ ਤੇ 2.68 ਲੱਖ ਵਲੰਟੀਅਰ ਹਨ ਜੋਕਿ 65 ਲੱਖ ਪਰਿਵਾਰਾਂ ਦੇ ਹਰ ਘਰ-ਘਰ ਜਾਣਗੇ।ਉਨ੍ਹਾਂ ਕਿਹਾ ਕਿ ਹੁਣ ਵਿਰੋਧੀ ਪਾਰਟੀਆਂ ਕੋਲ ਸਾਡੀ ਆਮ ਆਦਮੀ ਪਾਰਟੀ ਦੀ ਸਰਕਾਰ ਵਿਰੁੱਧ ਬੋਲਣ ਲਈ ਕੁਝ ਨਹੀਂ ਬਚਿਆ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਹਰਪਾਲ ਸਿੰਘ ਵਿਰਕ, ਜ਼ਿਲ੍ਹਾ ਪ੍ਰਧਾਨ ਮੁਕਤਾ ਗੁਪਤਾ, ਕਰਨਲ ਜੇਵੀ, ਜਸਬੀਰ ਸਿੰਘ ਗਾਂਧੀ, ਸੁਰੇਸ਼ ਰਾਏ, ਕੌਂਸਲਰ ਜਤਿੰਦਰ ਕੌਰ ਐਸਕੇ ਚਰਨਜੀਤ ਸਿੰਘ ਸ਼ੰਕਰ ਖੁਰਾਣਾ, ਨਿਤਿਨ ਖੁਰਾਣਾ, ਦੀਪਕ ਮਿੱਤਲ, ਭੁਪਿੰਦਰ ਸਿੰਘ ਨੰਬਰਦਾਰ, ਗੱਜਣ ਸਿੰਘ, ਹਰੀਸ਼, ਰਵਿੰਦਰ ਰਵੀ, ਨੀਰਜ ਕੁਮਾਰ, ਬਬਲੀ ਕੌਰ, ਭਾਰਤੀ, ਸ਼ਸ਼ੀ, ਹਰਬੰਸ ਸਿੰਘ ਫੌਜੀ, ਅਰਸ਼ਦੀਪ ਸਿੰਘ, ਅਵਤਾਰ ਸਿੰਘ, ਰਣਜੀਤ ਸਿੰਘ ਝਿਲ ਸਮੇਤ ਵੱਡੀ ਗਿਣਤੀ ਵਲੰਟੀਅਰ ਤੇ ਸਥਾਨਕ ਲੋਕ ਹਾਜ਼ਰ ਸਨ।

ਪਟਿਆਲਾ ਜ਼ਿਲ੍ਹੇ ਦੇ ਪਿੰਡਾਂ 'ਚ ਸਵੱਛਤਾ ਹੀ ਸੇਵਾ 2026 ਮੁਹਿੰਮ ਦਾ ਆਗਾਜ਼

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਏ.ਡੀ.ਸੀ. (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ ਨੇ ਦੱਸਿਆ ਹੈ ਕਿ ਅੱਜ ਪਟਿਆਲਾ ਜ਼ਿਲ੍ਹੇ ਦੇ ਪਿੰਡਾਂ 'ਚ ਸਵੱਛਤਾ ਹੀ ਸੇਵਾ 2026 ਮੁਹਿੰਮ ਦਾ ਆਗਾਜ਼ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਾਰੀਆਂ ਗ੍ਰਾਮ ਪੰਚਾਇਤਾਂ ਇਸ ਦੌਰਾਨ ਅਹਿਮ ਭੂਮਿਕਾ ਨਿਭਾਉਣਗੀਆਂ। ਏਡੀਸੀ ਮਾਨ ਨੇ ਕਿਹਾ ਕਿ 17 ਸਤੰਬਰ ਤੋਂ ਸ਼ੁਰੂ ਹੋਈਆਂ ਵਿਸ਼ੇਸ਼ ਸਫ਼ਾਈ ਤੇ ਜਾਗਰੂਕਤਾ ਗਤੀਵਿਧੀਆਂ 2 ਅਕਤੂਬਰ ਤੱਕ ਚੱਲਣਗੀਆਂ।

ਇਸ ਮੌਕੇ ਡੀ.ਐੱਸ.ਓ. ਰਸ਼ਪਿੰਦਰ ਸਿੰਘ ਦੀ ਦੇਖ-ਰੇਖ ਹੇਠ ਅੱਜ ਜ਼ਿਲ੍ਹਾ ਪ੍ਰੀਸ਼ਦ, ਪਟਿਆਲਾ ਵਿਖੇ ਜ਼ਿਲ੍ਹਾ ਪੱਧਰੀ ਸਵੱਛਤਾ ਹੀ ਸੇਵਾ 2026 ਮੁਹਿੰਮ ਦੀ ਰਸਮੀ ਸ਼ੁਰੂਆਤ ਕੀਤੀ ਗਈ। ਇਸ ਸਮਾਰੋਹ ਵਿੱਚ ਐੱਸ.ਡੀ.ਐੱਮ. ਸਮਾਨਾ ਰਿਚਾ ਗੋਇਲ, ਡਿਪਟੀ ਸੀ.ਈ.ਓ. ਅਮਨਦੀਪ ਕੌਰ ਅਤੇ ਡੀ.ਡੀ.ਪੀ.ਓ. ਮਹਿੰਦਰ ਸਿੰਘ ਸਮੇਤ ਸਮੂਹ ਬਲਾਕਾਂ ਨਾਭਾ, ਸਮਾਣਾ, ਰਾਜਪੁਰਾ, ਸਨੌਰ, ਪਾਤੜਾਂ, ਭੁਨਰਹੇੜੀ, ਘਨੌਰ, ਸ਼ੰਭੂ ਕਲਾਂ ਅਤੇ ਪਟਿਆਲਾ ਦੇ ਬੀ.ਡੀ.ਪੀ.ਓਜ਼ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਸਮਾਜਿਕ ਸਟਾਫ਼ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਇਸ ਸ਼ੁਰੂਆਤ ਦੇ ਨਾਲ ਹੀ ਪਟਿਆਲਾ ਜ਼ਿਲ੍ਹੇ ਦੇ ਪਿੰਡਾਂ ਵਿੱਚ 'ਸਵੱਛਤਾ ਹੀ ਸੇਵਾ 2026' ਤਹਿਤ ਗਤੀਵਿਧੀਆਂ ਦਾ ਆਗਾਜ਼ ਹੋ ਗਿਆ ਹੈ ਅਤੇ ਇਹ ਮੁਹਿੰਮ (ਗਾਂਧੀ ਜਯੰਤੀ) ਤੱਕ ਨਿਰੰਤਰ ਜਾਰੀ ਰਹੇਗੀ। ਮੁਹਿੰਮ ਦਾ ਮੁੱਖ ਉਦੇਸ਼ ਪਿੰਡਾਂ ਵਿੱਚ ਸਾਂਝੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ, ਗ੍ਰਾਮ ਪੰਚਾਇਤਾਂ ਅਤੇ ਲੋਕਾਂ ਦੀ ਭਾਗੀਦਾਰੀ ਵਧਾਉਣਾ, ਪੇਂਡੂ ਕੂੜੇ ਦਾ ਸਹੀ ਨਿਪਟਾਰਾ (ਠੋਸ ਤੇ ਤਰਲ ਰਹਿੰਦ-ਖੂੰਹਦ ਦਾ ਪ੍ਰਬੰਧਨ) ਅਤੇ ਜਨਤਕ ਜਾਗਰੂਕਤਾ ਪੈਦਾ ਕਰਨਾ ਹੈ।

ਵਧੀਕ ਡਿਪਟੀ ਕਮਿਸ਼ਨਰ ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ 2 ਅਕਤੂਬਰ ਤੱਕ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿੱਚ ਸਫ਼ਾਈ ਮੁਹਿੰਮਾਂ, ਜਾਗਰੂਕਤਾ ਰੈਲੀਆਂ ਅਤੇ ਗ੍ਰਾਮ ਸਭਾਵਾਂ ਦੇ ਸਹਿਯੋਗ ਨਾਲ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣਗੇ ਤਾਂ ਜੋ ਪੂਰੇ ਪੇਂਡੂ ਪਟਿਆਲਾ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਸਿਹਤਮੰਦ ਬਣਾਇਆ ਜਾ ਸਕੇ।

ਪਟਿਆਲਾ ਨਗਰ ਨਿਗਮ ਚੋਣਾਂ ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਲੋਕਤੰਤਰ ਦੀ ਵੱਡੀ ਜਿੱਤ: ਜੈ ਇੰਦਰ ਕੌਰ

ਸੁਪਰੀਮ ਕੋਰਟ ਵਲੋਂ 'ਆਪ' ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਪਟਿਆਲਾ ਨਿਗਮ ਚੋਣਾਂ ਦੁਬਾਰਾ ਕਰਵਾਉਣ ਦੇ ਨਿਰਦੇਸ਼

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਜੈ ਇੰਦਰ ਕੌਰ ਨੇ ਪਟਿਆਲਾ ਨਗਰ ਨਿਗਮ ਚੋਣਾਂ ਸਬੰਧੀ ਮਾਣਯੋਗ ਸੁਪਰੀਮ ਕੋਰਟ ਵੱਲੋਂ ਸੁਣਾਏ ਗਏ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਇਸ ਫ਼ੈਸਲੇ ਨੂੰ ਲੋਕਤੰਤਰ ਅਤੇ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਦੀ ਵੱਡੀ ਜਿੱਤ ਕਰਾਰ ਦਿੱਤਾ।

ਜੈ ਇੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਟਿਆਲਾ ਕਾਰਪੋਰੇਸ਼ਨ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੀ ਗਈ ਧੱਕੇਸ਼ਾਹੀ ਅਤੇ ਸ਼ਰੇਆਮ ਗੁੰਡਾਗਰਦੀ ਤੋਂ ਪੂਰਾ ਪੰਜਾਬ ਭਲੀ-ਭਾਂਤ ਜਾਣੂ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਸ਼ਹਿ ਪ੍ਰਾਪਤ ਅਨਸਰਾਂ ਵੱਲੋਂ ਵਿਰੋਧੀ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਪਾੜੇ ਗਏ, ਉਨ੍ਹਾਂ ਨੂੰ ਕਾਗਜ਼ ਭਰਨ ਤੋਂ ਰੋਕਿਆ ਗਿਆ ਅਤੇ ਲੋਕਤੰਤਰੀ ਮਰਿਆਦਾਵਾਂ ਦੀਆਂ ਧੱਜੀਆਂ ਉਡਾਈਆਂ ਗਈਆਂ।

ਉਨ੍ਹਾਂ ਦੱਸਿਆ ਕਿ ਇਸ ਧੱਕੇਸ਼ਾਹੀ ਵਿਰੁੱਧ ਪਹਿਲਾਂ ਹਾਈ ਕੋਰਟ ਅਤੇ ਬਾਅਦ ਵਿੱਚ ਸੁਪਰੀਮ ਕੋਰਟ ਦਾ ਰੁੱਖ ਕੀਤਾ ਗਿਆ ਸੀ। ਮਾਣਯੋਗ ਸੁਪਰੀਮ ਕੋਰਟ ਵੱਲੋਂ ਮਾਮਲੇ ਦੀ ਨਿਰਪੱਖ ਜਾਂਚ ਲਈ ਹਾਈ ਕੋਰਟ ਦੇ ਸਾਬਕਾ ਜਸਟਿਸ ਨਿਰਮਲਜੀਤ ਕੌਰ ਦੀ ਅਗਵਾਈ ਹੇਠ ਇਕ 'ਫ਼ੈਕਟ ਫਾਈਂਡਿੰਗ ਕਮੇਟੀ' ਦਾ ਗਠਨ ਕੀਤਾ ਗਿਆ ਸੀ। ਅੱਜ ਕਮੇਟੀ ਵੱਲੋਂ ਆਪਣੀ ਜਾਂਚ ਰਿਪੋਰਟ ਸੁਪਰੀਮ ਕੋਰਟ ਵਿੱਚ ਸੌਂਪੇ ਜਾਣ ਤੋਂ ਬਾਅਦ ਅਦਾਲਤ ਨੇ ਚੋਣਾਂ ਦੁਬਾਰਾ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ ਅਤੇ ਪੰਜਾਬ ਰਾਜ ਚੋਣ ਕਮਿਸ਼ਨ ਤੇ ਪੰਜਾਬ ਚੀਫ ਸੈਕਟਰੀ ਨੂੰ 28 ਸਤੰਬਰ ਤੱਕ ਜਵਾਬ ਤਲਬ ਕੀਤਾ ਹੈ। ਜੈ ਇੰਦਰ ਕੌਰ ਨੇ ਆਖਿਆ, ਇਹ ਫ਼ੈਸਲਾ ਪਟਿਆਲਾ ਦੇ ਹਰ ਉਸ ਜਾਗਰੂਕ ਨਾਗਰਿਕ ਦੀ ਜਿੱਤ ਹੈ, ਜੋ ਆਪਣੇ ਵੋਟ ਦੇ ਅਧਿਕਾਰ ਅਤੇ ਨਿਰਪੱਖ ਲੋਕਤੰਤਰ ਦੀ ਬਹਾਲੀ ਲਈ ਡਟ ਕੇ ਖੜ੍ਹਾ ਰਿਹਾ। ਹੁਣ ਪਟਿਆਲਾ ਦੇ ਲੋਕ ਬਿਨਾਂ ਕਿਸੇ ਡਰ ਜਾਂ ਦਬਾਅ ਦੇ ਆਪਣੀ ਵੋਟ ਦੀ ਵਰਤੋਂ ਕਰਕੇ ਆਪਣੀ ਪਸੰਦ ਦੀ ਨਗਰ ਨਿਗਮ ਅਤੇ ਮੇਅਰ ਦੀ ਚੋਣ ਕਰਨਗੇ। ਅੰਤ ਵਿੱਚ, ਜੈ ਇੰਦਰ ਕੌਰ ਨੇ 'ਆਪ' ਸਰਕਾਰ ਦੀਆਂ ਲੋਕਤੰਤਰ ਵਿਰੋਧੀ ਨੀਤੀਆਂ ਦੀ ਨਿਖੇਧੀ ਕੀਤੀ ਅਤੇ ਦਿਨ-ਰਾਤ ਗੁੰਡਾਗਰਦੀ ਖ਼ਿਲਾਫ਼ ਸੰਘਰਸ਼ ਕਰਨ ਵਾਲੇ ਭਾਰਤੀ ਜਨਤਾ ਪਾਰਟੀ ਦੇ ਹਰ ਇਕ ਆਗੂ ਤੇ ਵਰਕਰ ਦਾ ਧੰਨਵਾਦ ਕੀਤਾ।

ਢੀਂਗਰਾ ਪਰਿਵਾਰ ਵੱਲੋਂ ਗਣਪਤੀ ਮਹੋਤਸਵ ਬੜੀ ਧੂਮਧਾਮ ਨਾਲ ਮਨਾਇਆ ਗਿਆ।

ਨਾਭਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਾਭਾ ਦੇ ਹੀਰਾ ਮਹਿਲ ਵਿਖੇ ਸਥਿਤ ਢੀਂਗਰਾ ਪਰਿਵਾਰ ਦੀ ਧੀ ਦੀਕਸ਼ਾ ਢੀਂਗਰਾ ਦੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿਛਲੇ 9 ਸਾਲਾਂ 'ਚ 10ਵੀਂ ਵਾਰ ਗਣਪਤੀ ਮਹੋਤਸਵ ਧੂਮਧਾਮ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਭਜਨ ਗਾਇਕ ਸ਼੍ਰੀਕਾਂਤ ਯੂਵੀ ਸ਼ਰਮਾ ਨੇ ਆਪਣੀ ਸੁਰੀਲੀ ਆਵਾਜ਼ ਨਾਲ ਸੰਗਤਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ । ਇਸ ਮੌਕੇ ਘਰ ਦੀ ਬੇਟੀ ਦੀਕਸ਼ਾ ਢੀਂਗਰਾ ਨੇ ਦੱਸਿਆ ਕਿ ਪਿਛਲੇ 7 ਦਿਨਾਂ ਤੋਂ ਲਗਾਤਾਰ ਭਗਵਾਨ ਗਣੇਸ਼ ਦੀ ਪੂਜਾ ਕਰਨ ਤੋਂ ਬਾਅਦ ਉਨ੍ਹਾਂ ਦਾ ਵਿਸਰਜਨ ਕੀਤਾ ਗਿਆ ਅਤੇ ਅਗਲੇ ਸਾਲ ਦੁਬਾਰਾ ਆਉਣ ਦੀ ਅਰਦਾਸ ਕੀਤੀ ਗਈ। ਇਸ ਮੌਕੇ ਦੀਕਸ਼ਾ ਢੀਂਗਰਾ ਨੇ ਦੱਸਿਆ ਕਿ ਭਗਵਾਨ ਸ਼੍ਰੀ ਗਣੇਸ਼ ਜੀ ਪਿਛਲੇ 9 ਸਾਲਾਂ ਤੋਂ ਇਸ ਵਾਰ 10ਵੀਂ ਵਾਰ ਸਾਡੇ ਘਰ ਆਏ ਹਨ, ਜਿਸ ਲਈ ਸਾਡਾ ਪੂਰਾ ਪਰਿਵਾਰ ਹੱਥ ਜੋੜ ਸ਼ਰਧਾ ਨਾਲ ਉਨ੍ਹਾਂ ਦੀ ਪੂਜਾ ਕੀਤੀ ਅਤੇ ਅਗਲੇ ਸਾਲ ਉਨ੍ਹਾਂ ਦੇ ਦੁਬਾਰਾ ਆਉਣ ਦੀ ਅਰਦਾਸ ਕੀਤੀ। ਇਸ ਮੌਕੇ ਘਰ ਦੇ ਮੁੱਖੀ ਸੰਜੇ ਢੀਂਗਰਾ ਤੋਂ ਇਲਾਵਾ ਅੰਜੂ ਢੀਂਗਰਾ, ਹੰਸ ਰਾਜ ਬਾਂਗਾ, ਕ੍ਰਿਸ਼ਨਾ ਦੇਵੀ, ਦਿਨੇਸ਼ ਬਾਂਗਾ, ਪ੍ਰਦੀਪ ਬਾਂਗਾ, ਹਰਪ੍ਰੀਤ ਕੌਰ, ਪਲਕ , ਸੀਆ ਪਲਾਸ਼ੀ , ਭਾਵੀਸ਼ਾ ਬਾਂਗਾ, ਸੁਨੀਤਾ ਢੀਂਗਰਾ, ਗੁੰਗੂ ਢੀਂਗਰਾ, ਕਮਲੇਸ਼ ਢੀਂਗਰਾ ਆਦਿ ਹਾਜ਼ਰ ਸਨ। ਤਸਵੀਰ: ਢੀਂਗਰਾ ਪਰਿਵਾਰ ਵਿੱਚ ਗਣੇਸ਼ ਮਹੋਤਸਵ । ਪ੍ਰਸਿੱਧ ਭਜਨ ਗਾਇਕ ਸ਼੍ਰੀਕਾਂਤ ਯੂਵੀ ਸ਼ਰਮਾ ਆਪਣੇ ਭਜਨਾਂ ਨਾਲ ਸਮੂਹ ਸੰਗਤ ਨੂੰ ਮੰਤਰਮੁਗਧ ਕਰਦੇ ਹੋਏ।

ਇੱਕ ਦਰਜਨ ਪਿੰਡਾਂ ਵਿੱਚ ਟੀ ਬੀ ਦੇ ਮਰੀਜਾਂ ਨੂੰ ਖੁਰਾਕ ਕਿੱਟਾਂ ਦਿੱਤੀਆਂ

ਸੰਦੌੜ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜ ਸੇਵੀ ਅਤੇ ਸਿਹਤ ਕਰਮਚਾਰੀ ਸ੍ਰੀ ਰਾਜੇਸ਼ ਰਿਖੀ ਪੰਜਗਰਾਈਆਂ ਦੀ ਪ੍ਰੇਰਨਾ ਸਦਕਾ ਭਾਰਤ ਵਿਕਾਸ ਪ੍ਰੀਸ਼ਦ ਮਾਲੇਰਕੋਟਲਾ ਦੇ ਪ੍ਰੋਜੈਕਟ ਇੰਚਾਰਜ ਸ੍ਰੀ ਹੰਸ ਰਾਜ ਡੁਡੇਜਾ ਅਤੇ ਸ੍ਰੀ ਸੁਖਪਾਲ ਗਰਗ ਪੰਜਗਰਾਈਆਂ ਦੇ ਵਿਸ਼ੇਸ਼ ਉੱਦਮ ਸਦਕਾ ਸਮੂਹ ਮੈਂਬਰਾਂ ਵੱਲੋਂ ਸਿਹਤ ਬਲਾਕ ਫਤਿਹਗੜ੍ਹ ਪੰਜਗਰਾਈਆਂ ਅਧੀਨ ਆਉਂਦੇ ਪਿੰਡਾਂ ਦੇ ਵਿੱਚ ਟੀ. ਬੀ ਨਾਲ ਪੀੜਤ ਲੋੜਵੰਦ ਮਰੀਜਾਂ ਲਈ ਦਾਨ ਕੀਤੀਆਂ ਗਈਆਂ ਖੁਰਾਕ ਕਿੱਟਾਂ ਅੱਜ ਬਲਾਕ ਦੇ ਕਰੀਬ ਇੱਕ ਦਰਜਨ ਪਿੰਡਾਂ ਦੇ ਮਰੀਜਾਂ ਨੂੰ ਸੌਂਪੀਆਂ ਗਈਆਂ ਹਨ,ਬਲਾਕ ਬੀ ਈਂ ਈਂ ਹਰਪ੍ਰੀਤ ਕੌਰ ਨੇ ਦੱਸਿਆ ਕਿ ਸਿਵਲ ਸਰਜਨ ਡਾ. ਪ੍ਰਦੀਪ ਕੁਮਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜੀ ਐਸ ਭਿੰਡਰ ਦੀ ਅਗਵਾਈ ਹੇਠ ਕਿੱਟਾਂ ਪਿੰਡ ਮਹੋਲੀ ਖੁਰਦ, ਕਲਿਆਣ,ਮੰਦੇਵੀ,ਕੰਗਣਵਾਲ, ਚਾਂਗਲੀ, ਦੁਲਮਾਂ, ਰੋਹੀੜਾ,ਜੰਡਾਲੀ, ਤੱਖਰ ਸਮੇਤ ਕਈ ਪਿੰਡਾਂ ਦੇ ਲੋੜਵੰਦ ਮਰੀਜਾਂ ਦੇ ਪਰਿਵਾਰਾਂ ਨੂੰ ਦਿੱਤੀਆਂ ਗਈਆਂ,ਇਸ ਮੌਕੇ ਗੱਲਬਾਤ ਕਰਦਿਆਂ ਐਸ ਐਮ ਓ ਡਾ. ਜੀ ਐਸ ਭਿੰਡਰ ਨੇ ਕਿਹਾ ਕਿ ਟੀ. ਬੀ ਦੇ ਮਰੀਜ ਨੂੰ ਚੰਗੀ ਖੁਰਾਕ ਦੀ ਲੋੜ ਹੁੰਦੀ ਹੈ ਇਸ ਲਈ ਉਹਨਾਂ ਦੀ ਮਦਦ ਲਈ ਦਾਨੀ ਸੱਜਣਾਂ ਵੱਲੋਂ ਇਹ ਸੇਵਾ ਕੀਤੀ ਗਈ ਹੈ,ਜਿਸਨੂੰ ਨਿਕਸ਼ੇ ਮਿੱਤਰ ਸਕੀਮ ਤਹਿਤ ਰਜਿਸਟਰਡ ਕੀਤਾ ਜਾਵੇਗਾ।

ਉਹਨਾਂ ਕਿਹਾ ਕੇ ਹੋਰ ਵੀ ਸਮਾਜ ਸੇਵੀ ਇਸ ਸੇਵਾ ਲਈ ਅੱਗੇ ਆਉਣ,ਇਸ ਮੌਕੇ ਗੱਲਬਾਤ ਕਰਦਿਆਂ ਸ੍ਰੀ ਰਾਜੇਸ਼ ਰਿਖੀ ਨੇ ਦੱਸਿਆ ਕਿ ਸਿਵਲ ਸਰਜਨ ਮਾਲੇਰਕੋਟਲਾ ਡਾ.ਪ੍ਰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜੀ. ਐਸ ਭਿੰਡਰ, ਜਿਲਾ ਐਪੀਡੀਮਾਲੋਜਿਸਟ ਡਾ. ਮੁਨੀਰ ਮੁਹੰਮਦ ਦੀ ਅਗਵਾਈ ਹੇਠ ਟੀ ਬੀ ਮਰੀਜਾਂ ਲਈਂ ਇਹ ਸੇਵਾ ਮਾਨਵਤਾ ਦੀ ਭਲਾਈ ਦੇ ਤੌਰ ਤੇ ਕੀਤੀ ਜਾ ਰਹੀ ਹੈ, ਜੋ ਅੱਗੇ ਵੀ ਜਾਰੀ ਰਹੇਗੀ।

ਉਹਨਾਂ ਕਿਹਾ ਕਿ ਨਿਕਸ਼ੇ ਮਿੱਤਰਾ ਤਹਿਤ ਹੋਰ ਵੀ ਦਾਨੀ ਸੱਜਣ ਲੋੜਵੰਦ ਟੀ ਬੀ ਮਰੀਜਾਂ ਦੀ ਸੇਵਾ ਲਈਂ ਅੱਗੇ ਆ ਸਕਦੇ ਹਨ ,ਇਸ ਮੌਕੇ ਬਲਾਕ ਬੀ ਈ ਈ ਹਰਪ੍ਰੀਤ ਕੌਰ,ਰਾਜੇਸ਼ ਰਿਖੀ,ਡਾ. ਗੁਰਰਾਜਕਮਲ ਕੌਰ,ਚਮਕੌਰ ਸਿੰਘ ਸੰਦੌੜ, ਤਰਸੇਮ ਸਿੰਘ ਬਿਸ਼ਨਗੜ੍ਹ,ਐਲ. ਟੀ ਅਮਰੀਕ ਸਿੰਘ ਕੁਠਾਲਾ ਅਤੇ ਸੰਬੰਧਤ ਪਿੰਡਾਂ ਦੀਆਂ ਆਸ਼ਾ ਵੀ ਹਾਜ਼ਰ ਸਨ।.

ਗੁਰੂ ਨਾਨਕ ਪਬਲਿਕ ਸਕੂਲ ਵਿੱਚ ਸੀ.ਬੀ.ਐੱਸ.ਈ. ਸਮਰੱਥਾ ਨਿਰਮਾਣ ਪ੍ਰੋਗਰਾਮ ਕਰਵਾਇਆ

ਲੁਧਿਆਣਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੁਰੂ ਨਾਨਕ ਪਬਲਿਕ ਸਕੂਲ, ਸਰਾਭਾ ਨਗਰ ਵਿਖੇ ਬੀਤੇ ਦਿਨੀਂ ਕੌਸ਼ਲ ਬੋਧ ਅਤੇ ਕੌਸ਼ਲ ਵਿਕਾਸ ਵਿਸ਼ੇ 'ਤੇ ਸੀ.ਬੀ.ਐੱਸ.ਈ. ਸਮਰੱਥਾ ਨਿਰਮਾਣ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਵਿੱਚ 14 ਸਕੂਲਾਂ ਦੇ 64 ਸਿੱਖਿਅਕਾਂ ਨੇ ਭਾਗ ਲਿਆ।

ਪ੍ਰੋਗਰਾਮ ਦਾ ਸੰਚਾਲਨ ਡਾ. ਗਿਨਾਕਸ਼ੀ ਕਪੂਰ, ਪ੍ਰਿੰਸੀਪਲ ਜੀ.ਐੱਨ.ਪੀ.ਐੱਸ. ਅਤੇ ਡਾ. ਨਿਖਿਲ ਸ਼ਰਮਾ, ਸੀਨੀਅਰ ਅਕਾਦਮਿਕ ਸੁਪਰਵਾਈਜ਼ਰ, ਬੀ.ਸੀ.ਐੱਮ. ਆਰੀਆ ਮਾਡਲ ਸਕੂਲ ਵੱਲੋਂ ਕੀਤਾ ਗਿਆ। ਪ੍ਰੋਫੈਸਰ ਰਵਿੰਦਰ ਪਾਲ ਸਿੰਘ, ਐਡੀਸ਼ਨਲ ਡਾਇਰੈਕਟਰ, ਹੁਨਰ ਸਿੱਖਿਆ ਵਿਭਾਗ ਨੇ ਪ੍ਰੇਰਨਾਦਾਇਕ ਸੈਸ਼ਨ ਦੌਰਾਨ ਅਧਿਆਪਕਾਂ ਨੂੰ ਵਿਦਿਆਰਥੀਆਂ ਦੀਆਂ ਵਿਲੱਖਣ ਸਮਰੱਥਾਵਾਂ ਪਛਾਨਣ ਅਤੇ ਹੁਨਰ-ਅਧਾਰਤ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਪ੍ਰੇਰਿਤ ਕੀਤਾ।

ਚਾਰ ਇੰਟਰਐਕਟਿਵ ਸੈਸ਼ਨਾਂ ਦੌਰਾਨ ਸਿਹਤ ਕੈਂਪ ਡਿਜ਼ਾਈਨਿੰਗ, ਮਿੱਟੀ ਮੋਲਡਿੰਗ, ਰਿਪੋਰਟ ਕਾਰਡ ਤਿਆਰ ਕਰਨਾ, ਮਿੱਟੀ ਦੇ pH ਟੈਸਟ ਅਤੇ ਕੱਪੜਿਆਂ ਦੀਆਂ ਸਮੱਗਰੀਆਂ ਦੀ ਪਛਾਣ ਵਰਗੀਆਂ ਵਿਹਾਰਕ ਗਤੀਵਿਧੀਆਂ ਕਰਵਾਈਆਂ ਗਈਆਂ। ਸਕੂਲ ਦੇ ਬੋਟੈਨੀਕਲ ਗਾਰਡਨ ਦੀ ਫੇਰੀ ਨੇ ਅਨੁਭਵੀ ਸਿੱਖਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ।

ਸਮਾਪਤੀ ਮੌਕੇ ਡਾ. ਗਿਨਾਕਸ਼ੀ ਕਪੂਰ ਵੱਲੋਂ ਡਾ. ਨਿਖਿਲ ਸ਼ਰਮਾ ਨੂੰ ਉਨ੍ਹਾਂ ਦੇ ਯੋਗਦਾਨ ਲਈ ਪ੍ਰਸ਼ੰਸਾ ਪੱਤਰ ਭੇਟ ਕੀਤਾ ਗਿਆ। ਪ੍ਰੋਗਰਾਮ ਨੇ ਇਸ ਸੰਦੇਸ਼ ਨੂੰ ਉਜਾਗਰ ਕੀਤਾ ਕਿ ਗਿਆਨ ਪ੍ਰੀਖਿਆ ਵਿੱਚ ਸਫਲਤਾ ਦਿਵਾ ਸਕਦਾ ਹੈ, ਪਰ ਹੁਨਰ ਵਿਦਿਆਰਥੀਆਂ ਨੂੰ ਜੀਵਨ ਵਿੱਚ ਸਫਲ ਹੋਣ ਲਈ ਤਿਆਰ ਕਰਦੇ ਹਨ।

ਸੁੱਖ ਨਾਗਰਾ ਯੂ.ਐਸ.ਏ. ਵੱਲੋਂ ਆਪਣੇ ਪਿੰਡ ਹੈਡੋ ਬੇਟ ਦੇ ਦੰਗਲ ਮੇਲੇ ਤੇ ਪਹਿਲਵਾਨਾਂ ਨੂੰ ਵੰਡੇ ਹਜਾਰਾਂ ਰੁਪਏ

ਮਾਛੀਵਾੜਾ ਸਾਹਿਬ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਵੱਡੇ ਮੇਲਿਆਂ ਵਿੱਚ ਸ਼ੁਮਾਰ ਹੈਡੋ ਬੇਟ ਦਾ ਦੰਗਲ ਮੇਲਾ ਪਿਛਲੇ ਸਾਰੇ ਰਿਕਾਰਡ ਤੋੜਦਾ ਹੋਇਆ ਯਾਦਗਾਰੀ ਹੋ ਨਿਬੜਿਆ । ਇਸ ਦੰਗਲ ਮੇਲੇ ਵਿੱਚ ਜਿੱਥੇ ਸਮੁੱਚੇ ਨਗਰ ਇਲਾਕੇ ਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਲੱਖਾਂ ਰੁਪਏ ਇਨਾਮ ਦਿੱਤੇ ਗਏ ,ਉੱਥੇ ਹੀ ਪਿੰਡ ਦੇ ਨੌਜਵਾਨ ਸੁੱਖ ਨਾਗਰਾ ਸਪੁੱਤਰ ਨਿਸਾ ?ਨ ਸਿੰਘ ਨਾਗਰਾ ਹੈਡੋਂ ਬੇਟ ਵਾਸੀ ਯੂ.ਐੱਸ.ਏ. ਵੱਲੋਂ ਹਰ ਸਾਲ ਦੀ ਤਰ੍ਹਾਂ ਆਪਣੇ ਪਰਿਵਾਰ ਦੇ ਸਹਿਯੋਗ ਨਾਲ ਹਰ ਕੁਸ਼ਤੀ ਤੇ ਹਜ਼ਾਰ -ਹਜ਼ਾਰ ਰੁਪਏ ਵਿਸ਼ੇਸ਼ ਤੌਰ ਤੇ ਪਹਿਲਵਾਨਾਂ ਨੂੰ ਦਾਨ ਵਜੋਂ ਦਿੱਤਾ ਗਿਆ। ਸੁੱਖ ਨਾਗਰਾ ਯੂ.ਐਸ.ਏ. ਬੈਠਾ ਮੇਲੇ ਦਾ ਲਾਈਵ ਨਜ਼ਾਰਾ ਤੱਕ ਰਿਹਾ ਸੀ ।

ਪੰਥਕ ਸਿਆਸਤ ਦੀ ਖਾਲੀ ਥਾਂ ਨੂੰ ਭਰਨ ਲਈ ਅਕਾਲੀ ਦਲ ਵਾਰਸ ਪੰਜਾਬ ਦੇ ਸਰਗਰਮ : ਵਿਧਾਇਕ ਮਨਪ੍ਰੀਤ ਸਿੰਘ ਇਆਲੀ

ਲੁਧਿਆਣਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡੇਹਲੋਂ ਤੇ ਗੋਪਾਲਪੁਰ ਵਿਖੇ ਅਕਾਲੀ ਦਲ ਵਾਰਸ ਪੰਜਾਬ ਦੇ ਵੱਲੋਂ ਮੀਟਿੰਗਾਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਨਗਰ ਨਿਵਾਸੀਆਂ, ਪਾਰਟੀ ਵਰਕਰਾਂ, ਨੌਜਵਾਨਾਂ ਅਤੇ ਬਜ਼ੁਰਗਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਪੁਰਾਣੀ ਅਕਾਲੀ ਲੀਡਰਸ਼ਿਪ ਵੱਲੋਂ ਪੰਥਕ ਮੁੱਦਿਆਂ ਤੋਂ ਦੂਰੀ ਬਣਾਉਣ ਕਾਰਨ ਪੰਥਕ ਸਿਆਸਤ ਵਿੱਚ ਖਾਲੀ ਥਾਂ ਪੈਦਾ ਹੋਈ ਹੈ। ਉਨ੍ਹਾਂ ਕਿਹਾ ਕਿ ਬੇਅਦਬੀ, ਡੇਰਾ ਮਾਮਲੇ ਅਤੇ ਹੋਰ ਫੈਸਲਿਆਂ ਕਾਰਨ ਪੰਥਕ ਹਲਕਿਆਂ ਵਿੱਚ ਨਾਰਾਜ਼ਗੀ ਵਧੀ। ਉਨ੍ਹਾਂ ਕਿਸਾਨ ਸੰਘਰਸ਼ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਵਰਗਾਂ ਨੇ ਖੇਤੀ ਕਾਨੂੰਨਾਂ ਵਿਰੁੱਧ ਵੱਡਾ ਸੰਘਰਸ਼ ਕੀਤਾ।

ਇਆਲੀ ਨੇ ਕਿਹਾ ਕਿ ਅਕਾਲੀ ਦਲ ਵਾਰਸ ਪੰਜਾਬ ਦੇ ਵੱਲੋਂ ਪੰਜਾਬ ਦੇ ਹੱਕਾਂ, ਪੰਥਕ ਮੁੱਦਿਆਂ ਅਤੇ ਸੂਬੇ ਦੇ ਭਵਿੱਖ ਨਾਲ ਜੁੜੇ ਮਸਲਿਆਂ ਨੂੰ ਲੈ ਕੇ ਪਿੰਡ ਪੱਧਰ ਤੱਕ ਲੋਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਜਥੇਬੰਦੀ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਲਈ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ।

ਚੰਨੀ ਦੀ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਨੂੰ ਪੰਜਾਬ ਦੇ ਲੋਕਾਂ ਕਰ ਰਹੇ ਹਨ ਚੇਤੇ : ਚੇਅਰਮੈਨ ਬਲਵਿੰਦਰ ਸਿੰਘ ਬੰਬ /ਬਲਾਕ ਚੇਅਰਮੈਨ ਪ੍ਰੀਤਮ ਸਿੰਘ

ਮਾਛੀਵਾੜਾ ਸਾਹਿਬ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਲੋਕਾਂ ਨੂੰ ਚੰਗਾ ਸਾਸਨ ਤੇ ਪ੍ਰਸ਼ਾਸਨ ਜੇ ਕੋਈ ਪਾਰਟੀ ਦੇ ਸਕਦੀ ਹੈ ਤਾਂ ਉਹ ਸਿਰਫ ਤੇ ਸਿਰਫ ਕਾਂਗਰਸ ਪਾਰਟੀ ਪੰਜਾਬ ਦੇ ਲੋਕਾਂ ਨੂੰ ਦੇ ਸਕਦੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਲਵਿੰਦਰ ਸਿੰਘ ਬੰਬ ਚੇਅਰਮੈਨ ਐਸ ਸੀ ਡਿਪਾਰਟਮੈਂਟ ਜ਼ਿਲ੍ਹਾ ਕਾਂਗਰਸ ਕਮੇਟੀ ਅਤੇ ਬਲਾਕ ਚੇਅਰਮੈਨ ਪ੍ਰੀਤਮ ਸਿੰਘ ਖਾਨਪੁਰ ਨੇ ਗੱਲਬਾਤ ਕਰਦਿਆਂ ਹੋਇਆਂ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਕੀਤੇ ਗਏ ਕੰਮਾਂ ਨੂੰ ਚੇਤੇ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਆਪਣੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਲੱਖਾਂ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਹੋਇਆਂ ਜਿਨਾਂ ਖਪਤਕਾਰਾਂ ਵੱਲ ਬਿਜਲੀ ਬੋਰਡ ਮਹਿਕਮੇ ਦਾ ਕਰੋੜਾਂ ਰੁਪਏ ਦਾ ਬਕਾਇਆ ਖੜਾ ਸੀ ਉਸ ਮਸਲੇ ਨੂੰ ਹੱਲ ਕਰਦਿਆਂ 2 ਕਿਲੋਵਾਟ ਤੱਕ ਲੋਡ ਵਾਲੇ ਹਰ ਵਰਗ ਦੇ ਘਰੇਲੂ ਬਿਜਲੀ ਖਪਤਕਾਰਾਂ ਦੇ ਬਕਾਏ ਮੁਆਫ ਕੀਤੇ ਗਏ ਸਨ ਜਿਸ ਨਾਲ 20 ਲੱਖ ਤੋਂ ਵੱਧ ਪਰਿਵਾਰਾਂ ਨੂੰ 1500 ਕਰੋੜ ਰੁਪਏ ਦੀ ਰਾਹਤ ਨਾਲ ਵੱਡਾ ਲਾਭ ਹੋਇਆ ਸੀ। ਬਲਵਿੰਦਰ ਸਿੰਘ ਬੰਬ ਨੇ ਕਿਹਾ ਕਿ ਇਸ ਫੈਸਲੇ ਨਾਲ ਬਿਜਲੀ ਦਾ ਬਕਾਇਆ ਬਿੱਲ ਨਾ ਭਰ ਸਕਣ ਵਾਲੇ ਹਰ ਵਰਗ ਦੇ ਲੋਕਾਂ ਨੂੰ ਬਹੁਤ ਵੱਡੀ ਰਾਹਤ ਦਿੰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੀ ਸਰਕਾਰ ਦਾ ਪਹਿਲਾ ਫੈਸਲਾ ਪੰਜਾਬ ਦੇ ਆਮ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਸੀ ।

ਬਲਾਕ ਚੇਅਰਮੈਨ ਪ੍ਰੀਤਮ ਸਿੰਘ ਨੇ ਕਿਹਾ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਨੂੰ ਅੱਜ ਪੰਜਾਬ ਦਾ ਹਰ ਵਰਗ ਚੇਤੇ ਕਰ ਰਿਹਾ ਹੈ ਅਤੇ 2027 ਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਉਤਾਵਲਾ ਹੈ। ਤੇ ਇਸ ਮੌਕੇ ਬਲਾਕ ਚੇਅਰਮੈਨ ਗੁਰਜੀਤ ਸਿੰਘ ਭੌਰਲਾ, ਵਿਕਰਮਜੀਤ ਸਿੰਘ ਅਕਾਲਗੜ੍ਹ, ਤਰਸੇਮ ਸਿੰਘ ਸਰਪੰਚ ਬੋਹਾਪੁਰ, ਮਨਦੀਪ ਲਾਲ ਕਮਾਲਪੁਰ, ਚਰਨ ਸਿੰਘ ਸਮਰਾਲਾ ਵੀ ਇਲਾਵਾ ਆਦਿ ਹਾਜ਼ਰ ਸਨ।

ਹਾਮਿਦ ਇਰਾਨ ਨੇ ਜਿੱਤੀ ਪੂਨੀਆਂ ਦੰਗਲ ਮੇਲੇ ਦੀ ਝੰਡੀ : ਰਾਜਾ ਗਿੱਲ

ਮਾਛੀਵਾੜਾ ਸਾਹਿਬ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਸਾਹਿਬ ਨਜ਼ਦੀਕੀ ਪਿੰਡ ਪੂਨੀਆ ਵਿਖੇ ਸਲਾਨਾ ਦੰਗਲ ਮੇਲਾ ਕਰਵਾਇਆ ਗਿਆ। ਪ੍ਰਧਾਨ ਬਹਾਦਰ ਸਿੰਘ (ਸਾਬਕਾ ਸਰਪੰਚ), ਬਲਜਿੰਦਰ ਸਿੰਘ ਸਰਪੰਚ, ਸੁਪਰਸਤ ਬਲਵਿੰਦਰ ਸਿੰਘ (ਸਾਬਕਾ ਸਰਪੰਚ,)ਗੁਰਤੇਜਪਾਲ ਸਿੰਘ ਪੰਚ, ਜਗਪਾਲ ਸਿੰਘ ਜੱਗੀ ਪੰਚ ਨੇ ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਧੰਨ ਧੰਨ ਗੁੱਗਾ ਜਾਹਰ ਪੀਰ ਜੀ ਦੀ ਪਾਵਨ ਤੇ ਪਵਿੱਤਰ ਯਾਦ ਵਿੱਚ ਹਰ ਸਾਲ ਮਨਾਇਆ ਜਾਣ ਵਾਲਾ ਇਹ ਦੰਗਲ ਮੇਲਾ ਸਮੁੱਚੇ ਨਗਰ ਨਿਵਾਸੀ, ਇਲਾਕਾ ਨਿਵਾਸੀ, ਅਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਸਦਕਾ ਕਰਵਾਇਆ ਗਿਆ। ਜਿਸ ਵਿੱਚ 125000/ ਰੁਪਏ ਦੀ ਵੱਡੀ ਝੰਡੀ ਦੀ ਕੁਸ਼ਤੀ ਹਾਮਿਦ ਇਰਾਨ ਅਤੇ ਸੁਖਚੈਨ ਝੱਜਰ ਵਿਚਕਾਰ ਕਰਵਾਈ ਗਈ, ਜਿਸ ਵਿੱਚ ਹਾਮਿਦ ਇਰਾਨ ਨੇ ਸੁਖਚੈਨ ਝੱਜਰ ਨੂੰ ਚਿੱਤ ਕਰਦਿਆਂ ਝੰਡੀ ਜਿੱਤੀ।

ਦੂਜੀ ਵੱਡੀ ਕੁਸ਼ਤੀ ਵਿੱਚ ਲਾਲੀ ਮੰਡ ਚੌਂਤਾ ਨੇ ਪੁਨੀਤ ਰਾਠੀ ਪਹਿਲਵਾਨ ਨੂੰ ਚਿੱਤ ਕੀਤਾ। ਕਰੀਬ 150 ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਗਈਆਂ। ਪਹਿਲਵਾਨਾਂ ਨੂੰ ਲੱਖਾਂ ਰੁਪਏ ਨਕਦੀ ਦੇ ਰੂਪ ਵਿੱਚ ਇਨਾਮ ਵਜੋਂ ਦਿੱਤੇ ਗਏ । ਪਹਿਲਵਾਨਾਂ ਨੂੰ ਅਸ਼ੀਰਵਾਦ ਦੇਣ ਲਈ ਮੁੱਖ ਮਹਿਮਾਨ ਵਜੋਂ ਕਾਂਗਰਸ ਪਾਰਟੀ ਹਲਕਾ ਸਮਰਾਲਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਸ਼੍ਰੋਮਣੀ ਅਕਾਲੀ ਦਲ ਹਲਕਾ ਸਮਰਾਲਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ,ਅਕਾਲੀ ਦਲ ਯੂਥ ਵਰਕਿੰਗ ਪ੍ਰਧਾਨ ਪੰਜਾਬ ਹਰਜੋਤ ਸਿੰਘ ਮਾਂਗਟ ,ਵਾਰਿਸ ਪੰਜਾਬ ਆਗੂ ਬਰਜਿੰਦਰ ਸਿੰਘ ਬਬਲੂ ਲੋਪੋਂ, ਚੇਅਰਮੈਨ ਸੁਖਵਿੰਦਰ ਸਿੰਘ ਗਿੱਲ ਨੇ ਆਪਣੇ ਸਾਥੀਆਂ ਸਮੇਤ ਸ਼ਿਰਕਤ ਕੀਤੀ।

ਸ਼ਿਵ ਮੰਦਿਰ ਕਮੇਟੀ ਅਤੇ ਦੰਗਲ ਕਮੇਟੀ ਦੇ ਸਾਂਝੇ ਸਹਿਯੋਗ ਸਦਕਾ ਮੇਲੇ ਵਿੱਚ ਪੁੱਜੇ ਦਰਸ਼ਕਾਂ ਲਈ ਠੰਡੇ ਮਿੱਠੇ ਅਤੇ ਬਦਾਮਾਂ ਵਾਲੇ ਦੁੱਧ ਦਾ ਲੰਗਰ ਲਗਾਇਆ ਗਿਆ। ਦੰਗਲ ਮੇਲੇ ਦੀ ਕਮੈਂਟਰੀ ਪ੍ਰਿੰਸ ਪੂਨੀਆ ਨੇ ਆਪਣੇ ਸ਼ਾਇਰਾਂ ਨਾਲ ਅੰਦਾਜ਼ ਨਾਲ ਕੀਤੀ ਜਦਕਿ ਸਟੇਜ ਸੈਕਟਰੀ ਦੀ ਸੇਵਾ ਬਲਵੀਰ ਸਿੰਘ ਤੱਖਰਾਂ ਨੇ ਬਾਖੂਬੀ ਨਿਭਾਈ। ਅਖਾੜੇ ਵਿੱਚ ਰੈਫਰੀ ਦੀ ਡਿਊਟੀ ਮਹਿੰਦਰ ਪਹਿਲਵਾਨ ਮਾਛੀਵਾੜਾ, ਜੀਤੀ ਪਹਿਲਵਾਨ ਮਾਛੀਵਾੜਾ ਅਤੇ ਪਾਲੀ ਪਹਿਲਵਾਨ ਮਾਛੀਵਾੜਾ ਨੇ ਨਿਭਾਈ, ਜਦ ਕਿ ਜੋੜ ਮਿਲਾਉਣ ਦੀ ਡਿਊਟੀ ਪਹਿਲਵਾਨ ਸੰਤ ਮਾਮੂਪੁਰ ਨੇ ਕੀਤੀ। ਇਸ ਮੇਲੇ ਨੂੰ ਸਫਲ ਬਣਾਉਣ ਵਿੱਚ ਸੁਖੀ ਪੂਨੀਆਂ, ਪ੍ਰਗਟ ਸਿੰਘ, ਮਲਕੀਤ ਸਿੰਘ, ਬਲਜਿੰਦਰ ਸਿੰਘ, ਕਿੰਦੀ ਪੂਨੀਆ, ਮਨਜੀਤ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ, ਜਗਦੀਪ ਸਿੰਘ, ਕੁਲਵਿੰਦਰ ਸਿੰਘ, ਭਿੰਦਾ ਪੂਨੀਆ, ਨੰਬਰਦਾਰ ਕੁਲਵਿੰਦਰ ਸਿੰਘ, ਗੋਰਾ ਪੂਨੀਆ, ਕਬੱਡੀ ਖਿਡਾਰੀ ਤੇਜੀ ਪੂਨੀਆਂ ਯੂ.ਐਸ.ਏ., ਬਲਜਿੰਦਰ ਸਿੰਘ ਭੂਮੀ ਕਨੇਡਾ, ਬੱਲੀ ਕਨੇਡਾ, ਪ੍ਰਦੀਪ ਸਿੰਘ ਯੂਐਸਏ, ਪ੍ਰਧਾਨ ਜਗਤਾਰ ਸਿੰਘ, ਦੇਵੀ ਦਿਆਲ, ਮਨਜੀਤ ਸਿੰਘ, ਜਸਪਾਲ ਸਿੰਘ ਨੰਬਰਦਾਰ, ਅੰਮ੍ਰਿਤ, ਬਲਰਾਜ ਸਿੰਘ, ਰਾਜੂ ਕੋਟੀਆ, ਸਿੰਘ ਕੋਟੀਆ, ਜੰਗ ਸਿੰਘ ਕੋਠੀਆ, ਬਿੱਲੂ ਪੂਨੀਆ, ਭਗਤ ਸਿੰਘ, ਪਰਮੀ ਪੂਨੀਆ, ਹਰਕਰਨ ਸਿੰਘ ਪੂਨੀਆ, ਸੰਦੀਪ ਸਿੰਘ ਪੂਨੀਆ, ਜਗਦੀਸ ਸਿੰਘ ਜੱਗੀ ਸਰਪੰਚ ਤੱਖਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਮੁੱਖ ਮਹਿਮਾਨਾਂ ਨਾਲ ਪੁੱਜੇ ਦਲਵੀਰ ਚੰਦ, ਮੇਵਾ ਸਿੰਘ ਰਾਣਵਾਂ, ਪੀਏ ਨਵਜੀਤ ਸਿੰਘ, ਆਪ ਆਗੂ ਪ੍ਰਵੀਨ ਮੱਕੜ, ਕੌਂਸਲਰ ਨਰਿੰਦਰ ਪਾਲ ਸਿੰਘ ਮੱਕੜ, ਹਰਦਿਲ ਮਾਂਗਟ ਪ੍ਰਿਥੀਪੁਰ, ਸੁਖਬੀਰ ਸਿੰਘ ਪੱਪੀ, ਅਮਨਦੀਪ ਸਿੰਘ ਗੁਰੋਂ, ਕਾਂਗਰਸ ਆਗੂ ਸੁਖਦੀਪ ਸਿੰਘ ਬਾਜਵਾ, ਅੰਮ੍ਰਿਤਪਾਲ ਸਿੰਘ, ਯੁਵਰਾਜ ਜੀਤ ਸਿੰਘ ਰਾਏ ਸਮੇਤ ਪਿੰਡਾਂ ਤੋਂ ਪੁੱਜੇ ਪੰਚ ਸਰਪੰਚ ਅਤੇ ਦੰਗਲ ਕਮੇਟੀਆਂ ਨੇ ਇਸ ਦੰਗਲ ਮੇਲੇ ਦਾ ਆਨੰਦ ਮਾਣਿਆ।

ਪੀੜਤ ਬੀਬੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੀਆਂ ਵੀਆਈਪੀ ਸਹੂਲਤਾਂ ਦੀ ਹੋਵੇ ਉੱਚ ਪੱਧਰੀ ਜਾਂਚ : ਰੱਖੜਾ

ਪਟਿਆਲਾ, 25 ਸਤੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਅਨੰਦਪੁਰ ਸਾਹਿਬ ਵਿੱਚ ਵਿਦੇਸ਼ ਤੋਂ ਆਈ ਇੱਕ ਬੀਬੀ ਨਾਲ ਵਾਪਰੀ ਜਬਰ ਜਨਾਹ ਦੀ ਘਟਨਾ ਸਿੱਖ ਕੌਮ ਅਤੇ ਪੰਥ ਲਈ ਮਦਭਾਗਾ ਤੇ ਸ਼ਰਮਨਾਕ ਕਾਰਾ ਹੈ ਜਿਸ ਨੇ ਪੂਰੀ ਦੁਨੀਆ ਵਿੱਚ ਸਿੱਖਾਂ ਦੀ ਵੱਡੀ ਬਦਨਾਮੀ ਕਰਾਈ ਹੈ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦੀ ਸਿਰਮੌਰ ਸੰਸਥਾ ਹੈ ਜਿੱਥੇ ਇਤਿਹਾਸਿਕ ਗੁਰਦੁਆਰਿਆਂ ਵਿੱਚ ਪੂਰੀ ਦੁਨੀਆ ਵਿੱਚੋਂ ਲੋਕ ਸਰਧਾ ਤੇ ਉਤਸਾਹ ਨਾਲ ਨਤਮਸਤਕ ਹੋਣ ਆਉਂਦੇ ਹਨ ਪਰ ਬੀਬੀ ਦੀ ਜਾਬਰ ਜਨਾਬ ਵਾਲੀ ਘਟਨਾ ਨੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਤੇ ਵੀ ਕਈ ਤਰ੍ਹਾਂ ਦੇ ਸਵਾਲੀਆ ਨਿਸ਼ਾਨ ਖੜੇ ਕਰ ਦਿੱਤੇ ਹਨ ਜਿਸ ਨੂੰ ਲੈ ਕੇ ਨੈਤਿਕ ਆਧਾਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਤੁਰੰਤ ਅਸਤੀਫਾ ਦੇਣਾ ਚਾਹੀਦਾ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਜ਼ਿਲ੍ਹਾ ਪ੍ਰਧਾਨ ਰਣਧੀਰ ਸਿੰਘ ਰੱਖੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਰੱਖੜਾ ਨੇ ਕਿਹਾ ਕੀ ਇਸ ਜਬਰ ਜਨਾਹ ਮਾਮਲੇ ਦੀ ਕਿਸੇ ਰਿਟਾਇਰ ਜੱਜ ਦੀ ਅਗਵਾਈ ਵਾਲੀ ਕਮੇਟੀ ਬਣਾ ਕੇ ਉੱਚ ਪਧਰੀ ਜਾਂਚ ਕਰਵਾਉਣੀ ਚਾਹੀਦੀ ਹੈ ਕਿਉਂਕਿ ਇਸ ਜਬਰ ਜਨਾਹ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਹੋਰ ਆਗੂ ਵੀ ਸਿਕੰਜੇ ਵਿੱਚ ਆ ਸਕਦੇ ਹਨ ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਹੁਣ ਤੱਕ ਧਾਮੀ ਅਤੇ ਬਾਦਲ ਖਿਲਾਫ ਕੋਈ ਵੀ ਕਾਰਵਾਈ ਨਹੀਂ ਕੀਤੀ ਜੋ ਕਿ ਸਵਾਲਾਂ ਦੇ ਘੇਰੇ ਚ ਹੈ ਉਹਨਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਕੁਛ ਵੀ ਠੀਕ ਨਹੀਂ ਚੱਲ ਰਿਹਾ ਜਿਸ ਕਰਕੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਕਰਨ ਵਾਲੀ ਪੁਰਾਣੀ ਕਮੇਟੀ ਦੇ ਚਲਦੇ ਸਮੁੱਚੇ ਕਾਰਜ ਠੀਕ ਨਹੀਂ ਚੱਲ ਰਹੇ ਜਿਸ ਕਰਕੇ ਹੁਣ ਲੋਕਾਂ ਦਾ ਪੁਰਾਣੀ ਚੱਲ ਰਹੀ ਪ੍ਰਬੰਧਕ ਕਮੇਟੀ ਤੋ ਵਿਸ਼ਵਾਸ ਉੱਠ ਚੁੱਕਿਆ ਹੈ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੁਲਿਸ ਸੁਰਜੀਤੀ ਦੇ ਆਗੂਆਂ ਨਾਲ ਸਲਾਹ ਮਸ਼ਵਰਾ ਕਰਕੇ ਮੁੜ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ ਮੰਗ ਕੀਤੀ ਜਾਵੇਗੀ ਤਾਂ ਜੋ ਚੰਗੀ ਅਕਸ ਵਾਲੇ ਮੈਂਬਰਾਂ ਨੂੰ ਪ੍ਰਬੰਧਕ ਕਮੇਟੀ ਵਿਚ ਲਿਆਂਦਾ ਜਾ ਸਕੇ ਜਿਸ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਹੋਈਆਂ ਪੁਰਾਣੀਆਂ ਧਾਂਦਲੀਆਂ ਦਾ ਪਰਦਾਫਾਸ ਹੋ ਸਕੇ ਉਹਨਾਂ ਕਿਹਾ ਕਿ ਇਹਨਾਂ ਖਿਲਾਫ ਇਕ ਮਹੀਨਾ ਪਹਿਲਾਂ ਐਫ ਆਈ ਆਰ ਦਰਜ ਹੋਣ ਦੇ ਬਾਵਜੂਦ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਇਸ ਮਾਮਲੇ ਦੀ ਵੀ ਜਾਂਚ ਹੋਣੀ ਚਾਹੀਦੀ ਹੈ ਕਿ ਐਫ ਆਈ ਆਰ ਦਰਜ ਹੋਣ ਦੇ ਬਾਵਜੂਦ ਵੀ ਮਾਮਲੇ ਨੂੰ ਕਿਹੜੀਆਂ ਵੱਡੀਆਂ ਸਾਜਸਾਂ ਤਹਿਤ ਠੰਡੇ ਵਸਤੇ ਵਿੱਚ ਪਾਇਆ ਜਾ ਰਿਹਾ ਸੀ।

ਹਿੰਦੂ-ਸਿੱਖ ਭਾਈਚਾਰਕ ਸਾਂਝ ਮਜ਼ਬੂਤ ਕਰਨਾ ਸਮੇਂ ਦੀ ਲੋੜ : ਬਿਕਰਮ ਸਿੰਘ ਅੱਲਾਬਖਸ਼

ਮੁਕੇਰੀਆਂ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਅਤੇ ਸਮਾਜ ਦੀ ਤਰੱਕੀ, ਸ਼ਾਂਤੀ ਤੇ ਭਾਈਚਾਰਕ ਸਦਭਾਵਨਾ ਲਈ ਹਿੰਦੂ-ਸਿੱਖ ਏਕਤਾ ਨੂੰ ਮਜ਼ਬੂਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਹ ਪ੍ਰਗਟਾਵਾ ਯੂਥ ਆਗੂ ਬਿਕਰਮ ਸਿੰਘ ਅੱਲਾਬਖਸ਼ ਨੇ ਆਪਣੇ ਕੈਨੇਡਾ ਦੌਰੇ ਦੌਰਾਨ ਟੋਰਾਂਟੋ ਸਥਿਤ ਹਿੰਦੂ ਸਭਾ ਮੰਦਰ ਵਿਖੇ ਕੀਤਾ।

ਉਨ੍ਹਾਂ ਕਿਹਾ ਕਿ ਬਾਹਰੀ ਤਾਕਤਾਂ ਅਤੇ ਸ਼ਰਾਰਤੀ ਅਨਸਰ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇਸੇ ਤਰ੍ਹਾਂ ਵਿਦੇਸ਼ਾਂ ਵਿੱਚ ਵੱਸਦੇ ਹਿੰਦੂ-ਸਿੱਖ ਭਾਈਚਾਰੇ ਦੀ ਆਪਸੀ ਸਾਂਝ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਵੀ ਚਿੰਤਾਜਨਕ ਹਨ। ਉਨ੍ਹਾਂ ਮੰਦਰਾਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਸੁਚੇਤ ਰਹਿਣ ਅਤੇ ਆਪਸੀ ਤਾਲਮੇਲ ਵਧਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਭਾਈਚਾਰਕ ਏਕਤਾ ਰਾਹੀਂ ਵਿਦੇਸ਼ਾਂ ਵਿੱਚ ਪੰਜਾਬ ਅਤੇ ਭਾਰਤ ਦਾ ਨਾਮ ਹੋਰ ਉੱਚਾ ਕੀਤਾ ਜਾ ਸਕਦਾ ਹੈ।

ਇਸ ਦੌਰਾਨ ਅੱਲਾਬਖਸ਼ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨਾਲ ਵੀ ਮੁਲਾਕਾਤ ਕੀਤੀ। ਕੈਨੇਡਾ ਦੌਰੇ ਦੌਰਾਨ ਉਨ੍ਹਾਂ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮਾਂ ਵਿੱਚ ਸ਼ਿਰਕਤ ਕੀਤੀ।

ਇਸ ਮੌਕੇ ਹਿੰਦੂ ਸਭਾ ਮੰਦਰ ਕਮੇਟੀ ਦੇ ਪ੍ਰਧਾਨ ਮੱਧੂ ਸੁਧਨ ਲਾਂਬਾ ਪ੍ਰਧਾਨ, ਡਾਇਰੈਕਟਰ ਸ੍ਰੀ ਲਾਜ ਪ੍ਰਾਸਰ ਸਮੇਤ ਜਸਵਿੰਦਰ, ਸ਼ਿਸ਼ੂ, ਰਾਜੇਸ਼ ਕੁਮਾਰ, ਮਨੋਜ ਸ਼ਰਮਾ ਅਤੇ ਹੋਰ ਮੈਂਬਰ ਹਾਜ਼ਰ ਸਨ।

ਕੈਨੇਡਾ ਫੇਰੀ ਦੌਰਾਨ ਵੱਖ - ਵੱਖ ਧਾਰਮਿਕ , ਰਾਜਨੀਤਿਕ ਪ੍ਰੋਗਰਾਮਾ ਵਿੱਚ ਕਮੇਟੀ ਵੱਲੋਂ ਬਿਕਰਮ ਸਿੰਘ ਅੱਲਾਬਖਸ਼ ਨੂੰ ਸਨਮਾਨਿਤ ਕੀਤਾ ਗਿਆ।

ਵਿਦੇਸ਼ੀ ਕੋਚ 'ਤੇ ਖਿਡਾਰਨ ਨਾਲ ਜਿਨਸੀ ਸ਼ੋਸ਼ਣ ਦਾ ਦੋਸ਼

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੋਂ ਦੇ ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ (ਐੱਨ ਆਈ ਐੱਸ) ਵਿੱਚ ਵਿਦੇਸ਼ੀ ਕੋਚ 'ਤੇ ਕੌਮੀ ਪੱਧਰ ਦੀ 16 ਸਾਲਾ ਖਿਡਾਰਨ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗੇ ਹਨ। ਪੁਲੀਸ ਅਨੁਸਾਰ ਏਸ਼ਿਆਈ ਖੇਡਾਂ ਦੀ ਤਿਆਰੀ ਦੌਰਾਨ ਐੱਨ ਆਈ ਐੱਸ ਕੈਂਪਸ ਵਿੱਚ ਹੀ ਕੋਚ ਨੇ ਖਿਡਾਰਨ ਨਾਲ ਅਜਿਹਾ ਕੀਤਾ।

ਖਿਡਾਰਨ ਨੇ ਘਟਨਾ ਬਾਰੇ ਆਪਣੇ ਪਰਿਵਾਰ ਨੂੰ ਦੱਸਿਆ, ਜਿਸ ਮਗਰੋਂ ਉਸ ਦੇ ਪਿਤਾ ਨੇ ਪਟਿਆਲਾ ਪੁੱਜ ਕੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ। ਪਰਿਵਾਰ ਨੇ ਪਹਿਲਾਂ ਖੇਡ ਸੰਸਥਾ ਨੂੰ ਵੀ ਸ਼ਿਕਾਇਤ ਕੀਤੀ ਸੀ, ਪਰ ਉਨ੍ਹਾਂ ਨੇ ਕਾਰਵਾਈ ਕਰਨ ਵਿੱਚ ਕਥਿਤ ਦੇਰੀ ਕੀਤੀ; ਇੱਥੋਂ ਤੱਕ ਕਿ ਪੁਲੀਸ ਅਤੇ ਐੱਨ ਆਈ ਐੱਸ ਪ੍ਰਸ਼ਾਸਨ ਨੇ ਵੀ ਕਈ ਦਿਨ ਇਸ ਮਾਮਲੇ ਨੂੰ ਮੀਡੀਆ ਤੋਂ ਲੁਕੋ ਕੇ ਰੱਖਿਆ। ਰੋਜ਼ਾਨਾ ਜਾਰੀ ਹੁੰਦੀ ਕਰਾਈਮ ਰਿਪੋਰਟ ਵਿੱਚ ਵੀ ਇਸ ਘਟਨਾ ਦਾ ਜ਼ਿਕਰ ਨਹੀਂ ਕੀਤਾ ਗਿਆ।

ਥਾਣਾ ਸਿਵਲ ਲਾਈਨਜ਼ ਪਟਿਆਲਾ ਵਿੱਚ 18 ਸਤੰਬਰ ਨੂੰ ਵਿਦੇਸ਼ੀ ਕੋਚ ਖ਼ਿਲਾਫ਼ ਪੋਕਸੋ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਇਸ ਕੋਚ ਨੇ ਟੀਮ ਨਾਲ ਵਿਦੇਸ਼ੀ ਦੌਰੇ 'ਤੇ ਵੀ ਜਾਣਾ ਸੀ ਪਰ ਪੁਲੀਸ ਨੇ ਉਸ ਦਾ ਪਾਸਪੋਰਟ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਇਹ ਕੋਚ ਕੁਝ ਮਹੀਨੇ ਪਹਿਲਾਂ ਹੀ ਪਟਿਆਲਾ ਆਇਆ ਸੀ ਅਤੇ ਕੈਂਪਸ ਦੇ ਸਟਾਫ ਕੁਆਰਟਰ ਵਿੱਚ ਰਹਿ ਰਿਹਾ ਸੀ।

ਬੱਚਿਆਂ ਵਿੱਚ ਛੁਪੀ ਪ੍ਰਤਿਭਾ ਨੂੰ ਮੰਚ ਪ੍ਰਦਾਨ ਕਰਨਾ 'ਸੇਵਾ ਸੰਕਲਪ ਅਭਿਆਨ' ਦਾ ਅਹਿਮ ਉਦੇਸ਼ : ਕ੍ਰਿਸ਼ਨ ਪਾਲ ਗੁੱਜਰ

ਕੌਮੀ ਪਤ੍ਰਿਕਾ

ਚੰਡੀਗੜ੍ਹ, 25 ਸਤੰਬਰ: ਕੇਂਦਰੀ ਸਹਿਕਾਰਤਾ ਰਾਜ ਮੰਤਰੀ ਸ੍ਰੀ ਕ੍ਰਿਸ਼ਨ ਪਾਲ ਗੁੱਜਰ ਨੇ ਕਿਹਾ ਹੈ ਕਿ ਬੱਚਿਆਂ ਅਤੇ ਨੌਜਵਾਨਾਂ ਵਿੱਚ ਅਪਾਰ ਪ੍ਰਤਿਭਾ ਛੁਪੀ ਹੋਈ ਹੈ। ਲੋੜ ਸਿਰਫ਼ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਸਹੀ ਮੰਚ ਅਤੇ ਮੌਕਾ ਦੇਣ ਦੀ ਹੈ। ਕੇਂਦਰੀ ਰਾਜ ਮੰਤਰੀ ਕ੍ਰਿਸ਼ਨ ਪਾਲ ਗੁੱਜਰ ਨੇ ਇਹ ਗੱਲ 'ਸੇਵਾ ਸੰਕਲਪ ਅਭਿਆਨ' ਤਹਿਤ ਵੀਰਵਾਰ ਨੂੰ ਫ਼ਰੀਦਾਬਾਦ ਵਿੱਚ ਸੈਕਟਰ-14 ਸਥਿਤ ਡੀ.ਏ.ਵੀ. ਸਕੂਲ ਦੇ ਆਡੀਟੋਰੀਅਮ ਵਿੱਚ "ਰੰਗਾਂ ਨਾਲ ਸੱਜਣਗੇ ਬਿਹਤਰ ਕੱਲ੍ਹ ਦਾ ਸਮਾਜ"ਵਿਸ਼ੇ 'ਤੇ ਭਾਸ਼ਣ ਅਤੇ ਚਿੱਤਰਕਲਾ ਪ੍ਰਤਿਯੋਗਤਾ ਦੇ ਇਨਾਮ ਵੰਡ ਸਮਾਗਮ ਨੂੰ ਸੰਬੋਧਨ ਕਰਦਿਆਂ ਕਹੀ। ਕੇਂਦਰੀ ਰਾਜ ਮੰਤਰੀ ਨੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਪ੍ਰੋਗਰਾਮ ਵਿੱਚ 400 ਤੋਂ ਵੱਧ ਵਿਦਿਆਰਥੀਆਂ ਨੇ ਭਾਸ਼ਣ ਅਤੇ ਚਿੱਤਰਕਲਾ ਮੁਕਾਬਲਿਆਂ ਵਿੱਚ ਹਿੱਸਾ ਲਿਆ। ਭਾਸ਼ਣ ਮੁਕਾਬਲੇ ਵਿੱਚ ਆਪਣੇ-ਆਪਣੇ ਬਲਾਕ ਪੱਧਰ 'ਤੇ ਜੇਤੂ ਰਹੇ ਵਿਦਿਆਰਥੀਆਂ ਨੇ, ਜਦੋਂ ਕਿ



ਚਿੱਤਰਕਲਾ ਮੁਕਾਬਲੇ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਦਾ ਉਦੇਸ਼ ਸਿਰਫ਼ ਜੇਤੂਆਂ ਦੀ ਚੋਣ ਕਰਨਾ ਨਹੀਂ, ਸਗੋਂ ਉਨ੍ਹਾਂ ਪ੍ਰਤਿਭਾਵਾਂ ਨੂੰ ਸਾਹਮਣੇ ਲਿਆਉਣਾ ਵੀ ਹੈ, ਜੋ ਪੇਂਡੂ ਖੇਤਰਾਂ, ਸ਼ਹਿਰਾਂ ਅਤੇ ਵੱਖ-ਵੱਖ ਬਸਤੀਆਂ ਵਿੱਚ ਰਹਿੰਦਿਆਂ ਮੌਕੇ ਦੀ ਤਲਾਸ਼ ਵਿੱਚ ਹਨ। ਉਨ੍ਹਾਂ ਕਿਹਾ ਕਿ ਮੁਕਾਬਲੇ ਵਿੱਚ ਪਹਿਲੇ ਤੋਂ ਚੌਥੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਹੈ, ਪਰ ਜਿਹੜੇ ਵਿਦਿਆਰਥੀ ਇਸ ਵਾਰ ਜੇਤੂ ਨਹੀਂ ਬਣ ਸਕੇ, ਉਨ੍ਹਾਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ ਹੈ। ਮੁਕਾਬਲੇ ਵਿਦਿਆਰਥੀਆਂ ਨੂੰ ਲਗਾਤਾਰ ਅੱਗੇ ਵਧਣ, ਆਪਣੀਆਂ ਕਮੀਆਂ ਨੂੰ ਸੁਧਾਰਨ ਅਤੇ ???? ਵਾਰ ਬਿਹਤਰ ਪ੍ਰਦਰਸ਼ਨ ਕਰਨ ਦੀ ਪ੍ਰੇਰਣਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਮੁਕਾਬਲੇ ਦਾ ਵਿਸ਼ਾ '2047 ਦਾ ਭਾਰਤ ਕਿਹੋ ਜਿਹਾ ਹੋਵੇ' ਵਿਦਿਆਰਥੀਆਂ ਨੂੰ ਵਿਕਸਿਤ ਭਾਰਤ ਦੇ ਟੀਚੇ ਬਾਰੇ ਸੋਚਣ ਅਤੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਦਾ ਮੌਕਾ ਦਿੰਦਾ ਹੈ। ਕੇਂਦਰੀ ਰਾਜ ਮੰਤਰੀ ਨੇ ਕਿਹਾ ਕਿ ਦੇਸ਼ ਦੀ ਤਰੱਕੀ ਵਿੱਚ ਨਾਗਰਿਕਾਂ ਦੀ ਸੋਚ ਅਤੇ ਭਾਗੀਦਾਰੀ ਅਹਿਮ ਹੁੰਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਰਾਸ਼ਟਰ ਹਿੱਤ ਨੂੰ ਪਹਿਲਾਂ ਰੱਖਦਿਆਂ ਜੀਵਨ ਵਿੱਚ ਸਪੱਸ਼ਟ ਟੀਚੇ ਤੈਅ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਫ਼ਲਤਾ ਦਾ ਕੋਈ ਸ਼ਾਰਟਕੱਟ ਨਹੀਂ ਹੁੰਦਾ, ਸਗੋਂ ਟੀਚੇ ਪ੍ਰਤੀ ਲਗਾਤਾਰ ਮਿਹਨਤ ਅਤੇ ਪੂਰੀ ਲਗਨ ਨਾਲ ਹੀ ਸਫ਼ਲਤਾ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ 'ਸੇਵਾ ਸੰਕਲਪ ਅਭਿਆਨ' ਤਹਿਤ ਜਨ ਸੇਵਾ, ਸਿਹਤ, ਖੇਡਾਂ, ਵਿਦਿਅਕ ਅਤੇ ਸਮਾਜਿਕ ਗਤੀਵਿਧੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੁਹਿੰਮ ਤਹਿਤ ਫ਼ਰੀਦਾਬਾਦ ਵਿੱਚ ਦਿਵਿਆਂਗਜਨਾਂ ਨੂੰ ਈ-ਸਕੂਟਰ ਵੰਡਣ, ਸਿਹਤ ਜਾਂਚ ਕੈਂਪ ਸਮੇਤ ਵੱਖ-ਵੱਖ ਪ੍ਰੋਗਰਾਮ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਕੂਲਾਂ ਅਤੇ ਕਾਲਜਾਂ ਵਿੱਚ ਆਤਮਨਿਰਭਰ ਭਾਰਤ, ਗ਼ਰੀਬ ਕਲਿਆਣ, ਕਿਸਾਨਾਂ, ਮਹਿਲਾਵਾਂ ਅਤੇ ਨੌਜਵਾਨਾਂ, ਬੁਨਿਆਦੀ ਢਾਂਚੇ, ਅੰਦਰੂਨੀ ਸੁਰੱਖਿਆ ਅਤੇ ਰਾਸ਼ਟਰ ਨਿਰਮਾਣ ਜਿਹੇ ਵਿਸ਼ਿਆਂ 'ਤੇ ਮੁਕਾਬਲੇ ਕਰਵਾਉਣ ਦਾ ਯਤਨ ਕੀਤਾ ਜਾਵੇਗਾ, ਜਿਸ ਨਾਲ ਵਿਦਿਆਰਥੀਆਂ ਨੂੰ ਦੇਸ਼ ਦੇ ਵਿਕਾਸ ਦੀ ਜਾਣਕਾਰੀ ਮਿਲ ਸਕੇ। ਕੇਂਦਰੀ ਰਾਜ ਮੰਤਰੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਿਰਫ਼ ਮੁਕਾਬਲਿਆਂ ਵਿੱਚ ਹਿੱਸਾ ਲੈਣ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਹਰ ਮੌਕੇ ਤੋਂ ਸਿੱਖ ਕੇ ਆਪਣੇ ਵਿਅਕਤਿਤਵ ਅਤੇ ਗਿਆਨ ਦਾ ਵਿਕਾਸ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਮੁਕਾਬਲੇ ਵਿੱਚ ਮਿਲਣ ਵਾਲੇ ਇਨਾਮ ਨਾਲੋਂ ਵੱਧ ਅਹਿਮ ਉਹ ਪ੍ਰੋਤਸਾਹਨ ਹੈ, ਜੋ ਵਿਦਿਆਰਥੀਆਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ।

ਬਾਸਮਤੀ ਦਾ ਰਕਬਾ ਘਟਿਆ, ਵਧੀ ਵਿਦੇਸ਼ੀ ਮੰਗ ਨਾਲ ਕਿਸਾਨਾਂ ਨੂੰ ਬਿਹਤਰ ਭਾਅ ਦੀ ਉਮੀਦ

ਨਵੀਂ ਦਿੱਲੀ 25 ਸਤੰਬਰ। ਸਾਉਣੀ ਸੀਜ਼ਨ 'ਚ ਬਾਸਮਤੀ ਝੋਨੇ ਦੀ ਖੇਤੀ ਦਾ ਰਕਬਾ ਲਗਾਤਾਰ ਦੂਜੇ ਸਾਲ ਘਟਿਆ ਹੈ। ਉਥੇ ਹੀ, ਅੰਤਰਰਾਸ਼ਟਰੀ ਬਾਜ਼ਾਰ 'ਚ ਭਾਰਤੀ ਬਾਸਮਤੀ ਚੌਲਾਂ ਦੀ ਮੰਗ ਵਧਣ ਦੇ ਨਾਲ ਇਸ ਦੀਆਂ ਕੀਮਤਾਂ 'ਚ ਵੀ ਤੇਜ਼ੀ ਆਈ ਹੈ। ਅਜਿਹੇ 'ਚ ਉਤਪਾਦਨ 'ਚ ਸੰਭਾਵੀ ਕਮੀ ਅਤੇ ਮਜ਼ਬੂਤ ਵਿਦੇਸ਼ੀ ਮੰਗ ਨਾਲ ਕਿਸਾਨਾਂ ਨੂੰ ਆਪਣੀ ਫਸਲ ਦੇ ਬਿਹਤਰ ਦਾਮ ਮਿਲਣ ਦੀ ਉਮੀਦ ਹੈ। ਉਦਯੋਗ ਦੇ ਅਨੁਸਾਰ, ਸਾਲ 2025 'ਚ ਦੇਸ਼ 'ਚ ਬਾਸਮਤੀ ਝੋਨੇ ਦੀ ਖੇਤੀ ਲੱਗਭਗ 24.9 ਲੱਖ ਹੈਕਟੇਅਰ 'ਚ ਹੋਈ ਸੀ। ਇਸ ਸਾਲ ਰਕਬਾ ਲੱਗਭਗ 1 ਲੱਖ ਹੈਕਟੇਅਰ ਘਟਿਆ ਹੈ। ਸਾਲ 2024 'ਚ ਇਹ ਖੇਤਰ ਲੱਗਭਗ 27.5 ਲੱਖ ਹੈਕਟੇਅਰ ਸੀ। ਪੱਛਮੀ ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਰਗੇ ਪ੍ਰਮੁੱਖ ਉਤਪਾਦਕ ਖੇਤਰਾਂ 'ਚ ਘੱਟ ਬਿਜਾਈ ਕਾਰਨ ਇਸ ਸਾਲ ਉਤਪਾਦਨ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ। ਸਾਉਣੀ ਸੀਜ਼ਨ ਦੀ ਸ਼ੁਰੂਆਤ 'ਚ ਮਾਨਸੂਨ ਦੀ ਦੇਰੀ ਅਤੇ ਮੀਂਹ ਦੇ ਅਸਮਾਨ ਵੰਡ ਦਾ ਅਸਰ ਝੋਨੇ ਦੀ ਖੇਤੀ 'ਤੇ ਪਿਆ ਹੈ। ਕੁਝ ਖੇਤਰਾਂ 'ਚ ਘੱਟ ਮੀਂਹ ਕਾਰਨ ਕਿਸਾਨਾਂ ਨੇ ਬਾਸਮਤੀ ਦੀ ਖੇਤੀ ਦਾ ਰਕਬਾ ਘਟਾਇਆ। ਤਾਪਮਾਨ ਵਧਣ ਦਾ ਖਦਸ਼ਾ ਵੀ ਉਤਪਾਦਨ ਲਈ ਚੁਣੌਤੀ ਬਣਿਆ ਹੋਇਆ ਹੈ। ਪੰਜਾਬ 'ਚ ਹਾਲਾਂਕਿ ਬਾਸਮਤੀ ਦੀ ਖੇਤੀ ਦਾ ਰਕਬਾ ਪਿਛਲੇ ਸਾਲ ਦੇ ਆਸ-ਪਾਸ ਹੀ ਬਣਿਆ ਹੋਇਆ ਹੈ। ਪਿਛਲੇ ਸਾਲ ਭਾਰੀ ਮੀਂਹ ਅਤੇ

ਹੜ੍ਹ ਨਾਲ ਫਸਲ ਨੂੰ ਨੁਕਸਾਨ ਹੋਇਆ ਸੀ। ਇਸ ਸਾਲ ਮੌਸਮ ਬਿਹਤਰ ਰਹਿਣ 'ਤੇ ਰਾਜ 'ਚ ਉਤਪਾਦਨ ਵਧਣ ਦੀ ਉਮੀਦ ਹੈ। ਭਾਰਤੀ ਬਾਸਮਤੀ ਦਾ ਅੰਤਰਰਾਸ਼ਟਰੀ ਭਾਅ ਫਿਲਹਾਲ ਲੱਗਭਗ 1,160 ਡਾਲਰ ਪ੍ਰਤੀ ਟਨ ਹੈ, ਜੋ ਪਿਛਲੇ ਸਾਲ ਤੋਂ 15-20 ਫੀਸਦੀ ਜ਼ਿਆਦਾ ਹੈ। ਅਪੀਡਾ ਦੇ ਅਨੁਸਾਰ ਮਾਲੀ ਸਾਲ 2025-26 'ਚ ਭਾਰਤ ਨੇ 5.67 ਅਰਬ ਡਾਲਰ ਮੁੱਲ ਦਾ 65.2 ਲੱਖ ਟਨ ਬਾਸਮਤੀ ਬਰਾਮਦ ਕੀਤਾ ਸੀ। ਚਾਲੂ ਮਾਲੀ ਸਾਲ ਦੀ ਅਪ੍ਰੈਲ-ਜੂਨ ਤਿਮਾਹੀ 'ਚ 15.4 ਲੱਖ ਟਨ ਬਾਸਮਤੀ ਦਾ ਬਰਾਮਦ ਹੋਇਆ, ਜਿਸ ਦਾ ਮੁੱਲ 1.44 ਅਰਬ ਡਾਲਰ ਰਿਹਾ। ਪੱਛਮੀ ਏਸ਼ੀਆ ਭਾਰਤੀ ਬਾਸਮਤੀ ਦਾ ਪ੍ਰਮੁੱਖ ਬਾਜ਼ਾਰ ਹੈ। ਉਤਪਾਦਨ 'ਚ ਕਮੀ ਅਤੇ ਗਲੋਬਲ ਮੰਗ ਮਜ਼ਬੂਤ ਰਹਿਣ ਨਾਲ ਕੀਮਤਾਂ ਨੂੰ ਸਹਾਰਾ ਮਿਲਣ ਦੀ ਉਮੀਦ ਹੈ। ਇਸ ਦਾ ਸਿੱਧਾ ਫਾਇਦਾ ਕਿਸਾਨਾਂ ਨੂੰ ਬਿਹਤਰ ਭਾਅ ਦੇ ਰੂਪ 'ਚ ਮਿਲ ਸਕਦਾ ਹੈ।

ਨਸ਼ਿਆਂ ਤੋਂ ਦੂਰ ਰਹਿਣ ਦੇ ਉਪਦੇਸ਼ ਦਿੰਦੀ ਹੈ ਗੁਰਬਾਣੀ: ਕਾਨੂੰਨ ਮੰਤਰੀ ਅਰਜੁਨ ਮੇਘਵਾਲ

ਫਾਜ਼ਿਲਕਾ 25 ਸਤੰਬਰ। ਭਾਰਤੀ ਜਨਤਾ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ 'ਨਸ਼ਾ ਮੁਕਤ ਪੰਜਾਬ ਯਾਤਰਾ' ਦੇ ਤੀਜੇ ਦਿਨ ਅੱਜ ਫਾਜ਼ਿਲਕਾ ਵਿਚ ਸਮਾਗਮ ਕਰਵਾਇਆ ਗਿਆ, ਜਿਸ ਵਿਚ ਦੇਸ਼ ਦੇ ਕਾਨੂੰਨ ਮੰਤਰੀ ਅਰਜੁਨ ਮੇਘਵਾਲ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਦੌਰਾਨ ਮੇਘਵਾਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਅਮਰਦਾਸ ਮਹਾਰਾਜ ਦੀ ਬਾਣੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਗੁਰਬਾਣੀ ਵੀ ਸਾਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੀ ਹੈ। ਉਨ੍ਹਾਂ ਕਿਹਾ ਕਿ ਅੱਜ ਅਸੀਂ ਗੁਰੂਆਂ ਦੀ ਧਰਤੀ 'ਤੇ ਖੜ੍ਹੇ ਹਾਂ, ਜਿਸ ਧਰਤੀ ਨੇ ਸਾਰੀ ਦੁਨੀਆਂ ਨੂੰ ਚੰਗੇ ਰਾਹ 'ਤੇ ਚੱਲਣ ਦੀ ਸਿੱਖਿਆ ਦਿੱਤੀ ਹੈ। ਮੇਘਵਾਲ ਨੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਤੇ ਫ਼ਤਹਿ ਦੀ ਸਾਂਝ ਪਾਉਂਦਿਆਂ ਆਪਣੇ ਭਾਸ਼ਣ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਭਾਜਪਾ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਇਹ ਪ੍ਰੋਗਰਾਮ ਸ਼ੁਰੂ ਕੀਤਾ ਹੈ, ਪਰ ਕੁਝ ਲੋਕ ਇਸ ਨੂੰ ਸਿਆਸਤ ਦੇ ਨਜ਼ਰੀਏ ਨਾਲ ਵੇਖ ਰਹੇ ਹਨ, ਜਦਕਿ ਇਹ ਸਮਾਜਿਕ ਸੁਧਾਰ ਤੇ ਪੰਜਾਬ ਨੂੰ ਬਚਾਉਣ, ਆਉਣ ਵਾਲੀ ਪੀੜ੍ਹੀ ਨੂੰ ਬਚਾਉਣ ਅਤੇ ਪੰਜਾਬ ਨੂੰ ਵਿਕਸਿਤ ਪੰਜਾਬ ਬਣਾਉਣ ਦਾ

ਪ੍ਰੋਗਰਾਮ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਵੇਲੇ ਸਰਕਾਰ ਨੇ ਸਾਰਾ ਢਾਂਚਾ ਹੀ ਖ਼ਰਾਬ ਕਰ ਕੇ ਰੱਖ ਦਿੱਤਾ ਹੈ, ਜਿਸ ਵਿਚ ਪੁਲਸ ਦੇ ਕਈ ਮੁਲਾਜ਼ਮ ਵੀ ਨਸ਼ੇ ਦੇ ਕਾਰੋਬਾਰ ਵਿਚ ਸ਼ਾਮਲ ਹੋ ਚੁੱਕੇ ਹਨ। ਕਾਨੂੰਨ ਮੰਤਰੀ ਨੇ ਆਪਣੇ ਭਾਸ਼ਣ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਕਬੀਰਦਾਸ ਜੀ ਅਤੇ ਰਵਿਦਾਸ ਮਹਾਰਾਜ ਜੀ ਦੇ ਉਪਦੇਸ਼ ਵੀ ਦੱਸੇ ਤੇ ਕੁਝ ਸ਼ਬਦਾਂ ਦਾ ਗਾਇਨ ਵੀ ਕੀਤਾ। ਉਨ੍ਹਾਂ ਕਿਹਾ ਕਿ ਨਸ਼ੇ ਨਾਲ ਸਾਡਾ ਵਿਵੇਕ ਖ਼ਰਾਬ ਹੋ ਜਾਂਦਾ ਹੈਤੇ ਅਸੀਂ ਸਹੀ ਫ਼ੈਸਲੇ ਨਹੀਂ ਲੈ ਪਾਉਂਦੇ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਨਸ਼ੇ ਨੂੰ ਦੂਰ ਕਰਨ ਲਈ ਜਨਤਾ ਦੇ ਨਾਲ ਖੜ੍ਹੀ ਹੈ।

ਹਾਈ ਕੋਰਟਾਂ 'ਚ ਕੇਸਾਂ ਦਾ ਅੰਬਾਰ: 65 ਲੱਖ ਕੇਸ ਪੈਂਡਿੰਗ, ਇਨਸਾਫ਼ ਦੀ ਉਮੀਦ 'ਚ ਬੀਤ ਰਹੇ ਸਾਲ

ਕੌਮੀ ਪਤ੍ਰਿਕਾ

ਨਵੀਂ ਦਿੱਲੀ 25 ਸਤੰਬਰ। ਦੇਸ਼ ਦੀਆਂ ਹਾਈ ਕੋਰਟਾਂ ਵਿਚ ਪੈਂਡਿੰਗ ਕੇਸਾਂ ਦਾ ਅੰਕੜਾ ਕਰੀਬ 65 ਲੱਖ ਤੱਕ ਪਹੁੰਚ ਗਿਆ ਹੈ। 30 ਜੁਲਾਈ, 2026 ਤੱਕ ਉਪਲੱਬਧ ਸਰਕਾਰੀ ਅੰਕੜਿਆਂ ਮੁਤਾਬਕ 25 ਹਾਈ ਕੋਰਟਾਂ ਵਿਚ ਕੁੱਲ 64,66,970 ਮਾਮਲੇ ਪੈਂਡਿੰਗ ਸਨ। ਇਨ੍ਹਾਂ ਵਿਚ 16,17,569 ਮਾਮਲੇ 10 ਸਾਲ ਤੋਂ ਵੱਧ ਪੁਰਾਣੇ ਹਨ। ਅਜਿਹੇ ਵਿਚ ਨਿਆਂ ਲਈ ਅਦਾਲਤ ਪਹੁੰਚੇ ਹਜ਼ਾਰਾਂ ਲੋਕਾਂ ਲਈ ਕੇਸ ਦਾ ਫੈਸਲਾ ਉਨ੍ਹਾਂ ਦੀ ਜ਼ਿੰਦਗੀ ਦੇ ਕਈ ਮਹੱਤਵਪੂਰਨ ਸਾਲਾਂ ਨਾਲ ਜੁੜ ਗਿਆ ਹੈ। ਹਾਈ ਕੋਰਟਾਂ ਵਿਚ ਪੈਂਡਿੰਗ ਮਾਮਲਿਆਂ ਦੀ ਗੰਭੀਰਤਾ ਰਾਜਸਥਾਨ ਦੇ ਜਾਲੋਰ ਜ਼ਿਲੇ ਦੇ ਇਕ ਦਿਹਾੜੀਦਾਰ ਸਿਹਤ ਕਰਮਚਾਰੀ ਦੇ ਮਾਮਲੇ ਤੋਂ ਸਮਝੀ ਜਾ ਸਕਦੀ ਹੈ। 1999 ਵਿਚ ਸੇਵਾ ਸਮਾਪਤ ਹੋਣ ਤੋਂ ਬਾਅਦ ਉਨ੍ਹਾਂ ਨੇ 2004 ਵਿਚ ਰਾਜਸਥਾਨ ਹਾਈ ਕੋਰਟ ਦਾ ਰੁਖ ਕੀਤਾ ਸੀ ਪਰ ਕਰੀਬ 22 ਸਾਲ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਦੀ ਪਟੀਸ਼ਨ 'ਤੇ ਸੁਣਵਾਈ ਨਹੀਂ ਹੋ ਸਕੀ। ਬੁੱਧਵਾਰ ਨੂੰ ਉਨ੍ਹਾਂ ਨੇ ਜਲਦ ਸੁਣਵਾਈ ਦੇ ਨਿਰਦੇਸ਼ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ। ਹਾਈ ਕੋਰਟਾਂ ਵਿਚ ਪੈਂਡਿੰਗ ਮਾਮਲਿਆਂ ਦਾ ਅਸਰ ਸੁਪਰੀਮ ਕੋਰਟ ਵਿਚ ਆਉਣ ਵਾਲੀਆਂ ਪਟੀਸ਼ਨਾਂ 'ਤੇ ਵੀ ਦਿਖਾਈ ਦੇ ਰਿਹਾ ਹੈ। ਕਈ ਪਟੀਸ਼ਨਰ ਸੁਪਰੀਮ ਕੋਰਟ ਤੋਂ ਆਪਣੇ ਮੂਲ ਵਿਵਾਦ ਦਾ ਫੈਸਲਾ ਕਰਵਾਉਣ ਦੀ ਮੰਗ ਨਹੀਂ ਕਰ ਰਹੇ, ਸਗੋਂ ਸਿਰਫ ਸਬੰਧਿਤ ਹਾਈ ਕੋਰਟ ਵਿਚ ਉਨ੍ਹਾਂ ਦੀ ਪੁਰਾਣੀ ਪਟੀਸ਼ਨ 'ਤੇ ਜਲਦ ਸੁਣਵਾਈ ਲਈ ਨਿਰਦੇਸ਼ ਚਾਹੁੰਦੇ ਹਨ। ਰਿਪੋਰਟ ਮੁਤਾਬਕ ਅਜਿਹੇ ਮਾਮਲਿਆਂ ਵਿਚ ਵੱਡੀ ਗਿਣਤੀ ਇਲਾਹਾਬਾਦ ਅਤੇ ਰਾਜਸਥਾਨ ਹਾਈ ਕੋਰਟ ਨਾਲ ਜੁੜੀ ਹੈ। ਜਾਲੋਰ ਦੇ ਸਿਹਤ ਕਰਮੀ ਦੀ ਅਰਜ਼ੀ 'ਤੇ ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੀ ਬੈਂਚ ਨੇ ਹਾਈ ਕੋਰਟ ਦੀ ਸੰਵਿਧਾਨਕ ਸੁਤੰਤਰਤਾ ਅਤੇ ਰੋਸਟਰ ਵਿਵਸਥਾ ਦਾ ਹਵਾਲਾ ਦਿੱਤਾ। ਸੁਪਰੀਮ ਕੋਰਟ ਨੇ ਕਿਹਾ ਕਿ ਪ੍ਰਸ਼ਾਸਨਿਕ ਪੱਧਰ 'ਤੇ ਉਹ ਹਾਈ ਕੋਰਟ ਤੋਂ ਉੱਪਰ ਨਹੀਂ ਹੈ ਅਤੇ ਮਾਮਲਿਆਂ

ਦੀ ਸੂਚੀ ਤੈਅ ਕਰਨ ਦਾ ਅਧਿਕਾਰ ਸਬੰਧਿਤ ਹਾਈ ਕੋਰਟ ਦੇ ਚੀਫ ਜਸਟਿਸ ਕੋਲ ਹੈ। ਅਦਾਲਤ ਨੇ ਪਟੀਸ਼ਨਰ ਨੂੰ ਸਬੰਧਿਤ ਹਾਈ ਕੋਰਟ ਵਿਚ ਹੀ ਜਲਦ ਸੁਣਵਾਈ ਦੀ ਅਰਜ਼ੀ ਦੇਣ ਦੀ ਛੋਟ ਦਿੱਤੀ। ਸੁਪਰੀਮ ਕੋਰਟ ਦੇ ਸਾਹਮਣੇ ਇਕ ਵਿਹਾਰਕ ਸਮੱਸਿਆ ਵੀ ਹੈ। ਜੇਕਰ ਉਹ ਕਿਸੇ ਇਕ ਪੁਰਾਣੇ ਮਾਮਲੇ ਨੂੰ ਹਾਈ ਕੋਰਟ ਵਿਚ ਪਹਿਲ ਦੇ ਆਧਾਰ 'ਤੇ ਸੂਚੀਬੱਧ ਕਰਨ ਦਾ ਨਿਰਦੇਸ਼ ਦਿੰਦਾ ਹੈ ਤਾਂ ਸਮਾਨ ਰੂਪ ਨਾਲ ਲੰਬੇ ਸਮੇਂ ਤੋਂ ਪੈਂਡਿੰਗ ਦੂਜੇ ਮਾਮਲਿਆਂ ਦੀਆਂ ਧਿਰਾਂ ਵੀ ਇਸੇ ਤਰ੍ਹਾਂ ਦੀ ਰਾਹਤ ਦੀ ਮੰਗ ਕਰ ਸਕਦੀਆਂ ਹਨ। ਇਸ ਨਾਲ ਮਾਮਲਿਆਂ ਦੀ ਪਹਿਲ ਤੈਅ ਕਰਨ ਦੀ ਹਾਈ ਕੋਰਟ ਦੀ ਵਿਵਸਥਾ ਪ੍ਰਭਾਵਿਤ ਹੋ ਸਕਦੀ ਹੈ। ਅੰਕੜਿਆਂ ਵਿਚ ਇਲਾਹਾਬਾਦ ਹਾਈ ਕੋਰਟ ਸਭ ਤੋਂ ਉੱਪਰ ਹੈ, ਜਿੱਥੇ 30 ਜੁਲਾਈ ਤੱਕ 12,28,281 ਮਾਮਲੇ ਪੈਂਡਿੰਗ ਸਨ। ਇਸ ਤੋਂ ਬਾਅਦ ਰਾਜਸਥਾਨ ਹਾਈ ਕੋਰਟ ਵਿਚ 7,01,385, ਬੰਬੇ ਹਾਈ ਕੋਰਟ ਵਿਚ 6,43,385, ਮਦਰਾਸ ਹਾਈ ਕੋਰਟ ਵਿਚ 5,69,436 ਅਤੇ ਮੱਧ ਪ੍ਰਦੇਸ਼ ਹਾਈ ਕੋਰਟ ਵਿਚ 4,92,459 ਮਾਮਲੇ ਪੈਂਡਿੰਗ ਸਨ। ਇਲਾਹਾਬਾਦ ਹਾਈ ਕੋਰਟ ਵਿਚ ਹਰੇਕ ਜੱਜ ਜਾਂ ਬੈਂਚ ਦੇ ਸਾਹਮਣੇ ਰੋਜ਼ਾਨਾ ਔਸਤਨ 150 ਤੋਂ 200 ਮਾਮਲੇ ਸੁਣਵਾਈ ਲਈ ਆਉਂਦੇ ਹਨ। ਇਸ ਦੇ ਬਾਵਜੂਦ ਪੈਂਡਿੰਗ ਮਾਮਲਿਆਂ ਦਾ ਭਾਰੀ ਬੋਝ ਘੱਟ ਨਹੀਂ ਹੋ ਰਿਹਾ। ਇਹ ਸਥਿਤੀ ਦੱਸਦੀ ਹੈ ਕਿ ਸਿਰਫ ਰੋਜ਼ਾਨਾ ਵੱਡੀ ਗਿਣਤੀ ਵਿਚ ਮਾਮਲਿਆਂ ਦੀ ਸੁਣਵਾਈ ਹੋਣਾ ਹੀ ਪੈਂਡੈਂਸੀ ਖਤਮ ਕਰਨ ਲਈ ਕਾਫੀ ਨਹੀਂ ਹੈ। ਕੁੱਲ ਪੈਂਡੈਂਸੀ ਵਿਚ ਸਭ ਤੋਂ ਵੱਡੀ ਚਿੰਤਾ ਪੁਰਾਣੇ ਮਾਮਲਿਆਂ ਨੂੰ ਲੈ ਕੇ ਹੈ। 16.17 ਲੱਖ ਤੋਂ ਵੱਧ ਮਾਮਲੇ ਅਜਿਹੇ ਹਨ ਜੋ 10 ਸਾਲ ਤੋਂ ਵੱਧ ਸਮੇਂ ਤੋਂ ਪੈਂਡਿੰਗ ਹਨ। ਇਲਾਹਾਬਾਦ ਹਾਈ ਕੋਰਟ ਵਿਚ ਹੀ ਅਜਿਹੇ ਮਾਮਲਿਆਂ ਦੀ ਗਿਣਤੀ ਕਰੀਬ 4.90 ਲੱਖ, ਜਦਕਿ ਬੰਬੇ ਵਿਚ 1.85 ਲੱਖ, ਰਾਜਸਥਾਨ ਵਿਚ 1.32 ਲੱਖ ਅਤੇ ਮਦਰਾਸ ਵਿਚ ਕਰੀਬ 1.20 ਲੱਖ ਹੈ। ਪੈਂਡੈਂਸੀ ਦਾ ਇਹ ਅੰਕੜਾ ਸਿਰਫ ਕੇਸਾਂ ਦੀ ਗਿਣਤੀ ਨਹੀਂ ਦੱਸਦਾ, ਸਗੋਂ ਉਨ੍ਹਾਂ ਲੱਖਾਂ ਹਮਾਇਤੀਆਂ ਦੇ ਲੰਬੇ ਇੰਤਜ਼ਾਰ ਦੀ ਤਸਵੀਰ ਵੀ ਸਾਹਮਣੇ ਰੱਖਦਾ ਹੈ, ਜਿਨ੍ਹਾਂ ਲਈ ਅਦਾਲਤ ਦਾ ਫੈਸਲਾ ਰੋਜ਼ਗਾਰ, ਜਾਇਦਾਦ, ਪੈਨਸ਼ਨ, ਸੇਵਾ ਵਿਵਾਦ ਜਾਂ ਦੂਜੇ ਅਧਿਕਾਰਾਂ ਨਾਲ ਸਿੱਧੇ ਤੌਰ 'ਤੇ ਜੁੜਿਆ ਹੋ ਸਕਦਾ ਹੈ।

ਸਿਹਤ ਸੇਵਾਵਾਂ ਦੀ ਗੁਣਵੱਤਾ ਅਤੇ ਮਰੀਜ਼ਾਂ ਦੀ ਸਹੂਲਤ ਸਰਕਾਰ ਦੀ ਤਰਜੀਹ : ਕੈਬਨਿਟ ਮੰਤਰੀ ਰਣਬੀਰ ਗੰਗਵਾ

ਕੌਮੀ ਪਤ੍ਰਿਕਾ

ਚੰਡੀਗੜ੍ਹ, 25 ਸਤੰਬਰ - ਕੈਬਨਿਟ ਮੰਤਰੀ ਰਣਬੀਰ ਗੰਗਵਾ ਨੇ ਵੀਰਵਾਰ ਨੂੰ ਹਿਸਾਰ ਦੇ ਸਿਵਲ ਹਸਪਤਾਲ ਬਰਵਾਲਾ ਦਾ ਅਚਨਚੇਤ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਹਸਪਤਾਲ ਵਿੱਚ ਉਪਲਬਧ ਸਿਹਤ ਸੇਵਾਵਾਂ, ਮਰੀਜ਼ਾਂ ਲਈ ਕੀਤੇ ਗਏ ਪ੍ਰਬੰਧਾਂ ਅਤੇ ਵੱਖ-ਵੱਖ ਸਹੂਲਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਹਸਪਤਾਲ ਪ੍ਰਸ਼ਾਸਨ ਅਤੇ ਸਬੰਧਤ ਅਧਿਕਾਰੀਆਂ ਤੋਂ ਸਿਹਤ ਸੇਵਾਵਾਂ ਦੀ ਸਥਿਤੀ ਅਤੇ ਮਰੀਜ਼ਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਹੂਲਤਾਂ ਦੀ ਜਾਣਕਾਰੀ ਲਈ ਅਤੇ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਕੈਬਨਿਟ ਮੰਤਰੀ ਨੇ ਮੈਡੀਕਲ ਸਟਾਫ ਅਤੇ ਅਧਿਕਾਰੀਆਂ ਨੂੰ ਫਟਕਾਰ ਲਗਾਉਂਦਿਆਂ ਕਿਹਾ ਕਿ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਦੇ ਉਪਚਾਰ ਵਿੱਚ ਕੋਤਾਹੀ ਅਤੇ ਲਾਪਰਵਾਹੀ ਬਰਦਾਸ਼ਤਯੋਗ ਨਹੀਂ ਹੈ। ਹਸਪਤਾਲ ਨੂੰ ਸਿਰਫ਼ ਰੈਫਰਲ ਹਸਪਤਾਲ ਨਾ ਬਣਾ ਕੇ ਮਰੀਜ਼ਾਂ ਨੂੰ ਸਿਹਤ ਸੇਵਾਵਾਂ ਦਾ ਹਰ ਸੰਭਵ ਲਾਭ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਦਿਨ-ਰਾਤ ਮਾਹਿਰ ਡਾਕਟਰ ਉਪਲਬਧ ਹੋਣੇ ਚਾਹੀਦੇ ਹਨ। ਇਲਾਜ ਦੀ ਜ਼ਿੰਮੇਵਾਰੀ ਸਿਰਫ਼ ਪੈਰਾਮੈਡੀਕਲ ਸਟਾਫ਼ 'ਤੇ ਨਾ ਛੱਡੀ ਜਾਵੇ। ਸੂਬਾ ਸਰਕਾਰ ਦਾ ਮੁੱਖ ਉਦੇਸ਼ ਆਮ ਲੋਕਾਂ ਨੂੰ ਬਿਹਤਰ, ਸੁਲਭ ਅਤੇ ਗੁਣਵੱਤਾਪੂਰਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਸਰਕਾਰ ਵੱਲੋਂ ਲਗਾਤਾਰ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਹੋਵੇ ਅਤੇ ਉਨ੍ਹਾਂ ਨੂੰ ਸਮੇਂ ਸਿਰ ਜ਼ਰੂਰੀ ਡਾਕਟਰੀ ਸਹੂਲਤਾਂ ਮਿਲਣ। ਨਿਰੀਖਣ ਦੌਰਾਨ ਕੈਬਨਿਟ ਮੰਤਰੀ ਰਣਬੀਰ ਗੰਗਵਾ ਨੇ ਹਸਪਤਾਲ ਦੇ ਵੱਖ-

ਵੱਖ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਸਾਫ਼-ਸਫ਼ਾਈ, ਮਰੀਜ਼ਾਂ ਦੀਆਂ ਸਹੂਲਤਾਂ ਅਤੇ ਸਿਹਤ ਸੇਵਾਵਾਂ ਨਾਲ ਜੁੜੇ ਹੋਰ ਅਹਿਮ ਪਹਿਲੂਆਂ ਬਾਰੇ ਵੀ ਜਾਣਕਾਰੀ ਲਈ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਆਉਣ ਵਾਲੇ ਹਰ ਮਰੀਜ਼ ਨੂੰ ਬਿਹਤਰ ਇਲਾਜ ਅਤੇ ਸਤਿਕਾਰਯੋਗ ਵਿਵਹਾਰ ਮਿਲਣਾ ਚਾਹੀਦਾ ਹੈ। ਨਿਰੀਖਣ ਤੋਂ ਬਾਅਦ ਕੈਬਨਿਟ ਮੰਤਰੀ ਨੇ ਸਿਹਤ ਸੇਵਾਵਾਂ ਨਾਲ ਜੁੜੇ ਅਹਿਮ ਵਿਸ਼ਿਆਂ 'ਤੇ ਮੀਡੀਆ ਨਾਲ ਗੱਲਬਾਤ ਕੀਤੀ। ਉਨ੍ਹਾਂ ਸੂਬਾ ਸਰਕਾਰ ਦੀਆਂ ਜਨ ਹਿੱਤੈਸ਼ੀ ਯੋਜਨਾਵਾਂ ਅਤੇ ਸਿਹਤ ਖੇਤਰ ਨੂੰ ਲੈ ਕੇ ਸਰਕਾਰ ਦੀਆਂ ਤਰਜੀਹਾਂ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਬਿਹਤਰ ਸਿਹਤ ਸੇਵਾਵਾਂ ਤੰਦਰੁਸਤ ਸਮਾਜ ਦੀ ਮਜ਼ਬੂਤ ਨੀਂਹ ਹਨ। ਸਰਕਾਰ ਦੀ ਕੋਸ਼ਿਸ਼ ਹੈ ਕਿ ਸੂਬੇ ਦੇ ਹਰ ਨਾਗਰਿਕ ਨੂੰ ਉਸਦੇ ਘਰ ਨੇੜੇ ਹੀ ਜ਼ਰੂਰੀ ਸਿਹਤ ਸੇਵਾਵਾਂ ਮੁਹੱਈਆ ਹੋਣ ਅਤੇ ਸਿਹਤ ਸੰਸਥਾਵਾਂ ਵਿੱਚ ਸੇਵਾਵਾਂ ਦੀ ਗੁਣਵੱਤਾ ਨੂੰ ਲਗਾਤਾਰ ਬਿਹਤਰ ਬਣਾਇਆ ਜਾਵੇ। ਇਸ ਮੌਕੇ ਨਗਰ ਪ੍ਰੀਸ਼ਦ ਦੇ ਚੇਅਰਮੈਨ ਸ੍ਰੀ ਰਮੇਸ਼ ਬੈਟਰੀਵਾਲਾ, ਸਾਬਕਾ ਚੇਅਰਮੈਨ ਸ੍ਰੀ ਸਤਬੀਰ ਵਰਮਾ, ਸ੍ਰੀ ਰਣਧੀਰ ਸਿੰਘ ਧੀਰੂ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

ਤੇਲ ਟੈਂਕਰ ਨਾਲ ਟੱਕਰ ਤੋਂ ਬਾਅਦ ਗੱਡੀ ਦੀ ਉੱਡੇ ਪਰਖੱਚੇ, ਅੰਬਾਲਾ ਦੀ ਔਰਤ ਸਣੇ ਤਿੰਨ ਮੌਤਾਂ

ਪੰਚਕੂਲਾ 25 ਸਤੰਬਰ। ਪੰਚਕੂਲਾ ਦੇ ਰਾਏਪੁਰਾਣੀ ਇਲਾਕੇ ਦੇ ਪਿੰਡ ਟਾਬਰ ਮੋੜ 'ਤੇ ਐਤਵਾਰ ਦੇਰ ਰਾਤ ਭਿਆਨਕ ਹਾਦਸਾ ਵਾਪਰਿਆ। ਇੱਥੇ ਤੇਜ਼ ਰਫ਼ਤਾਰ ਤੇਲ ਟੈਂਕਰ ਅਤੇ ਕਾਰ ਵਿਚਕਾਰ ਜ਼ੋਰਦਾਰ ਟੱਕਰ ਹੋ ਗਈ। ਹਾਦਸੇ ਵਿੱਚ ਕਾਰ ਸਵਾਰ ਤਿੰਨ ਲੋਕਾਂ ਦੀ ਮੌਤ ਹੋ ਗਈ, ਜਦਕਿ ਦੋ ਲੋਕ ਗੰਭੀਰ ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿੱਚ ਅੰਬਾਲਾ ਦੀ ਇੱਕ ਮਹਿਲਾ ਵੀ ਸ਼ਾਮਲ ਹੈ। ਜ਼ਖ਼ਮੀਆਂ ਨੂੰ ਇਲਾਜ ਲਈ ਪੰਚਕੂਲਾ ਸੈਕਟਰ-6 ਹਸਪਤਾਲ ਪਹੁੰਚਾਇਆ ਗਿਆ, ਜਿੱਥੋਂ ਉਨ੍ਹਾਂ ਨੂੰ ਜੀਐੱਮਸੀਐੱਚ-32 ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਪੁਲਿਸ ਨੂੰ ਦਿੱਤੇ ਬਿਆਨ ਵਿੱਚ ਪਿੰਡ ਰਿਹੋੜ ਵਾਸੀ ਨੀਤਿਨ ਸ਼ਰਮਾ ਨੇ ਦੱਸਿਆ ਕਿ ਐਤਵਾਰ ਰਾਤ ਕਰੀਬ 11:45 ਵਜੇ ਉਹ ਪਿੰਡ ਮੌਲੀ ਤੋਂ ਖਾਣਾ ਖਾ ਕੇ ਆਪਣੀ ਕਾਰ ਰਾਹੀਂ ਰਿਹੋੜ ਜਾ ਰਿਹਾ ਸੀ। ਜਦੋਂ ਉਹ ਪਿੰਡ ਟਾਬਰ ਦੇ ਮੋੜ 'ਤੇ ਪਹੁੰਚਿਆ ਤਾਂ ਪੰਚਕੂਲਾ ਵੱਲੋਂ ਆ ਰਹੀ ਪੰਜਾਬ ਨੰਬਰ ਪੀਬੀ-70-ਐੱਨ-9724 ਕਾਰ ਦੇ ਅੱਗੇ ਹਰਿਆਣਾ ਨੰਬਰ ਐੱਚਆਰ-68-ਡੀ-0858 ਤੇਲ ਟੈਂਕਰ ਜਾ ਰਿਹਾ ਸੀ। ਟੈਂਕਰ ਚਾਲਕ ਨੇ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਨਾਲ ਬਿਨਾਂ ਇੰਡੀਕੇਟਰ ਦਿੱਤੇ ਅਚਾਨਕ ਵਾਹਨ ਨੂੰ ਸੱਜੇ ਪਾਸੇ ਮੋੜ ਦਿੱਤਾ। ਇਸੇ ਦੌਰਾਨ ਪਿੱਛੋਂ ਆ ਰਹੀ ਕਾਰ ਟੈਂਕਰ ਨਾਲ ਜਾ ਟਕਰਾਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਦੇ ਪਰਖੱਚੇ ਉੱਡ ਗਏ ਅਤੇ ਉਸ ਵਿੱਚ ਸਵਾਰ ਸਾਰੇ ਲੋਕ ਗੰਭੀਰ ਜ਼ਖ਼ਮੀ ਹੋ ਗਏ। ਹਾਦਸੇ ਤੋਂ ਬਾਅਦ ਮੌਕੇ 'ਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ ਅਤੇ ਪੁਲਿਸ ਵੀ ਪਹੁੰਚ ਗਈ। ਰਾਹਗੀਰਾਂ ਅਤੇ ਈਆਰਵੀ ਦੀ ਮਦਦ ਨਾਲ ਜ਼ਖ਼ਮੀਆਂ ਨੂੰ ਇਲਾਜ ਲਈ ਪੰਚਕੂਲਾ ਸੈਕਟਰ-6 ਹਸਪਤਾਲ ਪਹੁੰਚਾਇਆ ਗਿਆ। ਹਾਦਸੇ ਵਿੱਚ ਦਿਵਿਆ, ਸੰਦੀਪ ਅਤੇ ਮੋਹਨ ਦੀ ਮੌਤ ਹੋ ਗਈ, ਜਦਕਿ ਪੁਸ਼ਕਰ ਅਤੇ ਰਿਸ਼ੀ ਗੰਭੀਰ ਜ਼ਖ਼ਮੀ ਹੋਏ ਹਨ। ਸੋਮਵਾਰ ਨੂੰ ਮ੍ਰਿਤਕਾਂ ਦਾ ਪੋਸਟਮਾਰਟਮ ਕੀਤਾ ਗਿਆ। ਪੁਲਿਸ ਨੇ ਹਾਦਸੇ ਵਿੱਚ ਸ਼ਾਮਲ ਟੈਂਕਰ ਨੂੰ ਕਬਜ਼ੇ ਵਿੱਚ ਲੈ ਕੇ ਉਸ ਦੇ ਚਾਲਕ ਨੂੰ ਵੀ ਕਾਬੂ ਕਰ ਲਿਆ ਹੈ। ਪੁਲਿਸ ਨੇ ਮੁਲਜ਼ਮ ਚਾਲਕ ਖ਼?ਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਹਿਮਾਚਲ ਪੁਲਸ ਦੀ ਵੱਡੀ ਕਾਰਵਾਈ ! ਪੰਜਾਬੀ ਨੌਜਵਾਨਾਂ ਸਮੇਤ ਫੜੇ ਗਏ 4 ਨਸ਼ਾ ਤਸਕਰ

ਬਿਲਾਸਪੁਰ 25 ਸਤੰਬਰ। ਹਿਮਾਚਲ ਪ੍ਰਦੇਸ਼ 'ਚ ਨਸ਼ਿਆਂ ਵਿਰੁੱਧ ਪੁਲਸ ਦੀ ਮੁਹਿੰਮ ਜਾਰੀ ਹੈ। ਇਸ ਸਬੰਧੀ ਬਿਲਾਸਪੁਰ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਨੇ ਕੀਰਤਪੁਰ-ਨੇਰਚੌਕ ਚਾਰ-ਮਾਰਗੀ 'ਤੇ ਦੋ ਵੱਖ-ਵੱਖ ਮਾਮਲਿਆਂ 'ਚ ਲਗਭਗ 53 ਗ੍ਰਾਮ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ। ਇਨ੍ਹਾਂ ਕਾਰਵਾਈਆਂ 'ਚ ਪੁਲਸ ਨੇ ਪੰਜਾਬ ਤੇ ਹਿਮਾਚਲ ਪ੍ਰਦੇਸ਼ ਤੋਂ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਝੰਡੂਤਾ ਪੁਲਸ ਸਟੇਸ਼ਨ ਵਿੱਚ ਕੇਸ ਦਰਜ ਕੀਤਾ ਹੈ। ਹੁਣ ਪੁਲਸ ਇਸ ਡਰੱਗ ਨੈੱਟਵਰਕ ਦੀ ਸਪਲਾਈ ਚੇਨ ਨੂੰ ਤੋੜਨ ਲਈ ਪਿਛਲੇ ਲਿੰਕਾਂ ਦੀ ਜਾਂਚ ਕਰ ਰਹੀ ਹੈ। ਪਹਿਲਾ ਪੁਲਸ ਆਪ੍ਰੇਸ਼ਨ ਕੀਰਤਪੁਰ-ਨੇਰਚੌਕ ਚਾਰ-ਮਾਰਗੀ 'ਤੇ ਧਾਰਦਸਾਨੀ ਨੇੜੇ ਹੋਇਆ। ਇੱਕ ਵੋਲਵੋ ਬੱਸ ਦੀ ਰੁਟੀਨ ਚੈਕਿੰਗ ਦੌਰਾਨ ਵਿਸ਼ੇਸ਼ ਜਾਂਚ ਟੀਮ ਨੇ ਦੋ ਨੌਜਵਾਨਾਂ ਤੋਂ ਲਗਭਗ 45 ਗ੍ਰਾਮ ਨਸ਼ੀਲੇ ਪਦਾਰਥ ਬਰਾਮਦ ਕੀਤੇ। ਮੁਲਜ਼ਮਾਂ ਦੀ ਪਛਾਣ ਫਰੈਂਕਲਿਨ (20) ਪੁੱਤਰ ਰਾਜ ਕੁਮਾਰ, ਵਾਸੀ ਇੰਦਰਾ ਕਲੋਨੀ, ਥਾਣਾ ਮਜੀਠਾ ਰੋਡ, ਅੰਮ੍ਰਿਤਸਰ (ਪੰਜਾਬ) ਤੇ ਸਟੀਫਨ (18), ਪੁੱਤਰ ਮਨੂ, ਵਾਸੀ ਗੋਲਡਨ ਐਵੇਨਿਊ, ਥਾਣਾ ਮਜੀਠਾ ਰੋਡ, ਅੰਮ੍ਰਿਤਸਰ (ਪੰਜਾਬ) ਵਜੋਂ ਹੋਈ ਹੈ। ਦੂਜੀ ਕਾਰਵਾਈ ਛੱਤ ਦੇ ਨੇੜੇ ਉਸੇ ਚਾਰ-ਮਾਰਗੀ 'ਤੇ ਕੀਤੀ ਗਈ। ਸ਼ੱਕ ਹੋਣ 'ਤੇ ਪੁਲਸ ਟੀਮ ਨੇ ਇੱਕ ਟੈਕਸੀ ਨੂੰ ਚੈਕਿੰਗ ਲਈ ਰੋਕਿਆ। ਗੱਡੀ ਦੀ ਤਲਾਸ਼ੀ ਲੈਣ 'ਤੇ ਲਗਭਗ 8 ਗ੍ਰਾਮ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ। ਦੋਸ਼ੀਆਂ ਦੀ ਪਛਾਣ ਨਰਿੰਦਰ ਕੁਮਾਰ (29), ਪੁੱਤਰ ਸਵਰਗੀ ਵਿਨਿਆ ਰਾਮ, ਵਾਸੀ ਚੌਂਕ, ਤਹਿਸੀਲ ਬਲਦਵਾਰਾ, ਜ਼ਿਲ੍ਹਾ ਮੰਡੀ ਅਤੇ ਗੁਲਸ਼ਨ (24), ਪੁੱਤਰ ਲਾਲਮਨ, ਵਾਸੀ ਪਿਪਲੀ, ਡਾਕਘਰ ਤਾਰੋਹ, ਤਹਿਸੀਲ ਬਲਹ, ਜ਼ਿਲ੍ਹਾ ਮੰਡੀ ਵਜੋਂ ਹੋਈ ਹੈ। ਬਿਲਾਸਪੁਰ ਦੇ ਪੁਲਸ ਸੁਪਰਡੈਂਟ ਅਭਿਸ਼ੇਕ ਧੀਮਾਨ ਨੇ ਮਾਮਲੇ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਦੋਵਾਂ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਤੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਐਸਪੀ ਨੇ ਸਪੱਸ਼ਟ ਕੀਤਾ ਕਿ ਪੁਲਿਸ ਕਾਰਵਾਈ ਜ਼ਬਤੀਆਂ ਅਤੇ ਗ੍ਰਿਫ਼ਤਾਰੀਆਂ ਤੱਕ ਸੀਮਤ ਨਹੀਂ ਰਹੇਗੀ।

ਐੱਮ.ਐੱਸ.ਐੱਮ.ਈ. ਅਤੇ ਕਾਰੀਗਰਾਂ ਨੂੰ ਮਿਲੇਗਾ ਵੱਡਾ ਬਾਜ਼ਾਰ, ਰਿਆਇਤੀ ਦਰਾਂ 'ਤੇ ਉਪਲਬਧ ਕਰਵਾਏ ਜਾਣਗੇ ਸਟਾਲ ਭਾਰਤ ਮੰਡਪਮ ਵਿੱਚ 14 ਤੋਂ 27 ਨਵੰਬਰ ਤੱਕ ਹੋਵੇਗਾ ਮੇਲੇ ਦਾ ਆਯੋਜਨ

ਕੌਮੀ ਪਤ੍ਰਿਕਾ

ਚੰਡੀਗੜ੍ਹ, 25 ਸਤੰਬਰ—ਹਰਿਆਣਾ ਦੇ ਸਥਾਨਕ ਉਤਪਾਦਾਂ, ਐੱਮ.ਐੱਸ.ਐੱਮ.ਈ. ਅਤੇ ਕਾਰੀਗਰਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਨਾਲ ਜੋੜਨ ਦੇ ਯਤਨਾਂ ਨੂੰ ਅੱਗੇ ਵਧਾਉਂਦੇ ਹੋਏ, ਸੂਬਾ ਸਰਕਾਰ 'ਭਾਰਤ ਅੰਤਰਰਾਸ਼ਟਰੀ ਵਪਾਰ ਮੇਲਾ (ਆਈ.ਆਈ.ਟੀ.ਐੱਫ.)-2026' ਵਿੱਚ ਸੂਬੇ ਦੀ ਵਿਆਪਕ ਭਾਗੀਦਾਰੀ ਯਕੀਨੀ ਬਣਾਏਗੀ। ਆਉਣ ਵਾਲੀ 14 ਤੋਂ 27 ਨਵੰਬਰ ਤੱਕ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਲੱਗਣ ਵਾਲੇ ਇਸ ਨਾਮਵਰ ਵਪਾਰ ਮੇਲੇ ਵਿੱਚ ਸੂਬੇ ਦੇ ਐੱਮ.ਐੱਸ.ਐੱਮ.ਈ., ਕਾਰੀਗਰਾਂ ਅਤੇ ਸੂਬੇ ਵਿੱਚ ਤਿਆਰ ਵੱਖ-ਵੱਖ ਉਤਪਾਦਾਂ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ। ਮੇਲੇ ਵਿੱਚ ਛੋਟੇ ਉਦਯੋਗਾਂ ਅਤੇ ਕਾਰੀਗਰਾਂ ਨੂੰ ਰਿਆਇਤੀ ਦਰਾਂ 'ਤੇ ਸਟਾਲ ਉਪਲਬਧ ਕਰਵਾਏ ਜਾਣਗੇ, ਤਾਂ ਜੋ ਉਹ ਆਪਣੇ ਉਤਪਾਦਾਂ ਦਾ ਪ੍ਰਦਰਸ਼ਨ ਅਤੇ ਮਾਰਕੀਟਿੰਗ ਕਰ ਸਕਣ ਅਤੇ ਦੇਸ਼ ਭਰ ਦੇ ਖਰੀਦਦਾਰਾਂ ਤੱਕ ਸਿੱਧੇ ਪਹੁੰਚ ਬਣਾ ਸਕਣ। ਸੂਬੇ ਦੀ ਭਾਗੀਦਾਰੀ ਨਾਲ ਜੁੜੀਆਂ ਤਿਆਰੀਆਂ ਨੂੰ ਲੈ ਕੇ ਅੱਜ ਇੱਥੇ ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੋਗੀ ਦੀ ਪ੍ਰਧਾਨਗੀ ਹੇਠ ਹੋਈ ਟੀ.ਐੱਫ.ਏ.ਐੱਚ. ਦੀ ਗਵਰਨਿੰਗ ਬਾਡੀ ਦੀ 37ਵੀਂ ਮੀਟਿੰਗ ਵਿੱਚ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਵਿੱਚ ਦੱਸਿਆ ਗਿਆ ਕਿ 'ਵਿਕਾਸ ਅਤੇ ਵਿਰਾਸਤ' ਥੀਮ 'ਤੇ ਆਯੋਜਿਤ ਹੋਣ ਵਾਲੇ ਇਸ ਮੇਲੇ ਰਾਹੀਂ ਹਰਿਆਣਾ ਦੇ ਐੱਮ.ਐੱਸ.ਐੱਮ.ਈ. ਅਤੇ

ਕਾਰੀਗਰਾਂ ਨੂੰ ਆਪਣੇ ਉਤਪਾਦਾਂ ਲਈ ਵਿਆਪਕ ਬਾਜ਼ਾਰ ਅਤੇ ਨਵੇਂ ਖਰੀਦਦਾਰਾਂ ਤੱਕ ਪਹੁੰਚ ਬਣਾਉਣ ਦਾ ਅਹਿਮ ਮੌਕਾ ਮਿਲੇਗਾ। ਰਿਆਇਤੀ ਦਰਾਂ 'ਤੇ ਉਪਲਬਧ ਕਰਵਾਏ ਜਾਣ ਵਾਲੇ ਸਟਾਲਾਂ ਨਾਲ ਛੋਟੇ ਉਦਯੋਗਾਂ ਅਤੇ ਕਾਰੀਗਰਾਂ ਨੂੰ ਦੇਸ਼ ਦੇ ਪ੍ਰਮੁੱਖ ਵਪਾਰਕ ਮੰਚਾਂ ਵਿੱਚ ਆਪਣੇ ਉਤਪਾਦਾਂ ਦੀ ਪਛਾਣ ਬਣਾਉਣ, ਗਾਹਕਾਂ ਨਾਲ ਸਿੱਧੇ ਜੁੜਨ ਅਤੇ ਨਵੇਂ ਕਾਰੋਬਾਰੀ ਸੰਪਰਕ ਵਿਕਸਿਤ ਕਰਨ ਵਿੱਚ ਮਦਦ ਮਿਲੇਗੀ। ਇਸ ਨਾਲ ਸੂਬੇ ਵਿੱਚ ਤਿਆਰ ਉਤਪਾਦਾਂ ਦੀ ਮਾਰਕੀਟਿੰਗ ਅਤੇ ਬ੍ਰਾਂਡਿੰਗ ਨੂੰ ਵੀ ਵਧਾਵਾ ਮਿਲੇਗਾ। ਆਈ.ਆਈ.ਟੀ.ਐੱਫ. ਦੌਰਾਨ 22 ਨਵੰਬਰ ਨੂੰ ਭਾਰਤ ਮੰਡਪਮ ਦੇ ਐਂਫੀਥੀਏਟਰ ਵਿੱਚ 'ਹਰਿਆਣਾ ਰਾਜ ਦਿਵਸ' ਦਾ ਆਯੋਜਨ ਕੀਤਾ ਜਾਵੇਗਾ। ਇਸ ਮੌਕੇ ਸੂਬੇ ਦੀ ਉਦਯੋਗਿਕ ਸਮਰੱਥਾ, ਉੱਦਮਤਾ, ਹਸਤਕਲਾ ਅਤੇ ਸਥਾਨਕ ਉਤਪਾਦਾਂ ਦੀ ਵਿਭਿੰਨਤਾ ਅਤੇ ਵਿਰਾਸਤ ਨੂੰ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕਰਨ ਦਾ ਮੌਕਾ ਮਿਲੇਗਾ। ਮੀਟਿੰਗ ਵਿੱਚ ਸਾਲ 2026-27 ਲਈ ਹਰਿਆਣਾ ਵਪਾਰ ਮੇਲਾ ਅਥਾਰਟੀ ਦੇ 4.14 ਕਰੋੜ ਰੁਪਏ ਦੇ ਬਜਟ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਬਜਟ ਰਾਹੀਂ ਅਥਾਰਟੀ ਦੀਆਂ ਵੱਖ-ਵੱਖ ਗਤੀਵਿਧੀਆਂ ਦੇ ਨਾਲ-ਨਾਲ ਦੇਸ਼ ਦੇ ਪ੍ਰਮੁੱਖ ਵਪਾਰ ਮੇਲਿਆਂ ਅਤੇ ਪ੍ਰਦਰਸ਼ਨੀਆਂ ਵਿੱਚ ਹਰਿਆਣਾ ਦੀ ਭਾਗੀਦਾਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਇਆ ਜਾਵੇਗਾ। ਆਈ.ਆਈ.ਟੀ.ਐੱਫ.-2026 ਤੋਂ ਬਾਅਦ ਵੀ ਸੂਬਾ ਸਰਕਾਰ ਹਰਿਆਣਾ ਦੇ ਉਤਪਾਦਾਂ ਅਤੇ ਉਦਯੋਗਾਂ ਨੂੰ ਦੇਸ਼ ਦੇ ਵੱਖ-ਵੱਖ ਬਾਜ਼ਾਰਾਂ ਤੱਕ ਪਹੁੰਚਾਉਣ ਲਈ ਪ੍ਰਮੁੱਖ ਵਪਾਰਕ ਸਮਾਗਮਾਂ ਵਿੱਚ ਭਾਗੀਦਾਰੀ ਜਾਰੀ ਰੱਖੇਗੀ। ਆਉਣ ਵਾਲੀ 9 ਤੋਂ 11 ਦਸੰਬਰ ਤੱਕ ਮੁੰਬਈ ਵਿੱਚ ਆਯੋਜਿਤ ਹੋਣ ਵਾਲੇ 'ਅੰਨਪੂਰਣਾ ਇੰਟਰ ਫੂਡ-2026' ਵਿੱਚ ਸੂਬੇ ਦੀ ਭਾਗੀਦਾਰੀ ਤੈਅ ਹੈ। ਇਸ ਦਾ ਆਯੋਜਨ ਫਿੱਕੀ ਅਤੇ ਖਾਧ ਪ੍ਰੋਸੈਸਿੰਗ ਉਦਯੋਗ ਮੰਤਰਾਲੇ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਇਸੇ ਲੜੀ ਵਿੱਚ ਜਨਵਰੀ 2027 ਵਿੱਚ ਗੁਹਾਟੀ ਵਿੱਚ ਆਯੋਜਿਤ ਹੋਣ ਵਾਲੇ 'ਈਸਟ ਹਿਮਾਲੀਅਨ ਐਕਸਪੋ' ਵਿੱਚ ਵੀ ਸੂਬੇ ਦੀ ਭਾਗੀਦਾਰੀ ਤੈਅ ਹੈ। ਇਹ ਭਾਰਤ ਵਪਾਰ ਪ੍ਰੋਤਸਾਹਨ ਸੰਗਠਨ ਵੱਲੋਂ ਆਯੋਜਿਤ ਬਹੁ-ਉਤਪਾਦ ਪ੍ਰਦਰਸ਼ਨੀ ਹੈ। ਇਸ ਤੋਂ ਬਾਅਦ ਮਾਰਚ 2027 ਵਿੱਚ ਭਾਰਤ ਮੰਡਪਮ, ਨਵੀਂ ਦਿੱਲੀ ਵਿੱਚ ਆਯੋਜਿਤ ਹੋਣ ਵਾਲੇ 'ਆਹਾਰ ਇੰਟਰਨੈਸ਼ਨਲ ਫੇਅਰ-2027' ਵਿੱਚ ਵੀ ਹਰਿਆਣਾ ਦੀ ਭਾਗੀਦਾਰੀ ਪ੍ਰਸਤਾਵਿਤ ਹੈ। ਮੀਟਿੰਗ ਵਿੱਚ ਉਦਯੋਗ ਅਤੇ ਵਣਜ ਵਿਭਾਗ ਦੇ ਡਾਇਰੈਕਟਰ ਜਨਰਲ ਸ਼੍ਰੀ ਯਸ਼ ਗਰਗ, ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਡਾ. ਆਦਿਤਿਆ ਦਹੀਆ, ਹਰਿਆਣਾ ਵਪਾਰ ਮੇਲਾ ਅਥਾਰਟੀ ਦੇ ਪ੍ਰਸ਼ਾਸਕ ਸ਼੍ਰੀ ਵਿਨੈ ਪ੍ਰਤਾਪ ਸਿੰਘ ਅਤੇ ਵਿੱਤ ਵਿਭਾਗ ਦੇ ਵਧੀਕ ਸਕੱਤਰ ਸ਼੍ਰੀ ਮਨੋਜ ਖੱਤਰੀ ਵੀ ਮੌਜੂਦ ਸਨ।